

ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ
ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ
(ਡਾ. ਜੀ. ਸੀ. ਕੌਲ ਦਾ ਲੇਖ ਦੇਖੋ ਸਫਾ 29-30 'ਤੇ)

13ਵਾਂ ਸਾਲ


# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 52
April 2, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



52 ਕਵੀਆਂ ਵਿਚੋਂ ਇਕ ਭਾਈ ਨੰਦ ਲਾਲ ਗੋਯਾ
(ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਲੇਖ ਦੇਖੋ ਸਫਾ 18 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

### ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਾਰਪਿਤ

## ਚੌਥਾ ਮਹਾਨ ਨਗਰ ਕੀਰਤਨ 6 ਅਪ੍ਰੈਲ 2025 ਨੂੰ ਯੂਬਾ ਸਿਟੀ 'ਚ ਮਨਾਇਆ ਜਾਵੇਗਾ




ਫਾਇਲ ਚਿੱਤਰ



ਫਾਇਲ ਚਿੱਤਰ

*ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦੀਆਂ ਝਲਕੀਆਂ*

**ਯੂਬਾ ਸਿਟੀ (ਚੁੰਬਰ)** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸੰਗਤਾਂ ਦੇ ਸਹਿਯੋਗ ਨਾਲ 6 ਅਪ੍ਰੈਲ 2025 ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ 4 ਵਜੇ ਤੱਕ ਮਨਾਏ ਜਾ ਰਹੇ ਹਨ। 5 ਅਪ੍ਰੈਲ ਨੂੰ ਸ਼ਾਮੀ 3:30 ਵਜੇ ਦੁਪਹਿਰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਜਾਵੇਗੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 10 ਮਾਰਚ ਦਿਨ ਸੋਮਵਾਰ ਤੋਂ ਆਰੰਭ ਹੋ ਚੁੱਕੀ ਹੈ ਅਤੇ 6 ਅਪ੍ਰੈਲ ਦਿਨ ਐਤਵਾਰ ਤੱਕ ਚੱਲੇਗੀ। ਸਮੂਹ ਸਾਧ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਮਿਤੀ 4 ਅਪ੍ਰੈਲ 2025 ਦਿਨ ਸ਼ੁੱਕਰਵਾਰ ਨੂੰ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 6 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ, ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ, ਜਿਸ ਦੌਰਾਨ ਭਾਈ ਸਾਹਿਬ ਭਾਈ ਓਂਕਾਰ ਸਿੰਘ ਜੀ ਊਨਾ ਸਾਹਿਬ ਵਾਲੇ, ਭਾਈ ਅਤਮਯੋਤ ਸਿੰਘ ਜੀ ਯੂਬਾ ਸਿਟੀ ਵਾਲੇ ਅਤੇ ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਜਥਾ ਰਸਭਿੰਨਾ ਸ਼ਬਦ ਗਾਇਨ ਕਰਕੇ ਅਤੇ ਭਾਈ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ ਵਾਰਾਂ ਗਾਕੇ ਸੰਗਤਾਂ ਨੂੰ ਨਿਹਾਲ ਕਰਨਗੇ । ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਅਰਵਿੰਦਰ ਸਿੰਘ ਨਾਲ 530 709 7821 ਜਾਂ ਮੁੱਖ ਸੇਵਾਦਾਰ ਸ਼ਿੰਗਾਰਾ ਸਿੰਘ ਰੱਲ੍ਹ ਨਾਲ 530 713 1823, ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468 ਜਾਂ ਗੁਰੂਘਰ ਦਾ ਫੂਨ 530 674 2564 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਦੇ ਖੇਤੀਬਾੜੀ ਉਤਪਾਦਨਾਂ 'ਤੇ ਸੌ ਫੀਸਦੀ ਟੈਕਸ ਲਗਾਇਆ

## ਘਰੇਲੂ ਕਿਸਾਨਾਂ ਦੇ ਹਿਤਾਂ ਲਈ ਭਾਰਤ ਵੱਲੋਂ ਅਮਰੀਕਾ ਅੱਗੇ ਨਾ ਝੁਕਣ ਦਾ ਫੈਸਲਾ

**ਨਿਊਯਾਰਕ (ਬਿਊਰੋ)–** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਭਾਰਤ ਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਖੇਤੀਬਾੜੀ ਉਤਪਾਦਾਂ 'ਤੇ ਸੌ ਫੀਸਦੀ ਟੈਕਸ ਲਾਏ ਜਾਂਦੇ ਹਨ ਜਿਸ ਕਾਰਨ ਅਮਰੀਕਾ ਵਲੋਂ ਇਨ੍ਹਾਂ ਦੇਸ਼ਾਂ ਵਿਚ ਬਰਾਮਦ ਕਰਨਾ ਲਗਪਗ ਅਸੰਭਵ ਹੋ ਜਾਂਦਾ ਹੈ ਜਿਸ ਕਰ ਕੇ ਅਮਰੀਕਾ ਵਲੋਂ ਵੀ ਭਾਰਤ ਦੇ ਖੇਤੀਬਾੜੀ ਉਤਪਾਦਾਂ 'ਤੇ ਸੌ ਫੀਸਦੀ ਟੈਕਸ ਲਾਇਆ ਜਾਵੇਗਾ ਜੋ ਦੋ ਅਪਰੈਲ ਤੋਂ ਲਾਗੂ ਹੋ ਗਿਆ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਟੈਕਸ ਆਰਜ਼ੀ ਤੌਰ 'ਤੇ ਲਾਏ ਗਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਭਾਰਤ ਵਲੋਂ ਲਾਏ ਜਾਂਦੇ ਟੈਕਸਾਂ ਦੇ ਇਵਜ਼ ਵਿਚ ਦੋ ਅਪਰੈਲ ਤੋਂ ਖੇਤੀਬਾੜੀ ਉਤਪਾਦਾਂ 'ਤੇ ਅਜਿਹਾ ਸੌ ਫੀਸਦੀ ਟੈਕਸ ਲਾਉਣ ਦੀ ਯੋਜਨਾ ਬਣਾ ਰਹੇ ਹਨ ਤਾਂ ਕਿ ਅਮਰੀਕੀ ਵਸਤਾਂ ਦੀ ਬਰਾਮਦ ਨੂੰ ਮਾਰਕੀਟ ਵਿਚ ਟਿਕੇ ਰਹਿਣ ਲਈ ਯਕੀਨੀ ਬਣਾਇਆ ਜਾ ਸਕੇ।




ਟਰੰਪ ਨੇ ਕਿਹਾ ਕਿ ਭਾਰਤ ਅਮਰੀਕੀ ਖੇਤੀਬਾੜੀ ਉਤਪਾਦਾਂ 'ਤੇ 100 ਪ੍ਰਤੀਸ਼ਤ ਟੈਰਿਫ ਲਗਾਉਂਦਾ ਹੈ ਅਤੇ ਦੂਜੇ ਦੇਸ਼ਾਂ ਦੁਆਰਾ ਲਗਾਈਆਂ ਗਈਆਂ ਉੱਚ ਡਿਊਟੀਆਂ ਅਮਰੀਕੀ ਉਤਪਾਦਾਂ ਨੂੰ ਉਨ੍ਹਾਂ ਦੇਸ਼ਾਂ ਨੂੰ ਨਿਰਯਾਤ ਕਰਨਾ "ਲਗਭਗ ਅਸੰਭਵ" ਬਣਾਉਂਦੀਆਂ ਹਨ।

**'ਟਾਈਟ ਫਾਰ ਟੈਟ' ਟੈਰਿਫ ਲੱਗੇਗਾ**

ਅਮਰੀਕੀ ਰਾਸ਼ਟਰਪਤੀ ਨੇ ਵਾਰ-ਵਾਰ ਭਾਰਤ ਅਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਸਾਮਾਨਾਂ 'ਤੇ ਲਗਾਏ ਗਏ ਉੱਚ ਟੈਰਿਫਾਂ ਦੀ ਆਲੋਚਨਾ ਕੀਤੀ ਹੈ। ਟਰੰਪ ਦੀ ਯੋਜਨਾ 2 ਅਪ੍ਰੈਲ ਨੂੰ ਟਿੱਟ-ਫੋਰ-ਟੈਟ ਟੈਰਿਫ (ਪਰਸਪਰ ਟੈਰਿਫ) ਲਗਾਉਣਾ ਸ਼ੁਰੂ ਕਰਨ ਦੀ ਹੈ, ਜੋ ਕਿ ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਲਈ "ਮੁਕਤੀ ਦਿਵਸ" ਹੋਵੇਗਾ।

**ਟੈਕਸਾਂ ਤੋਂ ਮੁਕਤੀ ਦਾ ਦਿਨ ਨੇੜੇ ਆ ਰਿਹੈ: ਟਰੰਪ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਬੁੱਧਵਾਰ (2 ਅਪਰੈਲ) ਨੂੰ ਉਹ ਟੈਰਿਫ ਦੀ ਲੜੀ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ ਤੇ ਇਹ ਦਿਨ ਅਮਰੀਕੀਆਂ ਲਈ ਟੈਕਸ ਤੋਂ 'ਮੁਕਤੀ ਦਿਵਸ' ਹੋਵੇਗਾ ਜੋ ਅਮਰੀਕਾ ਨੂੰ ਵਿਦੇਸ਼ੀ ਵਸਤਾਂ ਤੋਂ ਆਜ਼ਾਦ ਕਰ ਦੇਵੇਗਾ। ਟਰੰਪ ਵੱਲੋਂ ਐਲਾਨੇ ਜਾਣ ਵਾਲੇ ਦਰਾਮਦ ਟੈਕਸਾਂ ਦੇ ਅਗਲੇ ਦੌਰ ਦੇ ਵੇਰਵੇ ਅਜੇ ਵੀ ਸਪੱਸ਼ਟ ਨਹੀਂ ਹਨ। ਕਈ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਔਸਤ ਅਮਰੀਕੀ ਪਰਿਵਾਰਾਂ ਨੂੰ ਉੱਚ ਕੀਮਤਾਂ ਤੇ ਘੱਟ ਆਮਦਨ ਦੇ ਰੂਪ 'ਚ ਉਨ੍ਹਾਂ ਦੇ ਟੈਰਿਫ ਦੀ ਲਾਗਤ ਝੱਲਣੀ ਪਵੇਗੀ। ਦੂਜੇ ਪਾਸੇ ਟਰੰਪ ਵ੍ਹਾਈਟ ਹਾਊਸ 'ਚ ਕਈ ਸੀਈਓਜ਼ ਨੂੰ ਸੱਦਾ ਦੇ ਰਹੇ ਹਨ ਤੇ ਕਹਿ ਰਹੇ ਹਨ ਉਹ ਦਰਾਮਦ ਟੈਕਸਾਂ ਤੋਂ ਬਚਣ ਲਈ ਨਵੇਂ ਪ੍ਰਾਜੈਕਟਾਂ 'ਚ ਸੈਂਕੜੇ ਅਰਬ ਡਾਲਰ ਦਾ ਨਿਵੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿ ਜੇ ਟਰੰਪ ਨੂੰ ਲਗਦਾ ਹੈ ਕਿ ਉਹ ਟੈਰਿਫ ਲਾਗੂ ਕਰਨ ਤੋਂ ਬਾਅਦ ਕੋਈ ਸੌਦਾ ਕਰ ਸਕਦੇ ਹਨ ਤਾਂ ਸੰਭਾਵਨਾ ਹੈ ਕਿ ਇਹ ਟੈਰਿਫ ਘੱਟ ਸਮੇਂ ਲਈ ਹੋਣ।

# ਲੋਕ ਸਭਾ 'ਚ ਹੰਗਾਮਿਆਂ ਵਿਚਕਾਰ ਪੇਸ਼ ਹੋ ਗਿਆ ਵਕ਼ਫ ਬਿੱਲ

**ਨਵੀਂ ਦਿੱਲੀ (ਬਿਊਰੋ)** ਵਕਫ਼ ਸੋਧ ਬਿੱਲ ਬੁੱਧਵਾਰ, 2 ਅਪ੍ਰੈਲ ਨੂੰ ਲੋਕ ਸਭਾ ਵਿੱਚ ਪੇਸ਼ ਕਰ ਦਿੱਤਾ ਗਿਆ। ਲੋਕ ਸਭਾ ਵਿੱਚ ਵਕਫ਼ ਬਿੱਲ ਪੇਸ਼ ਕਰਨ ਤੋਂ ਪਹਿਲਾਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸਾਰੇ ਲੋਕ ਸਭਾ ਸੰਸਦ ਮੈਂਬਰਾਂ ਨੂੰ 2 ਅਪ੍ਰੈਲ ਨੂੰ ਸੰਸਦ ਵਿੱਚ ਮੌਜੂਦ ਰਹਿਣ ਲਈ ਇੱਕ ਵ੍ਹਿਪ ਜਾਰੀ ਕੀਤਾ ਹੈ। ਇੱਥੇ, ਵਿਰੋਧੀ ਧਿਰ ਨੇ ਇਸ ਬਿੱਲ 'ਤੇ ਚਰਚਾ ਲਈ 12 ਘੰਟੇ ਦੀ ਮੰਗ ਕੀਤੀ ਸੀ। ਬੁੱਧਵਾਰ ਨੂੰ ਲੋਕ ਸਭਾ ਵਿੱਚ ਬਿੱਲ ਪੇਸ਼ ਹੋਣ ਤੋਂ ਪਹਿਲਾਂ ਭਾਜਪਾ ਨੇਤਾਵਾਂ ਦੀਆਂ ਪ੍ਰਤੀਕਿਰਿਆਵਾਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਹਰ ਚੰਗੇ ਕੰਮ ਦਾ ਵਿਰੋਧ ਹੁੰਦਾ ਹੈ। ਇਸੇ ਤਰ੍ਹਾਂ ਵਕਫ਼ ਸੋਧ ਬਿੱਲ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਪੁੱਛਿਆ ਕਿ ਕੀ ਵਕਫ਼ ਬੋਰਡ ਨੇ ਮੁਸਲਮਾਨਾਂ ਦੀ ਕੋਈ ਭਲਾਈ ਕੀਤੀ ਹੈ? ਯੋਗੀ ਨੇ ਅੱਗੇ ਕਿਹਾ ਕਿ ਇਸ ਵਿੱਚ ਸੁਧਾਰ ਲਈ ਸਮੇਂ ਦੀ ਲੋੜ ਹੈ। ਵਕਫ਼ ਬੋਰਡ ਨਿੱਜੀ ਹਿੱਤਾਂ ਅਤੇ ਸਰਕਾਰੀ ਜ਼ਮੀਨ 'ਤੇ ਜ਼ਬਰਦਸਤੀ ਕਬਜ਼ੇ ਦਾ ਸਾਧਨ ਬਣ ਗਿਆ ਹੈ। ਇਸ ਦੇ ਨਾਲ ਹੀ ਵਕਫ਼ ਸੋਧ ਬਿੱਲ 'ਤੇ ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਵਕਫ਼ ਸੋਧ ਬਿੱਲ ਨੂੰ ਲੈ ਕੇ ਗਲਤਫਹਿਮੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਕਾਂਗਰਸ ਅਤੇ ਹੋਰ ਪਾਰਟੀਆਂ ਮੁਸਲਮਾਨਾਂ ਨੂੰ ਗੁੰਮਰਾਹ ਕਰਨ ਅਤੇ ਭੜਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਜਿਸ ਤਰ੍ਹਾਂ ਸੀਏਏ ਬਾਰੇ ਮੁਸਲਮਾਨਾਂ ਨੂੰ ਗੁੰਮਰਾਹ ਕੀਤਾ ਗਿਆ ਸੀ ਅਤੇ ਸ਼ਾਹੀਨ ਬਾਗ ਵਿੱਚ ਵਿਰੋਧ ਪ੍ਰਦਰਸ਼ਨ ਹੋਏ ਸਨ, ਉਸੇ ਤਰ੍ਹਾਂ ਉਹੀ ਲੋਕ ਵਕਫ਼ ਐਕਟ ਬਾਰੇ ਮੁਸਲਮਾਨਾਂ ਨੂੰ ਗੁੰਮਰਾਹ ਕਰ ਰਹੇ ਹਨ।





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com



Cell (510) 368-3983



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs

**Guru Piyari Saadh Sangat Ji:**
**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**April 13, 2025**
**Baisakhi Celebrations**

Baisakhi commemorates the initiation of the Khalsa Panth by Sahib-E-Kamal, Guru Gobind Singh ji in 1699. It's also the harvest celebration in Punjab. It is an occasion for social gatherings, celebrations and religious praise. Akhand Path will start on Friday April 11,2025 at 10:00 AM and will conclude with Bhog ceremony on Sunday April 13, 2025. Kirtani Jatha of Bhai Baljit Singh from San Jose and Bhai Balwinder Singh will delight Sangat with Shabad Kirtan. **May Guru Sahib bless His Sangat with peace and prosperity**.

**April 20, 2025**
**Birthday Celebration of**
**Babasaheb Dr. Bhim Rao Ambedkar**

Sri Sukhmani Sahib Path and Langar Sewa will be hosted by Sangat to celebrate 135th birth anniversary of Bharat Ratna Dr. B. R. Ambedkar.

**June 27-28-29, 2025**
**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA**
**TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruinravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

## ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥



### ਧੰਨ ਧੰਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿੱਟੀ ਵਿਖੇ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਦੇ 648 ਸਾਲਾ ਪ੍ਰਕਾਸ਼ ਦਿਹਾੜੇ
ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

**ਮਿਤੀ 6 ਅਪ੍ਰੈਲ 2025 ਦਿਨ ਐਤਵਾਰ ਸਵੇਰ 11 ਵਜੇ ਤੋਂ 4 ਵਜੇ ਤੱਕ**

ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਅਰੰਭ ਮਿਤੀ 10 ਮਾਰਚ ਦਿਨ ਸੋਮਵਾਰ 2025 ਤੋਂ 6 ਅਪ੍ਰੈਲ ਦਿਨ ਐਤਵਾਰ ਤੱਕ
ਸਮੂਹ ਸਾਧ ਸੰਗਤਾਂ ਵਲੋਂ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 4 ਅਪ੍ਰੈਲ 2025 ਦਿਨ ਸ਼ੁੱਕਰਵਾਰ
ਭੋਗ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 6 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ ਉਪਰੰਤ 11 ਵਜੇ
ਨਗਰ ਕੀਰਤਨ ਦੀ ਆਰੰਭਤਾ ਹੋਵੇਗੀ।

**ਨੋਟ: ਨਿਸ਼ਾਨ ਸਾਹਿਬ ਜੀ ਦੀ ਸੇਵਾ 5 ਅਪ੍ਰੈਲ 2025 ਸਮਾਂ 3:30 ਵਜੇ ਦੁਪਹਿਰ**

### ਪਹੁੰਚ ਰਹੇ ਰਾਗੀ ਜੱਥੇ


ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਜੱਥਾ


ਭਾਈ ਆਤਮਜੋਤ ਸਿੰਘ ਯੂਬਾ ਸਿੱਟੀ


ਭਾਈ ਓਂਕਾਰ ਸਿੰਘ ਊਨਾ ਸਾਹਿਬ ਵਾਲੇ


ਭਾਈ ਗੁਰਨਾਮ ਸਿੰਘ ਭੰਡਾਲ

### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।

ਹੈੱਡ ਗ੍ਰੰਥੀ ਭਾਈ ਅਰਵਿੰਦ ਸਿੰਘ 530 709 7821
ਫੋਨ ਗੁਰੂ ਘਰ: 530 674 2564

ਮੁੱਖ ਸੇਵਾਦਾਰ: ਸ਼ਿੰਗਾਰਾ ਸਿੰਘ (ਰੱਲ) 530 713 1823
ਚੇਅਰਮੈਨ: ਗੁਰਨਾਮ ਸਿੰਘ ਭੰਡਾਲ 530 218 4468

**ਕੈਸ਼ੀਅਰ**
ਰਾਮ ਸੇਵਕ ਭਾਟੀਆ: 530-649-5794

**ਜਨਰਲ ਸਕੱਤਰ**
ਡਾ: ਜਗਮੇਲ ਸਿੰਘ ਰਾਏ: 551-697-4769

**ਸਟਾਲ ਲਗਾਉਣ ਵਾਸਤੇ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ**

# SHRI GURU RAVIDASS TEMPLE

**1480 HAYNE AVE YUBA CITY, CA 95993**

Design by: Sneh Press Adampur, Punjab, India sneh_cards

# ਭਾਰਤੀ ਵਿਦਿਆਰਥਣ ਤੇ ਸਕਾਲਰ ਸ੍ਰੀਨਿਵਾਸਨ ਨੇ ਅੱਤਵਾਦ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ

## ਕੋਲੰਬੀਆ ਯੂਨੀਵਰਸਿਟੀ ਤੋਂ ਨਿਆਂ ਦੀ ਕੀਤੀ ਮੰਗ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਵਿਦਿਆਰਥਣ ਤੇ ਫੁੱਲਬਰਾਈਟ ਸਕਾਲਰ ਰੰਜਨੀ ਸ੍ਰੀਨਿਵਾਸਨ ਜਿਸ ਨੂੰ ਹਮਾਸ ਦਾ ਸਮਰਥਨ ਕਰਨ ਦੇ ਕਥਿੱਤ ਦੋਸ਼ਾਂ ਕਾਰਨ ਵੀਜ਼ਾ ਰੱਦ ਕਰ ਦੇਣ ਉਪਰੰਤ ਮਜਬੂਰਨ ਕੈਨੇਡਾ ਸ਼ਰਨ ਲੈਣੀ ਪਈ ਸੀ, ਨੇ ਉਸ ਉਪਰ ਲਾਏ ਅੱਤਵਾਦ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕੋਲੰਬੀਆ ਯੂਨੀਵਰਸਿਟੀ ਤੋਂ ਨਿਆਂ ਦੀ ਮੰਗ ਕੀਤੀ ਹੈ। ਸ਼ਹਿਰੀ ਯੋਜਨਾਬੰਦੀ ਵਿਚ ਪੀ ਐਚ ਡੀ ਵਿਦਿਆਰਥਣ ਨੇ ਅਲ ਜਜ਼ੀਰਾ ਨਾਲ ਗੱਲਬਾਤ ਕਰਦਿਆਂ ਆਸ ਪ੍ਰਗਟਾਈ ਹੈ ਕਿ ਯੂਨੀਵਰਸਿਟੀ ਉਸ ਨਾਲ ਨਿਆਂ ਕਰੇਗੀ ਤੇ ਉਸ ਦਾ ਦਾਖਲਾ ਬਹਾਲ ਕਰ ਦੇਵੇਗੀ। ਉਸ ਨੇ ਕਿਹਾ ਕਿ ਮੈਨੂੰ ਕਦੀ ਵੀ ਆਸ ਨਹੀਂ ਸੀ ਕਿ ਯੂਨੀਵਰਸਿਟੀ ਉਸ ਨਾਲ ਅਜਿਹਾ ਵਿਵਹਾਰ ਕਰੇਗੀ ਪਰੰਤੂ ਉਹ ਆਸਵੰਦ ਹੈ ਕਿ ਮੈਨੂੰ ਨਿਆਂ ਮਿਲੇਗਾ। ਇਥੇ



ਜਿਕਰਯੋਗ ਹੈ ਕਿ ਚੇਨਈ ਵਿਚਲੇ ਯੂ ਐਸ ਕੌਂਸਲੇਟ ਦੁਆਰਾ ਈ ਮੇਲ ਰਾਹੀਂ ਉਸ ਦਾ ਵਿਦਿਆਰਥੀ ਵੀਜ਼ਾ ਰੱਦ ਕਰ ਦੇਣ ਦੀ ਜਾਣਕਾਰੀ ਦੇਣ ਉਪਰੰਤ ਸ੍ਰੀਨਿਵਾਸਨ ਗ੍ਰਿਫਤਾਰੀ ਦੇ ਡਰ ਕਾਰਨ ਅਮਰੀਕਾ ਛੱਡ ਕੇ ਕੈਨੇਡਾ ਚਲੀ ਗਈ ਸੀ। ਉਸ ਦਾ ਵਿਸ਼ਵਾਸ਼ ਹੈ ਕਿ ਫਲਸਤੀਨੀਆਂ ਦੇ ਹੱਕਾਂ ਦਾ ਸਮਰਥਨ ਕਰਨ ਤੇ ਇਸਰਾਈਲ ਦੀ ਅਲੋਚਨਾ ਕਰਨ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਸ ਨੇ ਮੰਨਿਆ ਕਿ ਉਸ ਨੇ ਫਲਸਤੀਨ ਪੱਖੀ ਪ੍ਰਦਰਸ਼ਨ ਵਿਚ ਹਿੱਸਾ ਲਿਆ ਸੀ ਪਰੰਤੂ ਉਸ ਨੇ ਨਾਲ ਹੀ ਸਪੱਸ਼ਟ ਕੀਤਾ ਹੈ ਕਿ ਉਹ ਕੋਲੰਬੀਆ ਦੇ ਕਿਸੇ ਵੀ ਸੰਗਠਿਤ ਗਰੁੱਪ ਦੀ ਮੈਂਬਰ ਨਹੀਂ ਹੈ। ਉਸ ਨੇ ਕਿਹਾ ਹੈ ਕਿ ਉਹ ਪੀ ਐਚ ਡੀ ਲਈ ਲੋੜੀਂਦਾ ਸਮੁੱਚਾ ਕੰਮ ਪੂਰਾ ਕਰ ਚੁੱਕੀ ਹੈ ਤੇ ਉਹ ਰਹਿੰਦਾ ਕੰਮ ਪੂਰਾ ਕਰਨਾ ਚਹੁੰਦੀ ਹੈ।

# ਟਰੰਪ ਨੇ ਤੀਸਰੀ ਵਾਰ ਚੋਣ ਲੜਨ ਦੀ ਸੰਭਾਵਨਾ ਨੂੰ ਨਹੀਂ ਕੀਤਾ ਰੱਦ, ਕਿਹਾ ਮੈ ਕੋਈ ਮਜ਼ਾਕ ਨਹੀਂ ਕਰ ਰਿਹਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੀਸਰੀ ਵਾਰ ਚੋਣ ਲੜਨ ਤੋਂ ਇਨਕਾਰ ਨਹੀਂ ਕੀਤਾ ਹੈ ਹਾਲਾਂ ਕਿ ਅਮਰੀਕਾ ਦਾ ਸਵਿਧਾਨ ਕੇਵਲ 2 ਵਾਰ ਹੀ ਰਾਸ਼ਟਰਪਤੀ ਬਣਨ ਦੀ ਇਜਾਜ਼ਤ ਦਿੰਦਾ ਹੈ। ਟਰੰਪ ਨੇ ਐਨ ਬੀ ਸੀ ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਮੈਨੂੰ ਚਹੁੰਦੇ ਹਨ ਪਰੰਤੂ ਮੈ ਉਨਾਂ ਨੂੰ ਕਿਹਾ ਹੈ ਕਿ ਅਜੇ ਅਸੀਂ ਲੰਬਾ ਸਮਾਂ ਤੈਅ ਕਰਨਾ ਹੈ, ਅਜੇ ਸਾਡੀ ਸ਼ੁਰੂਆਤ ਹੈ। ਜਦੋਂ ਉਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਤੀਸਰੀ ਵਾਰ ਚੋਣ ਲੜਣਗੇ ਤਾਂ ਉਨਾਂ ਕਿਹਾ ਕਿ ਇਸ ਸਮੇ ਉਹ ਆਪਣੇ ਮੌਜੂਦਾ ਕਾਰਜਕਾਲ ਵੱਲ ਧਿਆਨ ਕੇਂਦ੍ਰਿਤ ਕਰ ਰਹੇ ਹਨ, ਮੈ ਕੰਮ ਕਰਨਾ ਪਸੰਦ ਕਰਦਾ ਹਾਂ। ਜਦੋਂ ਉਨਾਂ ਨੂੰ ਹੋਰ ਸਪਸ਼ਟ ਕਰਨ ਲਈ ਕਿਹਾ ਗਿਆ ਤਾਂ ਉਨਾਂ ਕਿਹਾ ਮੈ ਕੋਈ ਮਜ਼ਾਕ ਨਹੀਂ ਕਰ ਰਿਹਾ, ਇਸ ਬਾਰੇ ਸੋਚਣਾ ਅਜੇ ਕਾਹਲੀ ਹੋਵੇਗੀ। ਮੈ ਅਜੇ ਤੀਸਰੇ ਕਾਰਜਕਾਲ ਬਾਰੇ ਕੋਈ ਗੱਲ ਨਹੀਂ ਕਰਨੀ ਚਹੁੰਦਾ।

# ਮਿਆਂਮਾਰ ਦੇ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 2,065 ਹੋਈ

**ਮਿਆਂਮਾਰ–** ਮਿਆਂਮਾਰ ਵਿੱਚ ਸ਼ੁੱਕਰਵਾਰ ਨੂੰ ਆਏ 7.7 ਤੀਬਰਤਾ ਵਾਲੇ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 2,065 ਹੋ ਗਈ ਹੈ ਤੇ 3,900 ਤੋਂ ਵੱਧ ਜ਼ਖਮੀ ਹੋਏ ਹਨ। ਇਸ ਵੇਲੇ 270 ਤੋਂ ਵੱਧ ਲਾਪਤਾ ਹਨ। ਇਹ ਜਾਣਕਾਰੀ ਦੇਸ਼ ਦੇ ਸਰਕਾਰੀ ਟੈਲੀਵਿਜ਼ਨ ਚੈਨਲ ਐਮਆਰਟੀਵੀ ਨੇ ਸਾਂਝੀ ਕੀਤੀ ਹੈ। ਜ਼ਿਕਰਯੋਗ ਹੈ ਕਿ ਬਰਮਾ ਦੇ ਨਾਮ ਨਾਲ ਮਸ਼ਹੂਰ ਮਿਆਂਮਾਰ ਲੰਮੇ ਸਮੇਂ ਤੋਂ ਖਾਨਾਜੰਗੀ ਨਾਲ ਜੂਝ ਰਿਹਾ ਹੈ। ਭੂਚਾਲ ਕਾਰਨ ਤਬਾਹੀ ਮਗਰੋਂ ਰਾਹਤ ਤੇ ਬਚਾਅ ਕਾਰਜਾਂ ’ਚ ਕਾਫ਼ੀ ਮੁਸ਼ਕਲ ਆਈ। ਭੂਚਾਲ ਦਾ ਕੇਂਦਰ ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਦੇ ਨੇੜੇ ਸੀ। ਭੂਚਾਲ ਕਾਰਨ ਕਈ ਇਲਾਕਿਆਂ ’ਚ ਇਮਾਰਤਾਂ ਤੇ ਸੜਕਾਂ ਨੁਕਸਾਨੀਆਂ ਗਈਆਂ ਜਦਕਿ ਇੱਕ ਬੰਨ੍ਹ ਟੁੱਟ ਗਿਆ ਸੀ।



# ਸੰਘੀ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਯੂਨੀਵਰਸਿਟੀ ਆਫ ਅਲਾਬਾਮਾ ਵਿਚ ਪੜ ਰਿਹਾ ਇਰਾਨੀ ਵਿਦਿਆਰਥੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੰਘੀ ਇਮੀਗ੍ਰੇਸ਼ਨ ਏਜੰਟਾਂ ਦੁਆਰਾ ਯੂਨੀਵਰਸਿਟੀ ਆਫ ਅਲਾਬਾਮਾ ਵਿਚ ਡਾਕਟੋਰੇਟ ਕਰ ਰਹੇ ਇਕ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਹਾਲਾਂ ਕਿ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਵਿਦਿਆਰਥੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਪਰੰਤੂ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਦੀ ਵੈਬਸਾਈਟ ਉਪਰ ਪਾਈ ਜਾਣਕਾਰੀ ਅਨੁਸਾਰ ਗ੍ਰਿਫਤਾਰ ਵਿਦਿਆਰਥੀ ਅਲੀਰੇਜ਼ਾ ਡੋਰਾਊਦੀ ਹੈ ਜੋ ਇਰਾਨੀ ਨਾਗਰਿਕ ਹੈ। ਯੂ ਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਤੇ ਆਈ ਸੀ ਏ ਨੇ ਮੀਡੀਆ ਦੁਆਰਾ ਪ੍ਰਤੀਕਰਮ ਜਾਣਨ ਲਈ ਕੀਤੀ ਬੇਨਤੀ ਦਾ ਤੁਰੰਤ ਕੋਈ ਜਵਾਬ ਨਹੀਂ ਦਿੱਤਾ ਹੈ। ਅਜੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਵਿਦਿਆਰਥੀ ਨੂੰ ਕਿਸ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ।

ਸਮਝਿਆ ਜਾਂਦਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫਲਸਤੀਨ ਸਮਰਥਕ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਪ੍ਰੋਗਰਾਮ ਤਹਿਤ ਇਹ ਫੜੋਫੜੀ ਕੀਤੀ ਜਾ ਰਹੀ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸ੍ਰੀ ਗੁਰੂ ਰਵਿਦਾਸ ਗੁਰੂਘਰ ਯੂਨੀਅਨ ਸਿਟੀ (ਕੈਲੀਫੋਰਨੀਆ) ਵਿਖੇ ਸ੍ਰੀ ਬਲਜਿੰਦਰ ਸਿੰਘ ਜੱਸੀ ਅਤੇ ਬੀਬੀ ਅਨੀਤਾ ਕੁਮਾਰ ਜੱਸੀ ਪਰਿਵਾਰ ਨੇ ਆਪਣੇ ਸਪੁੱਤਰ ਯਸ਼ਮੀਤ ਸਿੰਘ ਜੱਸੀ ਦੇ 16ਵੇਂ ਜਨਮ ਦਿਨ ਦੀ ਇਸ ਖੁਸ਼ੀ 'ਚ ਵਾਹਿਗੁਰੂ ਦੇ ਸ਼ੁਕਰਾਨੇ ਕੀਤੇ ਗਏ

**ਯੂਨੀਅਨ ਸਿਟੀ (ਡੀ.ਡੀ.ਬੀ.)**- ਬੀਤੇ ਦਿਨ ਐਤਵਾਰ ਮਾਰਚ 30, 2025 ਨੂੰ ਸ੍ਰੀ ਗੁਰੂ ਰਵਿਦਾਸ ਗੁਰੂਘਰ ਯੂਨੀਅਨ ਸਿਟੀ (ਕੈਲੀਫੋਰਨੀਆ) ਵਿਖੇ ਸ੍ਰੀ ਬਲਜਿੰਦਰ ਸਿੰਘ ਜੱਸੀ ਅਤੇ ਬੀਬੀ ਅਨੀਤਾ ਕੁਮਾਰ ਜੱਸੀ ਪਰਿਵਾਰ ਨੇ ਆਪਣੇ ਸਪੁੱਤਰ ਯਸ਼ਮੀਤ ਸਿੰਘ ਜੱਸੀ ਦਾ 16ਵਾਂ ਜਨਮ ਦਿਨ ਮਨਾਇਆ ਅਤੇ ਇਸ ਖੁਸ਼ੀ 'ਚ ਵਾਹਿਗੁਰੂ ਦੇ ਸ਼ੁਕਰਾਨੇ ਕਰਦਿਆਂ ਸੁਖਮਨੀ ਸਾਹਿਬ ਜੀ ਦੇ ਪਾਠ ਕਰੇਇ ਗਏ ਅਤੇ ਲੰਗਰ ਦੀ ਸੇਵਾ ਕੀਤੀ । ਭਾਈ ਸਾਹਿਬ ਭਾਈ ਬਲਦੇਵ ਸਿੰਘ, ਭਾਈ ਜੀਤ ਰਾਮ ਜੀ ਅਤੇ ਬੀਬੀ ਦੇਵੀ ਰਾਣੀ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾਅਤੇ ਧਨ ਧਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਪ੍ਰੀਤਿ ਤੋਂ ਜਾਣੂ ਕਰਾਇਆ।

ਸਰਵਸ੍ਰੀ ਅਮਰੀਕ ਚੰਦ ਲਾਖਾ, ਬਲਬੀਰ ਥਿੰਦ, ਵਿਨੋਦ ਕੁਮਾਰ ਚੁੰਬਰ, ਤਰਲੋਚਨ ਸਿੰਘ ਬੱਧਣ ਅਤੇ ਨਰੇਸ਼ ਕੁਮਾਰ ਗੱਡੂ ਨੇ ਯਸ਼ਮੀਤ ਸਿੰਘ ਦੇ 16ਵੇਂ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਉੱਚਵਿਧਿਆ ਤੇ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਲਈ ਸ਼ੁਭਕਾਮਨਾ ਕੀਤੀਆਂ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸਵਸ਼੍ਰੀ ਅਮਰੀਕ ਚੰਦ ਲਾਖਾ, ਸੁਭਾਸ਼ ਸੁਨੀਆਰੇ, ਬਲਜਿੰਦਰ ਸਿੰਘ ਅਤੇ ਬੀਬੀ ਅਨੀਤਾ ਕੁਮਾਰ ਨੂੰ ਗੁਰੂ ਘਰ ਲਈ ਵੱਡੇ ਵਿੱਤੀ ਯੋਗਦਾਨ ਲਈ ਸਰੋਪਾ ਨਾਲ ਸਨਮਾਨਿਤ ਕੀਤਾ ਗਿਆ। ਸ੍ਰੀ ਨਰੇਸ਼ ਕੁਮਾਰ ਗੱਡੂ ਨੇ ਬਾਖੂਬੀ ਸਟੇਜ ਸੇਵਾ ਨਿਭਾਈ ਅਤੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ ਵਲੋਂ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਕੋਟਿਨ ਕੋਟ ਧੰਨਵਾਦ ਕੀਤਾ। ਗੁਰੂ ਦੇ ਪ੍ਰਸਾਦ ਅਤੇ ਅਤੁੱਟ ਲੰਗਰ ਵਰਤਾਏ ਗਏ।














ਦੇਸ਼ ਦੁਆਬਾ

## ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਲੋੜ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 134ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ ’ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ ’ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਪਰ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ।

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਰੁਚੀ ਤਾਂ ਰੱਖਦੀਆਂ ਹਨ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ ’ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ। ਇਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ। ਅਦਾਰਾ ‘ਦੇਸ਼ ਦੁਆਬਾ’ ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

# ਬਾਬਾ ਸਾਹਿਬ ਅੰਬੇਡਕਰ ਦੇ ਨਾਂ ਇਕ ਖੁੱਲ੍ਹੀ ਚਿੱਠੀ

ਬਹੁਤ ਹੀ ਸਤਿਕਾਰਯੋਗ ਬਾਬਾ ਸਾਹਿਬ ਜੀਓ,
ਜੈ ਭੀਮ, ਜੈ ਭਾਰਤ। ਨੋ ਬੁਧਾਇ।

ਅੱਜ ਤੁਹਾਡੇ 134ਵੇਂ ਜਨਮ ਦਿਨ ’ਤੇ ਤੁਹਾਡੇ ਨਾਲ ਕੁਝ ਗੱਲਾਂ ਕਰਨ ’ਤੇ ਦਿਲ ਉਮੜ ਆਇਆ ਹੈ, ਜਿਸਨੂੰ ਮੈਂ ਰੋਕ ਨਾ ਸਕਿਆ। ਬਾਬਾ ਸਾਹਿਬ ਤੁਹਾਡਾ ਜਨਮ ਦਿਨ ਮਨਾਉਣਾ ਅੱਜ ਪਿੰਡ, ਸ਼ਹਿਰ ਤੋਂਲੈ ਕੇ ਸੂਬਾ ਜਾਂ ਦੇਸ਼ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਦੁਨੀਆਂ ਦੇ ਬਹੁਗਿਣਤੀ ਦੇਸ਼ਾਂ ਵਿਚ ਵੀ ਬੜੀ ਧੂਮ-ਧਾਮ ਨਾਲ ਮਨਾਇਆ ਜਾਣ ਲੱਗ ਪਿਆ ਹੈ। ਸਾਨੂੰ ਮਾਣ ਹੈ ਕਿ ਤੁਹਾਡੀ ਮਿਕਨਾਤੀਸੀ ਸ਼ਖਸੀਅਤ ਦੀ ਖੁਸ਼ਬੋ ਤੇਜ਼ੀ ਨਾਲ ਸਾਰੀ ਦੁਨੀਆਂ ਵਿਚ ਫੈਲ ਰਹੀ ਹੈ। ਸਾਡੇ ਲਈ ਇਹ ਅਤਿਅੰਤ ਖੁਸ਼ੀ ਦੀ ਗੱਲ ਹੈ ਕਿ ਜਿਸਨੂੰ ਕਦੇ ਸਿਰਫ ਅਛੂਤਾਂ ਦਾ ਨੇਤਾ ਕਰਕੇ ਹੀ ਪ੍ਰਚਾਰਿਆ ਗਿਆ ਸੀ, ਅੱਜ ਉਸਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਵਾਲੇ ਸੰਘਰਸ਼ਸ਼ੀਲ ਯੋਧੇ ਨੈਲਸਨ ਮੰਡੇਲਾ (ਦੱਖਣੀ ਅਫਰੀਕਾ ਦੇ ਰਾਸ਼ਟਰਪਤੀ) ਨੇ ਆਪਣੇ ਦੇਸ਼ ਦਾ ਸੰਵਿਧਾਨ ਬਣਾਉਣ ਲੱਗਿਆਂ ਭਾਰਤ ਦੇ ਸੰਵਿਧਾਨ ਤੋਂ ਪ੍ਰੇਰਨਾ ਲਈ ਅਤੇ ਮੰਨਿਆ ਕਿ ਉਸਤੇ ਭਾਰਤ ਦੇ ਮਹਾਨ ਸਪੂਤ ਡਾ. ਅੰਬੇਡਕਰ ਦੇ ਕੰਮ ਅਤੇ ਵਿਚਾਰਾਂ ਦੀ ਡੂੰਘੀ ਛਾਪ ਰਹੇਗੀ। ਉਹਨਾਂ ਨੇ ਹੋਰ ਆਖਿਆ ਕਿ ਸਮਾਜਿਕ ਨਿਆਂ ਅਤੇ ਦੱਬਿਆਂ ਕੁਚਲਿਆਂ ਦੇ ਕਲਿਆਣ ਹਿੱਤ ਡਾ. ਅੰਬੇਡਕਰ ਦੀ ਦੇਣ ਰੀਸ ਕਰਨ ਯੋਗ ਹੈ। ਬਾਬਾ ਸਾਹਿਬ, ਤੁਸੀਂ ਇਕ ਵਾਰੀ ਆਪਣੇ ਜਨਮ ਦਿਨ ’ਤੇ ਸਾਵਧਾਨ ਕੀਤਾ ਸੀ ਕਿ ਖਿਆਲ ਰਹੇ ਕਿ ਜਨਮ ਦਿਨ ਮਨਾਉਣੇ ਨਾਇਕ ਪੂਜਾ ਵਿਚ ਨਾ ਬਦਲਣ। ਸਾਨੂੰ ਇਸਤੋਂ ਪ੍ਰੇਰਨਾ ਲੈ ਲੈਣੀ ਚਾਹੀਦੀ ਹੈ। ਜੌਹਨ ਮੇਜਰ, ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਆਖਿਆ ਸੀ ’’ਉਸ ਵਿਅਕਤੀ ਦਾ ਜਨਮ ਦਿਨ ਮਨਾਉਣਾ ਖਾਸ ਮਹੱਤਵ ਰੱਖਦਾ ਹੈ, ਜਿਸਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਇੰਨੀ ਮਹੱਤਵਪੂਰਨ ਦੇਣ (ਸੰਵਿਧਾਨ) ਦਿੱਤੀ ਅਤੇ ਭਾਰਤ ਦੇ ਆਮ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾਇਆ....।’’



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਬਾਬਾ ਸਾਹਿਬ, ਅੱਜ ਤੁਹਾਡੇ ਕੀਤੇ ਕੰਮਾਂ ਦੀ ਹਰ ਪਾਸੇ ਇੰਨੀ ਗੂੰਜ ਹੈ ਕਿ ਵਿਅਕਤੀਗਤ ਤੌਰ ਤੇ ਕੀ ਹਰ ਸਿਆਸੀ ਪਾਰਟੀ ਵੀ ਤੁਹਾਡਾ ਨਾਂ ਲੈਣਾ ਜ਼ਰੂਰੀ ਸਮਝਦੀ ਹੈ ਤੇ ਇਕ ਤਰ੍ਹਾਂ ਨਾਲ ਇਹ ਉਹਨਾਂ ਦੀ ਮਜਬੂਰੀ ਵੀ ਬਣ ਗਈ ਹੈ। ਇਸ ਸਬੰਧ ਵਿਚ ਕੁਝ ਮਹੀਨੇ ਪਹਿਲਾਂ ਵਾਪਰੀ ਇਕ ਘਟਨਾ ਬਾਰੇ ਤੁਹਾਨੂੰ ਦੱਸਦਾ ਹਾਂ, ਜਿਸਤੋਂ ਪਤਾ ਲੱਗਦਾ ਹੈ ਕਿ ’ਵਿਰੋਧੀ’ ਤੁਹਾਡੇ ਨਾਂ ਦੀ ਗੂੰਜ ਤੋਂ ਕਿੰਨੀ ਬੁਖਲਾਹਟ ਵਿਚ ਆ ਰਹੇ ਹਨ। ਮਿਤੀ 17-12-2024 ਨੂੰ ਭਾਰਤ ਦੇ ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ ਦੀ ਸੱਜੀ ਬਾਂਹ ਆਖੇ ਜਾਂਦੇ ਇਕ ਵੱਡੇ ਨੇਤਾ ਨੇ ਰਾਜ ਸਭਾ ਵਿਚ ਹੱਥ ਲਹਿਰਾਉਂਦਿਆਂ ਆਖਿਆ ਕਿ ’’ਅੱਜ ਅੰਬੇਡਕਰ, ਅੰਬੇਡਕਰ (6 ਵਾਰੀ) ਆਖਣਾ ਇਕ ਫੈਸ਼ਨ ਹੋ ਗਿਆ ਹੈ। ਜੇ ਇੰਨੀ ਵਾਰੀ ਭਗਵਾਨ ਦਾ ਨਾਂ ਲਿਆ ਜਾਵੇ ਤਾਂ ਸੱਤ ਜਨਮਾਂ ਤੱਕ ਸਵਰਗ ਮਿਲ ਜਾਵੇ..।’’ ਬਾਬਾ ਸਾਹਿਬ, ਰਾਜ ਸਭਾ ਵਿਚ ਰੌਲਾ ਪੈ ਗਿਆ ਤੇ ਗ੍ਰਹਿ ਮੰਤਰੀ ਨੂੰ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਉਹਨਾਂ ਨੂੰ ਤੁਰੰਤ ਪ੍ਰੈਸ ਕਾਨਫਰੰਸ ਕਰਕੇ ਵੀ ਆਪਣੀ ਸਫਾਈ ਦੇਣੀ ਪਈ ਅਤੇ ਪ੍ਰਧਾਨ ਮੰਤਰੀ ਨੂੰ ਵੀ ਤਾਬੜਤੋੜ ਛੇ ਟਵੀਟ ਗ੍ਰਹਿ ਮੰਤਰੀ ਦੇ ਹੱਕ ਵਿਚ ਦੇਣੇ ਪਏ। ਪਰ ਲੋਕਾਂ ਦਾ ਗੁੱਸਾ ਘਟਣ ਦੀ ਬਜਾਏ ਵਧਦਾ ਹੀ ਗਿਆ। ਹਰ ਪਾਸੇ ਛੋਟੇ ਵੱਡੇ ਰੋਸ ਮੁਜ਼ਾਹਰੇ ਕਰਕੇ ਲੋਕਾਂ ਨੇ ਆਪਣਾ ਵਿਰੋਧ ਜਤਾਇਆ।

ਬਾਬਾ ਸਾਹਿਬ, ਇੱਥੋਂ ਤੱਕ ਤਾਂ ਠੀਕ ਹੈ ਕਿ ਤੁਹਾਡੇ ਨਾਮ ਲੇਵਾ ਤੁਹਾਡੀ ਵਿਰੋਧਤਾ ਤਾਂ ਕੀ ਤੁਹਾਡੇ ਵੱਲ ਤਿਰਛੀ ਨਜ਼ਰ ਵੀ ਬਰਦਾਸ਼ਤ ਨਹੀਂ ਕਰਦੇ ਪਰ ਉਹ ਇਸ ਸਾਰੇ ਵਰਤਾਰੇ ਨੂੰ ਵੋਟਾਂ ਵੇਲੇ ਆਪਣੇ ਨੁਮਾਇੰਦੇ ਚੁਣਨ ਲੱਗਿਆਂ ਕਿਉਂ ਨਹੀਂ ਵਰਤ ਸਕਦੇ? ਬਾਬਾ ਸਾਹਿਬ ਇਹ ਵੱਡਾ ਸਵਾਲ ਹੈ। ਲੱਗਦਾ ਹੈ ਉਹ ਤੁਹਾਡੇ ਵੱਲੋਂ ਅਣਗਿਣਤ ਮੁਸੀਬਤਾਂ ਤੇ ਔਕੜਾਂ ਝੱਲਦਿਆਂ ਜੋ ਸਾਡੇ ਲਈ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ ਅਸੀਂ ਉਸਦੀ ਅਸਲ ਸ਼ਕਤੀ ਸਮਝਣ ਤੋਂ ਅਸਫਲ ਰਹੇ ਹਾਂ। ਜੇ ਸਮਝ ਗਏ ਹੁੰਦੇ ਤਾਂ ਨਿਰਾ ਰਾਖਵੇਂਕਰਨ ਤੇ ਹੀ ਜ਼ੋਰ ਲਾਉਣ ਦੀ ਬਜਾਏ ਇਕ ਰਾਜਨੀਤਿਕ ਸ਼ਕਤੀ ਬਣ ਕੇ ਆਪਣੀਆਂ ਸਮੱਸਿਆਵਾਂ ਦਾ ਹੱਲ ਆਪ ਕਰਦੇ ਪਰ ਅਸੀਂ ਤਾਂ ਅੱਜ ਵੀ ਮੰਗਣ ਵਾਲੇ ਹੀ ਬਣੇ ਬੈਠੇ ਹਾਂ। ਅਸੀਂ ਰਾਜਨੀਤਿਕ ਸ਼ਕਤੀ ਨੂੰ ’ਮਾਸਟਰ ਕੁੰਜੀ’ ਨਹੀਂ ਬਣਾ ਸਕੇ, ਜਿਸ ਕਰਕੇ ਸਾਡੀਆਂ ਸਮੱਸਿਆਵਾਂ ਸਮਾਪਤ ਹੋਦ ਦੀ ਬਜਾਏ ਵਧਦੀਆਂ ਹੀ ਜਾ ਰਹੀਆਂ ਹਨ। ਅਸੀਂ ਤਾਂ ਆਪਣੇ ਆਪ ਨੂੰ ਮੁਫਤ ਪੰਜ ਕਿਲੋ ਰਾਸ਼ਨ ਤੱਕ ਹੀ ਸੰਤੁਸ਼ਟ ਕਰ ਲਿਆ ਹੈ। ਮੈਨੂੰ ਤਾਂ ਡਰ ਹੈ ਸੱਤਾਧਾਰੀਆਂ ਵੱਲੋਂ ਸਾਨੂੰ ਹੌਲੀ-ਹੌਲੀ ਉਸ ਥਾਂ ’ਤੇ ਖਿਸਕਾਣ ਦੀਆਂ ਕੋਸ਼ਿਸ਼ਾਂ ਸਫਲ ਨਾ ਹੋ ਜਾਣ, ਜਿੱਥੋਂ ਤੁਸੀਂ ਸਾਨੂੰ ਇੰਨੀਆਂ ਮੁਸੀਬਤਾਂ ਸਹਿੰਦਿਆਂ, ਕੁਰਬਾਨੀਆਂ ਦਿੰਦਿਆਂ, ਲੱਖਾਂ ਵਿਰੋਧਤਾਵਾਂ ਦੇ ਬਾਵਜੂਦ ਕੱਢਿਆ ਸੀ।

ਬਾਬਾ ਸਾਹਿਬ, ਵੋਟ ਦੇ ਅਧਿਕਾਰ ਪਿੱਛੇ ਕੀ ਕੁਝ ਛੁਪਿਆ ਹੋਇਆ ਸੀ। ਉਸ ਦੀ ਮਹੱਤਤਾ ਨੂੰ ਸਮਝਾਉਂਦਿਆਂ ਤੁਸੀਂ ਕਦੇ ਆਖਿਆ ਸੀ ਕਿ ’’ਯਕੀਨਨ, ਵੋਟ ਦਾ ਮਤਲਬ ਨਿਰਾ ਵੋਟ ਬਕਸਾ, ਪੋਲਿੰਗ ਬੂਥ, ਚੋਣ ਅਫਸਰਾਂ ਦੀ ਤੈਨਾਤੀ ਹੀ ਨਹੀਂ ਹੈ, ਇਸਦਾ ਭਾਵ ਬਹੁਤ ਮਹੱਤਵਪੂਰਨ ਹੈ। ਇਸਦਾ ਭਾਵ ਆਪਣੀ ਰੱਖਿਆ ਆਪ ਕਰਨ ਦਾ ਅਧਿਕਾਰ ਵੀ ਹੈ, ਇਸਦਾ ਭਾਵ ਆਪਸੀ ਸਾਂਝੇ ਜੀਵਨ ਨੂੰ ਨਿਯਮਿਤ ਕਰਨ ਦੀਆਂ ਸ਼ਰਤਾਂ ਦਾ ਅਧਿਕਾਰ ਵੀ ਹੈ।’’ (ਡਬਲਿਊ ਐਂਡ ਐਸ., ਵਾਲੀਅਮ 2, ਪੰਨਾ 559)। ਜੇ ਅਸੀਂ ਇਸ ਭਾਵ ਨੂੰ ਸਮਝ ਲਿਆ ਹੁੰਦਾ ਤਾਂ ਅੱਜ ਸਾਡੇ ਸਮਾਜ ਨਾਲ ਨਿੱਤ ਅਣਮਨੁੱਖੀ ਵਰਤਾਰੇ ਨਾ ਹੁੰਦੇ, ਸਾਡੀਆਂ ਔਰਤਾਂ ਦੇ ਬਲਾਤਕਾਰ ਨਾ ਹੁੰਦੇ, ਦਿਨ ਦਿਹਾੜੇ ਕਤਲ ਨਾ ਹੁੰਦੇ। ਇਹ ਤਾਂ ਸਮਾਪਤ ਹੋਣ ਦੀ ਬਜਾਏ ਵਧਦੇ ਹੀ ਜਾ ਰਹੇ ਹਨ।

ਬਾਬਾ ਸਾਹਿਬ, ਤੁਹਾਡੀ ਹਰ ਸੋਚ ਪਿੱਛੇ ਇਕ ਡੂੰਘਾਈ ਸੀ, ਜਿਸਨੂੰ ਸਮਝਣ ਅਤੇ ਸਮਝਾਉਣ ਲਈ ਸ਼ਾਇਦ ਤੁਸੀਂ ਆਪਣੇ ਪੜ੍ਹੇ-ਲਿਖੇ ਸਮਾਜ ਤੋਂ ਤਵੱਕੋ ਰੱਖਦੇ ਸੀ। ਇਹੀ ਸੋਚ ਕੇ ਤੁਸੀਂ ਆਖਿਆ ਸੀ ਕਿ ਜਿਸ ਸਮਾਜ ਵਿਚ 15 ਡਾਕਟਰ ਤੇ 20 ਇੰਜੀਨੀਅਰ ਪੈਦਾ ਹੋ ਜਾਣ ਉਹ ਸਮਾਜ ਪੱਛੜਿਆ ਹੋਇਆ ਨਹੀਂ ਰਹਿ ਸਕਦਾ। ਪਰ ਅਸੀਂ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਹੋ ਕੇ ਵੀ ਪੱਛੜੇ ਹੋਏ ਹਾਂ। ਤੁਸੀਂ ਇਹਨਾਂ ਤੋਂ ਆਸ ਰੱਖਦੇ ਸੀ ਕਿ ਇਹ ਆਪਣੀ ਨੌਕਰੀ ਦੇ ਨਾਲ-ਨਾਲ ਸਮਾਜਿਕ ਜਾਗਰਤੀ ਵੱਲ ਵੀ ਧਿਆਨ ਦੇਣਗੇ। ਤੁਹਾਡੇ ਜਾਗ੍ਰਿਤੀ ਦੇ ਫਾਰਮੂਲੇ ’ਪੜ੍ਹੋ, ਸੰਘਰਸ਼ ਕਰੋ, ਜੁੜੋ’ ਵਿਚ ਪਹਿਲੇ ਨੰਬਰ ਤੇ ਪੜ੍ਹਨਾ, ਸਿੱਖਿਆ ਪ੍ਰਾਪਤ ਕਰਨਾ ਹੀ ਆਉਂਦਾ ਹੈ। ਅਸੀਂ ਸਿੱਖਿਆ ਪ੍ਰਾਪਤ ਕੀਤੀ ਤੇ ਉਹ ਨੌਕਰੀਆਂ ਤੱਕ ਸੀਮਤ ਰਹਿ ਗਈ, ਅਸੀਂ ਦਹਾੜ ਮਾਰਨ ਜੋਗੇ ਨਾ ਹੋ ਸਕੇ। ਅਸੀਂ ਉਹ ਹੀ ਦੁੱਧ ਪੀਤਾ ਜਿਸਨੇ ਸਾਨੂੰ ਨੌਕਰੀਆਂ ਅਤੇ ਆਪਣਾ ਪੇਟ ਪਾਲਣ ਜੋਗਾ ਹੀ ਬਣਾ ਕੇ ਰੱਖਿਆ। ਬਾਬਾ ਸਾਹਿਬ, ਅਸੀਂ ਉਹ ਸ਼ੇਰਨੀ ਲੱਭਣ ਤੋਂ ਅਸਮਰੱਥ ਰਹੇ ਜਿਸਦਾ ਦੁੱਧ ਪੀ ਕੇ ਅਸੀਂ ਦਹਾੜ ਮਾਰਨੀ ਸੀ। ਇਹੀ ਕਾਰਨ ਹੈ ਕਿ ਇਸ ਪੜ੍ਹੇ-ਲਿਖੇ ਵਰਗ ਦੀ ਕਾਰਗੁਜ਼ਾਰੀ ਨੇ ਤੁਹਾਨੂੰ ਰੋਣ ਲਾ ਦਿੱਤਾ ਸੀ ਤੇ ਅੱਜ ਵੀ ਇਹੀ ਵਰਗ ਪੂਰਨ ਤੌਰ ਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵੱਲ ਨਹੀਂ ਤੁਰ ਰਿਹਾ। ਭਾਵੇਂ ਅੱਜ ਬਾਬਾ ਸਾਹਿਬ ਮਿਲੇ ਰਾਖਵੇਂਕਰਨ ਅਨੁਸਾਰ ਅਫਸਰਸ਼ਾਹੀ (ਆਈ. ਏ. ਐਸ., ਆਈ. ਪੀ. ਐਸ., ਆਈ. ਆਰ. ਐਸ. ਆਦਿ), ਸਿਆਸੀ (ਐਮ. ਪੀ., ਐਮ. ਐਲ. ਏ., ਰਾਜ ਪੱਧਰ ਦੇ ਅਤੇ ਕੇਂਦਰੀ ਮੰਤਰੀ) ਅਤੇ ਹਰ ਖੇਤਰ ਵਿਚ ਹੋਰ ਅਫਸਰ ਵੀ ਗਿਣਤੀ ਪੱਖੋਂ ਲੱਗਭੱਗ ਪੂਰੇ ਹਨ ਪਰ ਫਿਰ ਵੀ ਨਾ ਇਹਨਾਂ ਦੀ ਆਪਣੀ ਸਥਿਤੀ ਦੂਜਿਆਂ ਦੇ ਮੁਕਾਬਲੇ ਬਰਾਬਰੀ ਵਾਲੀ ਹੈ ਅਤੇ ਨਾ ਬਾਕੀ ਦੇ ਬਚੇ ਲਗਭਗ 80 ਫੀਸਦੀ ਸਮਾਜ ਦੀ ਉਹ ਬਰਾਬਰਤਾ ਵਾਲੀ ਸਥਿਤੀ ਬਣ ਰਹੀ ਹੈ। ਬਾਬਾ ਸਾਹਿਬ ਇਸ ਦੀਆਂ ਜੜ੍ਹਾਂ ਉਥੇ ਜਾਪਦੀਆਂ ਹਨ, ਜਦੋਂ ਤੁਹਾਨੂੰ ਅੰਤਾਂ ਦਾ ਸੰਘਰਸ਼ ਕਰਕੇ ਕਮਿਊਨਲ ਐਵਾਰਡ ਦੇ ਅਸਲ ਲਾਭ ਪੂਨਾ ਪੈਕਟ ਵਿਚ ਮਜਬੂਰੀ ਵੱਸ ਗੁਆਉਣੇ ਪਏ ਸਨ। ਅੱਜ ਸਾਨੂੰ ਇਹਨਾਂ ਦੋਹਾਂ ਵਿਚ ਫਰਕ ਸਮਝ ਤਾਂ ਆਉਂਦੀ ਹੈ, ਸਾਨੂੰ ਇਹ ਵੀ ਸਮਝ ਆਉਂਦੀ ਹੈ ਕਿ ਤੁਸੀਂ ਪੂਨਾ ਪੈਕਟ ਤੋਂ ਤੁਰੰਤ ਬਾਅਦ ਇਹ ਆਖ ਕੇ ’ਫਲ ਦਾ ਰਸ ਚੂਸ ਕੇ ਛਿੱਲੜ ਸਾਡੇ ਵੱਲ ਸੁੱਟ ਦਿੱਤਾ ਗਿਆ ਹੈ।’ (ਪੂਨਾ ਪੈਕਟ ਨੂੰ ਨਕਾਰ ਦਿੱਤਾ ਗਿਆ) ਪਰ ਬਾਬਾ ਸਾਹਿਬ ਅਸੀਂ ਇੰਨੇ ਵੱਡੇ-ਵੱਡੇ ਅਹੁਦਿਆਂ ਤੇ ਪਹੁੰਚ ਕੇ ਵੀ ਇਸਦਾ ਕੋਈ ਬਦਲ ਲੱਭਣ ਦੇ ਕਾਬਲ ਨਹੀਂ ਹੋਏ। ਤੁਸੀਂ ਇਕੱਲਿਆਂ ਕਿੰਨਾ ਕੁਝ ਕਰ ਗਏ ਪਰ ਅੱਜ ਇੰਨੇ ਸਾਰੇ ਮਿਲ ਕੇ ਵੀ ਤੁਹਾਡੇ ਜਿੰਨਾ ਨਹੀਂ ਕਰ ਸਕਦੇ। ਬਾਬਾ ਸਾਹਿਬ ਇਹ ਸਭ ਕੁਝ ਲੀਡਰਸ਼ਿਪ ਦੀ ਘਾਟ ਅਤੇ ਸਾਡੀਆਂ ਆਪਣੀਆਂ ਕਮਜ਼ੋਰੀਆਂ ਹੀ ਹਨ। ਇਸੇ ਲਈ ਸਮੱਸਿਆਵਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ।

ਬਾਬਾ ਸਾਹਿਬ, ਤੁਹਾਡਾ ਇਕ ਪੈਰੋਕਾਰ (ਕਾਂਸ਼ੀ ਰਾਮ ਜੀ) ਅਗਵਾਈ ਦੇਣ ਲਈ ਆਪਣਾ ਸਭ ਕੁਝ ਕੁਰਬਾਨ ਕਰਕੇ ਮੈਦਾਨ ਵਿਚ ਆਇਆ ਸੀ। ਦਹਾਕਿਆਂ ਦੇ ਸੰਘਰਸ਼ ਉਪਰੰਤ ਉਹ ਦੇਸ਼ ਦੀ ਤੀਜੇ ਨੰਬਰ ਦੀ ਰਾਜਨੀਤਿਕ ਸ਼ਕਤੀ ਉਭਾਰਨ ਵਿਚ ਕਾਮਯਾਬ ਵੀ ਹੋ ਗਿਆ ਸੀ ਪਰ ਬਾਬਾ ਸਾਹਿਬ, ਸਾਡੀ ਆਪਣੀਆਂ ਕੁਝ ਇਹੋ ਜਿਹੀਆਂ ਕਮਜ਼ੋਰੀਆਂ ਹਨ, ਜਿਹਨਾਂ ਨੂੰ ਅਸੀਂ ਆਪਣੀ ਤਾਕਤ ਸਾਬਤ ਕਰਨ ਲਈ ਨਾ ਆਪ ਕੰਮ ਕਰਦੇ ਹਾਂ ਅਤੇ ਨਾ ਕਿਸੇ ਨੂੰ ਕੰਮ ਕਰਨ ਦਿੰਦੇ ਹਾਂ। ਲੱਤਾਂ ਖਿੱਚਣ ਵਿਚ ਪੂਰੇ ਮਾਹਿਰ ਬਣ ਗਏ ਹਾਂ। ਅਸੀਂ ਮੰਨੀ ਤਾਂ ਸਭ ਨੂੰ ਜਾਂਦੇ ਹਾਂ ਪਰ ਉਹਨਾਂ ਦੀ ਮੰਨਦੇ ਨਹੀਂ ਹਾਂ। ਕਿੰਨਿਆਂ ਨੇ ਸਾਨੂੰ ਉਪਰ ਚੁੱਕਣ ਲਈ ਕਿੰਨੇ ਯਤਨ ਕੀਤੇ ਪਰ ਉਹਨਾਂ ਨੂੰ ਅਸੀਂ ਮੰਨਦੇ ਜ਼ਰੂਰ ਹਾਂ, ਉਹਨਾਂ ਨੂੰ ਪੂਜਣ ਤੱਕ ਵੀ ਅਸੀਂ ਜਾਂਦੇ ਹਾਂ ਪਰ ਮੰਨਦੇ ਕਿਸੇ ਦੀ ਨਹੀਂ। ਤਥਾਗਤ ਬੁੱਧ ਤੋਂ ਲੈ ਕੇ ਕਿੰਨੇ ਹੀ ਸੰਤ, ਗੁਰੂ ਤੇ ਮਹਾਂਪੁਰਸ਼ ਹੋਏ ਜਿਹਨਾਂ ਤੋਂ ਅਸੀਂ ਹੱਥ ਬੰਨ੍ਹ ਬੰਨ੍ਹ ਅਰਦਾਸਾਂ ਕਰਕੇ, ਧੂਫ ਬੱਤੀਆਂ ਜਗਾ ਕੇ, ਪਾਠ-ਪੂਜਾ ਕਰਕੇ ਆਪਣੇ ਤੇ ਆਪਣੇ ਪਰਿਵਾਰ ਲਈ ਲੱਖ ਖੁਸ਼ੀਆਂ ਤੇ ਨਿਆਮਤਾਂ ਮੰਗਦੇ ਹਾਂ ਪਰ ਉਹਨਾਂ ਦੇ ਦੱਸੇ ਮਾਰਗ ਤੇ ਚੱਲਣਾ ਸਾਨੂੰ ਗੁਆਰਾ ਨਹੀਂ। ਬਾਬਾ ਸਾਹਿਬ, ਮੈਨੂੰ ਜਾਪਦਾ ਹੈ ਥੋੜ੍ਹਾ ਚਿਰ ਹੋਰ ਇੰਤਜ਼ਾਰ, ਬੱਸ ਤੁਹਾਡੇ ਵੀ ਮੰਦਰ ਬਣਨ ਵਾਲੇ ਹਨ ਤੇ ਫਿਰ ਅਸੀਂ ਖੂਬ ਢੋਲਕੀਆਂ ਛੈਣੇ ਵਜਾ ਕੇ ਤੁਹਾਡੇ ਗੁਣ ਗਾਇਨ ਕਰਿਆ ਕਰਾਂਗੇ ਕਿ ਇਕ ਵਾਰੀ ਤੁਸੀਂ ਹੀ ਫਿਰ ਆ ਜਾਓ ਤੇ ਸਾਡੇ ਦੁੱਖ ਦਰਦ ਕੱਟ ਜਾਓ। ਜੇ ਬਹੁਤਾ ਨਹੀਂ ਤਾਂ ਇਹਨਾਂ ਮਹਾਂਪੁਰਸ਼ਾਂ ਦੀ ਇਕ ਇਕ ਗੱਲ ਵੀ ਮੰਨ ਲਈਏ ਤਾਂ ਸਾਡੇ ਕਲਿਆਣ ਹੋ ਜਾਵੇ। ਤਥਾਗਤ ਬੁੱਧ ਦੀ ਭਾਈਚਾਰੇ ਦੀ ਗੱਲ, ਰਵਿਦਾਸ ਜੀ ਦੀ ਬੇਗਮਪੁਰੇ ਦੀ ਗੱਲ, ਨਾਨਕ ਜੀ ਦੀ ਸਾਂਝੀਵਾਲਤਾ ਦੀ ਗੱਲ ਤੇ ਸੋਚੀਏ ਤਾਂ ਸਹੀ। ਇਹ ਸਧਾਰਨ ਹੁੰਦਿਆਂ ਵੀ ਅਸਧਾਰਨ ਗੱਲਾਂ ਹਨ। ਬਾਬਾ ਸਾਹਿਬ, ਤੁਹਾਡੀ ਵੀ ਇਕ ਸਧਾਰਨ ਜਿਹੀ ਗੱਲ ਦੀ ਉਦਾਹਰਣ ਦੇ ਕੇ ਦੱਸਦਾ ਹਾਂ ਕਿ ਕਿਵੇਂ ਉਹ ਅਸਧਾਰਨ ਬਣ ਸਕਦੀ ਹੈ। ਬਾਬਾ ਸਾਹਿਬ ਤੁਸੀਂ ਛੇ ਹਜ਼ਾਰ ਤੋਂ ਵੱਧ ਜਾਤੀਆਂ ਲੱਭੀਆਂ ਸਨ, ਜਿਹਨਾਂ ਨਾਲ ਇਤਿਹਾਸ ਨੇ ਨਿਰਦਈਪੁਣਾ ਕਰਕੇ ਉਹਨਾਂ ਨਾਲ ਸਦੀਆਂ ਤੱਕ ਗੈਰ ਮਨੁੱਖੀ ਵਤੀਰਾ ਅਪਣਾਈ ਰੱਖਿਆ। ਤੁਸੀਂ ਉਹਨਾਂ ਦੀ ਪਛਾਣ ਕਰਕੇ ਉਹਨਾਂ ਨੂੰ ਬਰਾਬਰ ਲਿਆਉਣ ਲਈ ਤਿੰਨ ਸੰਗਠਿਤ ਨਾਵਾਂ ਹੇਠ ਇਕੱਤਰ ਕੀਤਾ- ਐਸ. ਸੀ., ਐਸ. ਟੀ., ਓ. ਬੀ. ਸੀ.। ਅਸੀਂ ਇੰਝ ਛੇ ਹਜ਼ਾਰ ਟੁਕੜਿਆਂ ਤੋਂ ਤਿੰਨਾਂ ਤੱਕ ਆ ਜਾਂਦੇ ਹਾਂ, ਜੇ ਤੁਹਾਡੀ ਮੰਨ ਲਈਏ। ਪਰ ਨਹੀਂ, ਸਾਡਾ ਤਾਂ ਇਤਿਹਾਸ ਦੱਸਦਾ ਹੈ ਕਿ ਚਾਰ ਵਰਣਾਂ ਵਿਚੋਂ ਪਹਿਲੇ ਤਿੰਨ ਤਾਂ ਅੱਜ ਵੀ ਨਾ ਇਕੱਲਿਆਂ ਤੌਰ ਤੇ ਵੰਡੇ ਗਏ ਹਨ ਅਤੇ ਨਾ ਸਮੁੱਚੇ ਤੌਰ ’ਤੇ ਸਗੋਂ ਆਪਣੇ ਹਿੱਤਾਂ ਲਈ ਤਿੰਨੋ ਹੀ ਇਕੱਠੇ ਹੋ ਕੇ ਚੱਲ ਰਹੇ ਹਨ। ਪਰ ਅਸੀਂ ਚੌਥੇ ਵਰਣ ਵਾਲੇ ਇਸ ਨੂੰ ਇਕ ਨਾ ਰੱਖ ਸਕੇ ਤੇ ਅੱਗੇ ਤੋਂ ਅੱਗੇ ਵੰਡਦੇ ਹਜ਼ਾਰਾਂ ਹੀ ਟੁਕੜਿਆਂ ਤੱਕ ਪਹੁੰਚ ਗਏ ਹਾਂ। ਪਰ ਬਾਬਾ ਸਾਹਿਬ ਹਾਲੇ ਵੀ ਬੱਸ ਨਹੀਂ ਕਰ ਰਹੇ। ਹਰ ਟੁਕੜਾ ਇਕ ਹੋਣ ਦੀ ਬਜਾਏ ਇਕ-ਦੂਜੇ ਦਾ ਦੁਸ਼ਮਣ ਵੀ ਬਣਦਾ ਜਾ ਰਿਹਾ ਹੈ। ਬਾਬਾ ਸਾਹਿਬ ਸਿਤਮ ਹੈ ਹੁਣ ਅਸੀਂ ਜਾਤਾਂ ਨੂੰ ਵਧਾਉਂਦਿਆਂ ਹੋਇਆਂ ਅਤੇ ਪੱਕਾ ਕਰਨ ਹਿੱਤ ਜਠੇਰਿਆਂ ਤੱਕ ਵੀ ਪਹੁੰਚ ਗਏ ਹਾਂ। ਹਰ ਜਠੇਰਾ ਦੂਜੇ ਜਠੇਰੇ ਤੋਂ ਆਪਣੇ ਆਪ ਨੂੰ ਵੱਡਾ, ਸ਼ਕਤੀਸ਼ਾਲੀ, ਪੜ੍ਹਿਆ-ਲਿਖਿਆ ਸਾਬਤ ਕਰਨ ਲਈ ਤਾਂ ਲੱਗਿਆ ਰਹੇਗਾ ਪਰ ਇਕੱਠਿਆਂ ਹੋ ਕੇ ਸ਼ਕਤੀ ਇਕੱਤਰ ਕਰਨ ਲਈ ਕਦੇ ਨਹੀਂ ਸੋਚੇਗਾ। ਇਸੇ ਤਰ੍ਹਾਂ ਬਾਬਾ ਸਾਹਿਬ ਇਹ ਤਿੰਨੇ ਵੱਡੇ ਗਰੁੱਪ (ਐਸ. ਸੀ., ਐਸ. ਟੀ., ਓ. ਬੀ. ਸੀ.) ਵੀ ਕਦੇ ਇਕ ਬਣ ਕੇ ਉਪਰਲਿਆਂ ਤਿੰਨਾਂ (ਵਰਣਾਂ) ਦੇ ਮੁਕਾਬਲੇ ਲਈ ਨਹੀਂ ਸੋਚਣਗੇ ਆਪਸ ਵਿਚ ਹੀ ਲੜਨਗੇ, ਮੁਕਾਬਲਾ ਕਰਨਗੇ ਤੇ ਮਾਰ ਖਾਂਦੇ ਰਹਿਣਗੇ, ਜਿਵੇਂ ਇਤਿਹਾਸ ਵਿਚ ਮਾਰ ਖਾਂਦੇ ਰਹੇ ਹਨ। ਬਾਬਾ ਸਾਹਿਬ ਪਤਾ ਨਹੀਂ ਅਸੀਂ ਕਦੋਂ ਤੁਹਾਡੀਆਂ ਸਿੱਖਿਆਵਾਂ ਅਨੁਸਾਰ ਚੱਲਣ ਜੋਗੇ ਹੋਵਾਂਗੇ, ਆਪਸ ਵਿਚ ਵੰਡਣ ਤੋਂ ਪਾਸਾ ਵੱਟ ਕੇ ਇਕੱਠੇ ਸੰਗਠਿਤ ਹੋਣ ਵੱਲ ਕਦਮ ਵਧਾਵਾਂਗੇ? ਅਸੀਂ ਕਦੋਂ ਸਮਝਣ ਜੋਗੇ ਹੋਵਾਂਗੇ ਕਿ ਸਾਡੀ ਸਾਰੀਆਂ ਕਮਜ਼ੋਰੀਆਂ ਦਾ ਕਾਰਨ ਸਾਡੀ ਆਪਸੀ ਫੁੱਟ ਹੀ ਹੈ ਜੋ ਸਾਨੂੰ ਨਿਹੱਥੇ, ਨਿਤਾਣੇ ਤੇ ਨਿਮਾਣੇ ਬਣਾ ਰਹੀ ਹੈ।

ਬਾਬਾ ਸਾਹਿਬ, ਬੱਸ ਕਰਦਾ ਹਾਂ ਫਿਰ ਕਦੇ ਮੌਕਾ ਲੱਗਿਆ ਤਾਂ ਫਿਰ ਚਿੱਠੀ ਲਿਖਾਂਗਾ, ਗੱਲਾਂ ਤਾਂ ਬਹੁਤ ਹਨ ਲਿਖਣ ਵਾਲੀਆਂ, ਅੱਜ ਸਿਰਫ ਇੰਨਾ ਹੀ। ਮਾਫੀ ਦਾ ਜਾਚਕ ਹਾਂ ਜੇ ਕੁਝ ਘੱਟ ਵੱਧ ਲਿਖਿਆ ਗਿਆ ਹੈ।

ਤੁਹਾਡਾ ਇਕ ਨਿਗੁਣਾ ਜਿਹਾ ਹਿਤੈਸ਼ੀ,

**ਫਤਿਹਜੰਗ ਸਿੰਘ**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦਾ ਵਫ਼ਦ ਸੈਰ-ਸਪਾਟਾ ਅਤੇ ਸਭਿਆਚਾਰ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੂੰ ਮਿਲਿਆ



**ਫਗਵਾੜਾ–** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਕਾਲਮਨਵੀਸਾਂ, ਪੱਤਰਕਾਰਾਂ, ਸਮਾਜ ਸੇਵਕ ਸਖ਼ਸ਼ੀਅਤਾਂ ਦਾ ਇਕ ਵਫ਼ਦ ਦੀਪਕ ਬਾਲੀ, ਸਲਾਹਕਾਰ, ਸੈਰ-ਸਪਾਟਾ ਅਤੇ ਸਭਿਆਚਾਰ ਵਿਭਾਗ, ਨੂੰ ਮਿਲਿਆ ਅਤੇ ਪੰਜਾਬ ਦੇ ਪਿੰਡਾਂ 'ਚ ਲਾਇਬ੍ਰੇਰੀਆਂ ਖੋਲਣ ਦੀ ਮੰਗ ਕੀਤੀ। ਵਫ਼ਦ ਨੇ ਸ਼੍ਰੀ ਬਾਲੀ ਨੂੰ ਦੱਸਿਆ ਕਿ ਪੰਜਾਬ ਲਾਇਬ੍ਰੇਰੀ ਐਕਟ ਦਾ ਖਰੜਾ ਡੀ।ਪੀ ਆਈ (ਕਾਲਜਾਂ) ਵਲੋਂ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਵਿਧਾਨ ਸਭਾ 'ਚ ਇਸ ਐਕਟ ਨੂੰ ਪਾਸ ਕਰਾਉਣ ਦੀ ਲੋੜ ਹੈ। ਪੰਜਾਬੀ ਕਾਲਮ ਨਵੀਸ ਪੱਤਰਕਾਰ ਵਲੋਂ ਸ਼੍ਰੀ ਬਾਲੀ ਤੋਂ ਸ਼ਹਿਰਾਂ, ਪਿੰਡਾਂ 'ਚ ਸਭਿਆਚਾਰਕ ਮੇਲੇ ਕਰਾਉਣ ਦੀ ਲੋੜ 'ਤੇ ਜੋਰ ਦਿਤਾ ਤਾਂਕਿ ਪੰਜਾਬ ਦੇ ਸਭਿਆਚਾਰ ਦੀ ਰਾਖੀ ਤੇ ਪ੍ਰਫੁਲਤਾ ਹੋ ਸਕੇ।

ਸ਼੍ਰੀ ਦੀਪਕ ਬਾਲੀ ਨੇ ਵਫ਼ਦ ਨੂੰ ਭਰੋਸਾ ਦੁਆਇਆ ਕਿ ਪਿੰਡਾਂ 'ਚ ਲਾਇਬ੍ਰੇਰੀਆਂ/ਡਿਜ਼ੀਟਲ ਲਾਇਬ੍ਰੇਰੀਆਂ ਖੋਲਣ ਦਾ ਮਾਮਲਾ ਪੰਜਾਬ ਸਰਕਾਰ ਨਾਲ ਵਿਚਾਰਿਆ ਜਾਵੇਗਾ। ਉਹਨਾ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਦੀ ਸੰਭਾਲ ਅਤੇ ਪੰਜਾਬੀ ਬੋਲੀ ਦੀ ਪ੍ਰਫੁਲਤਾ ਲਈ ਭਰਪੂਰ ਯਤਨ ਕੀਤੇ ਜਾਣਗੇ। ਪੰਜਾਬ ਭਾਸ਼ਾ ਕਮਿਸ਼ਨ ਦੀ ਸਥਾਪਨਾ,ਪੰਜਾਬੀ ਨੂੰ ਦਫ਼ਤਰਾਂ, ਸਕੂਲਾਂ 'ਚ ਪੂਰੀ ਤਰ੍ਹਾਂ ਲਾਗੂ ਕਰਨ,ਅਦਾਲਤਾਂ 'ਚ ਪੰਜਾਬੀ 'ਚ ਕੰਮ ਕਰਨ ਦਾ ਵਿਸ਼ਾ ਵੀ ਵਿਚਾਰਿਆ ਗਿਆ। ਵਫ਼ਦ ਨੇ ਸ਼੍ਰੀ ਦੀਪਕ ਬਾਲੀ ਵਲੋਂ ਸਲਾਹਕਾਰ ਦਾ ਅਹੁਦਾ ਸੰਭਾਲਣ 'ਤੇ ਵਧਾਈ ਦਿਤੀ। ਵਫ਼ਦ ਵਿੱਚ ਕਾਲਮਨਵੀਸ ਰਵਿੰਦਰ ਚੋਟ, ਸਮਾਜ ਸੇਵਕ ਸੰਤੋਸ਼ ਗੋਗੀ, ਸੁਖਵਿੰਦਰ ਸਿੰਘ ਪ੍ਰਧਾਨ (ਸਰਬ ਨੌਜਵਾਨ ਸਭਾ) ਮਦਨ ਲਾਲ ਕੋਟਰਾਣੀ, ਰਕੇਸ਼ ਕੋਛੜ, ਮਨਦੀਪ ਬਾਸੀ, ਵਿੱਕੀ ਸਿੰਘ ਆਦਿ ਸ਼ਾਮਲ ਸਨ।

## ਇੰਗਲੈਂਡ ਤੋਂ ਆਏ ਸੋਹਣ ਸਿੰਘ ਰਾਣੂੰ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅੱਜ ਬਰਮਿੰਘਮ (ਯੂ.ਕੇ.) ਤੋਂ ਦੇਸ਼ ਭਗਤ ਯਾਦਗਾਰ ਹਾਲ ਆਈ.ਡਬਲੀਯੂ.ਏ. ਦੇ ਪਿਛਲੇ 50 ਸਾਲ ਤੋਂ ਕਾਮੇ ਸੋਹਣ ਸਿੰਘ ਰਾਣੂੰ ਅਤੇ ਉਹਨਾਂ ਦੇ ਸਾਥੀ ਨਿਰਮਲ ਸਿੰਘ ਨੂੰ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਉਹਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਰਣਜੀਤ ਸਿੰਘ ਔਲਖ ਨੇ ਉਹਨਾਂ ਨਾਲ ਦੇਸ਼ ਭਗਤ ਯਾਦਗਾਰ ਹਾਲ ਦੀਆਂ ਅਤੇ ਇੰਗਲੈਂਡ ਅੰਦਰ ਸੋਹਣ ਸਿੰਘ ਅਤੇ ਉਹਨਾਂ ਦੀਆਂ ਸੰਸਥਾਵਾਂ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ।

ਇਸ ਮਿਲਣੀ ਮੌਕੇ ਸੋਹਣ ਸਿੰਘ ਰਾਣੂੰ ਨੇ ਦੱਸਿਆ ਕਿ 1976-77 ਤੋਂ ਅਸੀਂ ਇੰਗਲੈਂਡ ਅੰਦਰ ਗ਼ਦਰੀ ਦੇਸ਼ ਭਗਤਾਂ ਅਤੇ ਇਨਕਲਾਬੀ ਜਮਹੂਰੀ ਲਹਿਰ ਦੀਆਂ ਅਮੀਰ ਪਰੰਪਰਾਵਾਂ ਨੂੰ ਬੁਲੰਦ ਰੱਖਣ ਦਾ ਯਤਨ ਕਰਦੇ ਆ ਰਹੇ ਹਾਂ ਅਤੇ ਭਵਿੱਖ ਵਿੱਚ ਵੀ ਇਹ ਸਰਗਰਮੀਆਂ ਜਾਰੀ ਵੀ ਰੱਖਾਂਗੇ ਅਤੇ ਦੇਸ਼ ਭਗਤ ਯਾਦਗਾਰ ਹਾਲ ਨਾਲ ਪਰਸਪਰ ਸਬੰਧਾਂ ਦੀ ਤੰਦ ਹੋਰ ਵੀ ਮਜ਼ਬੂਤ ਕਰਾਂਗੇ।

ਸੋਹਣ ਸਿੰਘ ਰਾਣੂੰ ਅਤੇ ਉਹਨਾਂ ਦੇ ਸਾਥੀ ਨਿਰਮਲ ਸਿੰਘ ਨੇ ਲਾਇਬ੍ਰੇਰੀ ਅਤੇ ਮਿਊਜ਼ੀਅਮ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਅਤੇ ਸੈਂਟਰ ਦੀ ਉੱਦਮ ਨਾਲ ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਦੁਆਰ ਨੂੰ ਗ਼ਦਰੀ ਇਤਿਹਾਸਕ ਵਿਰਾਸਤ ਦੇ ਰੰਗ 'ਚ ਰੰਗਣ ਲਈ ਜਾਰੀ ਉਪਰਾਲੇ ਦੀ ਸ਼ਲਾਘਾ ਕੀਤੀ।

## ਉੱਚ ਸਿੱਖਿਆ ਸੰਸਥਾਵਾਂ 'ਚ ਵਿਦਿਆਰਥੀਆਂ ਵੱਲੋਂ ਖੁਦਕੁਸ਼ੀਆਂ ਦੇ ਕਾਰਨਾਂ ਦੀ ਕੀਤੀ ਜਾਵੇਗੀ ਪੜਤਾਲ

**ਨਵੀਂ ਦਿੱਲੀ–** ਸੁਪਰੀਮ ਕੋਰਟ ਵੱਲੋਂ ਨਿਯੁਕਤ ਕੌਮੀ ਟਾਸਕ ਫੋਰਸ (ਐਨਟੀਐਫ) ਨੇ ਦੇਸ਼ ਭਰ ਦੇ ਵਿਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਦੇ ਮਾਨਸਿਕ ਸਿਹਤ ਮਸਲਿਆਂ ਨਾਲ ਸਿੱਝਣ ਬਾਰੇ ਆਪਣੀ ਰਿਪੋਰਟ ਤਿਆਰ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜਸਟਿਸ ਜੇਬੀ ਪਾਰਦੀਵਾਲਾ ਦੀ ਅਗਵਾਈ ਹੇਠਲੇ ਬੈਂਚ ਨੇ 24 ਮਾਰਚ ਨੂੰ ਸੁਣਾਏ ਫ਼ੈਸਲੇ ਦੌਰਾਨ ਉੱਚ ਸਿੱਖਿਆ ਸੰਸਥਾਨਾਂ 'ਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੇ ਵਧ ਰਹੇ ਕੇਸਾਂ ਦਾ ਨੋਟਿਸ ਲੈਂਦਿਆਂ ਐਨਟੀਐਫ ਦਾ ਗਠਨ ਕੀਤਾ ਸੀ। ਸਿਖਰਲੀ ਅਦਾਲਤ ਨੇ ਆਈਆਈਟੀ ਦਿੱਲੀ 'ਚ ਪੜ੍ਹ ਰਹੇ ਦੋ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੇ ਮਾਮਲੇ 'ਚ ਦਿੱਲੀ ਪੁਲੀਸ ਨੂੰ ਐਫਆਈਆਰ ਦਰਜ ਕਰਨ ਦੇ ਵੀ



ਨਿਰਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਐਸ। ਰਵਿੰਦਰ ਭੱਟ ਦੀ ਅਗਵਾਈ ਹੇਠਲੀ ਟਾਸਕ ਫੋਰਸ 'ਚ ਡਾਕਟਰ ਅਲੋਕ ਸਰੀਨ, ਪ੍ਰੋਫ਼ੈਸਰ ਮੈਰੀ ਈ ਜੌਹਨ, ਅਰਮਾਨ ਅਲੀ, ਪ੍ਰੋਫ਼ੈਸਰ ਰਾਜੇਂਦਰ ਕਾਚਰੂ, ਡਾਕਟਰ ਅਕਸਾ ਸ਼ੇਖ਼, ਡਾਕਟਰ ਸੀਮਾ ਮਹਿਰੋਤਰਾ, ਪ੍ਰੋਫ਼ੈਸਰ ਵਰਜੀਨੀਅਸ ਸ਼ਾਸ਼ਾ, ਡਾਕਟਰ ਨਿਧੀ ਸਭਰਵਾਲ ਅਤੇ ਅਪਰਨਾ ਭੱਟ ਸ਼ਾਮਲ ਹਨ। ਟਾਸਕ ਫੋਰਸ ਦੀ 29 ਮਾਰਚ ਨੂੰ ਹੋਈ ਪਹਿਲੀ ਮੀਟਿੰਗ ਦੌਰਾਨ ਉਨ੍ਹਾਂ ਉੱਚ ਸਿੱਖਿਆ ਸੰਸਥਾਵਾਂ 'ਚ ਖੁਦਕੁਸ਼ੀਆਂ ਦੇ ਕਾਰਨਾਂ ਦੀ ਪੜਤਾਲ ਲਈ ਯੋਜਨਾ ਬਣਾਈ। ਟਾਸਕ ਫੋਰਸ ਨੂੰ ਚਾਰ ਮਹੀਨਿਆਂ 'ਚ ਅੰਤਰਿਮ ਅਤੇ ਅੱਠ ਮਹੀਨਿਆਂ 'ਚ ਅੰਤਿਮ ਰਿਪੋਰਟ ਦੇਣ ਲਈ ਕਿਹਾ ਗਿਆ ਹੈ।




# ਨਸੇ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਮਾਫ ਨਹੀਂ ਕੀਤਾ ਜਾਵੇਗਾ-ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਜਿਲ੍ਹਾ ਪਠਾਨਕੋਟ ਪੁਲਿਸ ਵੱਲੋਂ ਪੰਜਾਬ ਸਰਕਾਰ ਵੱਲੋਂ ਯੁੱਧ ਨਸਿਆਂ ਵਿਰੁੱਧ ਚਲਾਈ ਮੁਹਿੰਮ ਦੇ ਅਧੀਨ ਆੱਡੀਟੋਰੀਅਮ ਸੈਲੀ ਰੋਡ ਪਠਾਨਕੋਟ ਵਿਖੇ ਜਿਲ੍ਹਾ ਵਿਲੈਜ ਡਿਫੈਂਸ ਕਮੇਟੀਆਂ ਦੇ ਮੈਂਬਰ ਸਾਹਿਬਾਨਾਂ ਅਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ ਸਾਹਿਬਾਨਾਂ ਨਾਲ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਵਿਸੇਸ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਤੋਂ ਇਲਾਵਾ ਸਰਵਸ੍ਰੀ ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ-ਕਮ- ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਸਤੀਸ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਵਿਕਾਸ ਸੈਣੀ ਚੇਅਰਮੈਨ ਮਾਰਕਿੱਟ ਕਮੇਟੀ ਪਠਾਨਕੋਟ, ਸਾਹਿਬ ਸਿੰਘ ਸਾਬਾ, ਸੋਰਭ ਬਹਿਲ ਜਰਨਲ ਸਕੱਤਰ ਪਠਾਨਕੋਟ, ਗੁਰਬਾਜ ਸਿੰਘ ਐਸ।ਪੀ। ਹੈਡ ਕੁਆਟਰ ਪਠਾਨਕੋਟ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਸੈਲੀ ਸਰਮਾ ਬਲਾਕ ਪ੍ਰਧਾਨ, ਬੱਬਲੀ ਕੁਮਾਰ ਪ੍ਰਧਾਨ ਨਗਰ ਪੰਚਾਇਤ ਨਰੋਟ ਜੈਮਲ ਸਿੰਘ, ਵਿਜੈ ਕਟਾਰੂਚੱਕ, ਭੁਪਿੰਦਰ ਸਿੰਘ ਮੂੰਨਾ, ਡਾ। ਮੋਹਣ ਲਾਲ ਅੱਤਰੀ ਅਤੇ ਹੋਰ ਪਾਰਟੀ ਮੈਂਬਰ ਹਾਜ਼ਰ ਸਨ।

ਜਿਕਰਯੋਗ ਹੈ ਕਿ ਸਮਾਰੋਹ ਦੇ ਅਰੰਭ ਵਿੱਚ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਅਤੇ ਸ੍ਰੀ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਵੱਲੋਂ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਸ੍ਰੀ ਅੰਮਿਤ ਮੰਟੂ ਜਿਲ੍ਹਾ ਪ੍ਰਧਾਨ ਅਤੇ ਸ੍ਰੀ ਦਲਜਿੰਦਰ ਸਿੰਘ ਢਿੱਲੋਂ ਐਸ।ਐਸ।ਪੀ। ਪਠਾਨਕੋਟ ਵੱਲੋਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਗਿਆ।



ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ ਇੱਕ ਮਹੀਨਾ ਪਹਿਲਾ 1 ਮਾਰਚ ਨੂੰ ਯੁੱਧ ਨਸਿਆਂ ਵਿਰੁੱਧ ਮੂਹਿੰਮ ਦੀ ਸੁਰੂਆਤ ਕੀਤੀ ਗਈ ਸੀ ਅਤੇ ਅੱਜ ਜਿਲ੍ਹਾ ਪਠਾਨਕੋਟ ਦੇ ਹਰੇਕ ਪਿੰਡ ਅੰਦਰ ਸਥਾਪਤ ਕੀਤੀ ਵਿਲੈਜ ਡਿਫੈਂਸ ਕਮੇਟੀਆਂ ਅਤੇ ਵਾਰਡ ਕਮੇਟੀਆਂ ਦੇ ਮੈਂਬਰ ਸਾਹਿਬਾਨਾਂ ਦੇ ਨਾਲ ਮੀਟਿੰਗ ਆਯੋਜਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਕਰੀਬ 421 ਪਿੰਡਾਂ ਵਿੱਚੋਂ ਇੱਕ ਇੱਕ ਕਮੇਟੀ ਮੈਂਬਰ ਨੂੰ ਬੁਲਾਇਆ ਗਿਆ ਹੈ ਅਤੇ ਇਸੇ ਹੀ ਤਰ੍ਹਾਂ ਪਠਾਨਕੋਟ ਕਾਰਪੋਰੇਸਨ, ਨਗਰ ਕੌਂਸਲ ਸੁਜਾਨਪੁਰ ਅਤੇ ਨਗਰ ਪੰਚਾਇਤ ਨਰੋਟ ਜੈਮਲ ਸਿੰਘ ਜਿਸ ਦੇ ਕੁਲ 70 ਵਾਰਡ ਬਣਦੇ ਹਨ ਅਤੇ ਵਾਰਡ ਕਮੇਟੀਆਂ ਦੇ ਮੈਂਬਰ ਸਾਹਿਬਾਨ ਵੀ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਯੁੱਧ ਨਸਿਆਂ ਵਿਰੁੱਧ ਉਪਰਾਲਾ ਅੱਜ ਪੂਰਾ ਇੱਕ ਮਹੀਨਾ ਹੋ ਗਿਆ ਹੈ ਅਤੇ ਇਸ ਇੱਕ ਮਹੀਨੇ ਦੋਰਾਨ ਜਿਲ੍ਹਾ ਪਠਾਨਕੋਟ ਦੀ ਪੁਲਿਸ ਵੱਲੋਂ ਬਹੁਤ ਹੀ ਵਧੀਆ ਉਪਰਾਲੇ ਕੀਤੇ ਗਏ ਹਨ ਅਤੇ ਬਹੁਤ ਹੀ ਰੋਚਕ ਤੱਥ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸਾ ਮੁਕਤ ਬਣਾਉਂਣ ਦੇ ਨਾਲ ਨਾਲ ਪੰਜਾਬ ਸਰਕਾਰ ਵੱਲੋਂ ਨੋਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਪਿੰਡਾਂ ਅੰਦਰ ਖੇਡ ਸਟੇਡੀਅਮ ਵੀ ਸਥਾਪਤ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇੱਕ ਮਹੀਨੇ ਦੋਰਾਨ ਪੂਰੇ ਪੰਜਾਬ ਅੰਦਰ ਕਰੀਬ 2300 ਦੇ ਕਰੀਬ ਐਫ.ਆਈ.ਆਰ। ਦਰਜ ਕੀਤੀਆਂ ਗਈਆਂ ਹਨ ਅਤੇ 3800 ਦੇ ਕਰੀਬ ਨਸੇ ਦਾ ਕਾਰੋਬਾਰ ਕਰਨ ਵਾਲੇ ਦੋਸਿਆਂ ਖਿਲਾਫ ਕਾਰਵਾਈ ਕਰਦਿਆਂ ਜੇਲਾਂ ਅੰਦਰ ਵੀ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਖੁੱਲੀ ਚੇਤਾਵਨੀ ਹੈ ਕਿ ਜਾਂ ਤਾਂ ਅਜਿਹੇ ਕੰਮ ਬੰਦ ਕਰ ਦੇਣ ਨਹੀਂ ਤਾਂ ਪੰਜਾਬ ਛੱਡ ਕੇ ਚਲੇ ਜਾਣ। ਉਨ੍ਹਾਂ ਕਿਹਾ ਕਿ ਸਰਹੱਦ ਪਾਰ ਤੋਂ ਨਸੇ ਦਾ ਕਾਰੋਬਾਰ ਕਰਨ ਲਈ ਜਿਨ੍ਹਾਂ ਡਰੋਨਜ ਦੀ ਸਹਾਇਤਾ ਲਈ ਜਾਂਦੀ ਹੈ ਉਸ ਨੂੰ ਰੋਕਣ ਦੇ ਲਈ ਪੰਜਾਬ ਸਰਕਾਰ ਵੱਲੋਂ ਵਿਸੇਸ ਉਪਕਰਨ ਖਰੀਦੇ ਜਾਣੇ ਹਨ ਇਸ ਲਈ ਬਜਟ ਅੰਦਰ ਵੀ ਵਿਸੇਸ ਪੈਕੇਜ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਅਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ ਸਾਹਿਬਾਨਾਂ ਨੂੰ ਵੀ ਅਪੀਲ ਹੈ ਕਿ ਯੁੱਧ ਨਸਿਆਂ ਵਿਰੁੱਧ ਚਲਾਈ ਮੂਹਿੰਮ ਵਿੱਚ ਅਪਣਾ ਸਹਿਯੋਗ ਦਿ ।

ਇਸ ਤੋਂ ਇਲਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਯੁੱਧ ਨਸਿਆਂ ਵਿਰੁੱਧ ਕਾਰਵਾਈ ਕਰਦਿਆਂ ਜਿਲ੍ਹਾ ਪ੍ਰਸਾਸਨ ਵੱਲੋਂ ਸਿਵਲ ਹਸਪਤਾਲ ਅੰਦਰ ਚਲਾਇਆ ਜਾ ਰਿਹਾ ਨਸਾ ਛੁਡਾਓ ਕੇਂਦਰ ਵਿੱਚ ਵੀ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸਾਸਨ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਕੀਤਾ ਜਾ ਰਿਹਾ ਹੈ ਤਾਂ ਜੋ ਜਿਲ੍ਹਾ ਪਠਾਨਕੋਟ ਨੂੰ ਵੀ ਨਸਾ ਮੁਕਤ ਬਣਾਇਆ ਜਾ ਸਕੇ।

ਸ੍ਰੀ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਮੂਹਿੰਮ ਯੁੱਧ ਨਸਿਆਂ ਵਿਰੁੱਧ ਦੋਰਾਨ ਇੱਕ ਮਹੀਨੇ ਦੀ ਕੀਤੀ ਕਾਰਗੁਜਾਰੀ ਤੇ ਰੋਸਨੀ ਪਾਈ। ਉਨ੍ਹਾਂ ਦੱਸਿਆ ਕਿ ਮੂਹਿੰਮ ਅਧੀਨ ਕਾਰਵਾਈ ਕਰਦਿਆਂ ਕਰੀਬ ਸਵਾ ਕਿਲੋਂਗ੍ਰਾਮ ਹੈਰੋਇਨ ਅਤੇ ਸਵਾ ਕਿਲੋਗ੍ਰਾਮ ਗਾਂਜਾ ਵੀ ਬਰਾਮਦ ਕੀਤਾ ਗਿਆ ਹੈ ਅਤੇ ਇਸ ਅਧੀਨ ਹੀ ਕਰੀਬ 81 ਦੋਸਿਆਂ ਖਿਲਾਫ ਕਾਰਵਾਈ ਕਰਦਿਆਂ 54 ਮਾਮਲੇ ਵੀ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਭਵਿੱਖ ਅੰਦਰ ਜਿਲ੍ਹਾ ਪਠਾਨਕੋਟ ਵਿੱਚ ਯੁੱਧ ਨਸਿਆਂ ਵਿਰੁੱਧ ਮੁਹਿੰਮ ਨੂੰ ਹੋਰ ਵੀ ਤੇਜ ਕੀਤਾ ਜਾਵੇਗਾ।

# ਕਰਨਲ ਦੀ ਕੁੱਟਮਾਰ ਮਾਮਲੇ ’ਚ ਪਰਿਵਾਰ ਨੇ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ-** ਪਟਿਆਲਾ ਦੇ ਰਜਿੰਦਰਾ ਹਸਪਤਾਲ ਦੇ ਬਾਹਰ ਪੁਲੀਸ ਮੁਲਾਜ਼ਮਾਂ ਵੱਲੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੀ ਕਥਿਤ ਕੁੱਟਮਾਰ ਦੇ ਮਾਮਲੇ ਵਿੱਚ ਇਨਸਾਫ ਦੀ ਮੰਗ ਲਈ ਕਰਨਲ ਦਾ ਪਰਿਵਾਰ ਸੋਮਵਾਰ ਨੂੰ ਇਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਿਆ। ਦੱਸਿਆ ਜਾਂਦਾ ਹੈ ਕਿ ਇਸ ਮੌਕੇ ਜਿਥੇ ਪਰਿਵਾਰ ਨੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਦੁਹਰਾਈ, ਉਥੇ ਮੁੱਖ ਮੰਤਰੀ ਨੇ ਪਰਿਵਾਰ ਨੂੰ ਨਿਰਪੱਖ ਜਾਂਚ ਕਰਾਉਣ ਤੇ ਇਨਸਾਫ਼ ਦਿਵਾਉਣ ਦਾ ਯਕੀਨ ਦਿਵਾਇਆ ਹੈ।

ਇਹ ਮੁਲਾਕਾਤ ਮੁੱਖ ਮੰਤਰੀ ਦੀ ਇਥੇ ਸਥਿਤ ਸਰਕਾਰੀ ਰਿਹਾਇਸ਼ ਵਿਚ ਹੋਈ। ਇਸ ਸਬੰਧ ਵਿਚ ਪਟਿਆਲਾ ਤੋਂ ਚੰਡੀਗੜ੍ਹ ਪੁੱਜਣ ਵਾਲਿਆਂ ਵਿਚ ਕਰਨਲ ਬਾਠ ਦੀ ਪਤਨੀ ਜਸਵਿੰਦਰ ਕੌਰ ਬਾਠ, ਉਹਨਾਂ



ਦੇ ਪਰਿਵਾਰਿਕ ਮੈਂਬਰ ਅਤੇ ਉਨ੍ਹਾਂ ਦੇ ਹਮਾਇਤੀ ਸ਼ਾਮਲ ਸਨ। ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਸਵਿੰਦਰ ਕੌਰ ਬਾਠ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਮਲੇ ਦੀ ਜਾਂਚ ਲਈ ਚੌਥੀ ਵਾਰ ਸਿੱਟ ਬਦਲੀ ਗਈ ਹੈ।

ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਕਿਵੇਂ ਕਰਨਲ ਦੀ ਕੁੱਟਮਾਰ ਦੇ ਮਾਮਲੇ ਵਿੱਚ ਪੁਲੀਸ ਮੁਲਾਜ਼ਮਾਂ ਨੂੰ ਬਚਾਉਣ ਲੱਗੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਐਸਐਸਪੀ ਪਟਿਆਲਾ ਡਾ. ਨਾਨਕ ਸਿੰਘ ਨੂੰ ਬਦਲਿਆ ਜਾਵੇ। ਉਹਨਾਂ ਕਿਹਾ ਕਿ ਉਹਨਾਂ ਨੂੰ ਪੰਜਾਬ ਪੁਲੀਸ ਤੋਂ ਇਨਸਾਫ ਮਿਲਣ ਦਾ ਭਰੋਸਾ ਨਹੀਂ ਹੈ। ਇਸ ਲਈ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਤੋਂ ਕਰਵਾਈ ਜਾਵੇ।


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

# ਦੁਨੀਆਂ ਦੀ ਸਭ ਤੋਂ ਲੰਮੀ ਟ੍ਰੇਨ- ਦ ਆਸਟ੍ਰੇਲੀਅਨ ਬੀਐਚਪੀ ਆਇਰਨ ਓਰ

ਦੁਨੀਆਂ ਦਾ ਹਰ ਦੇਸ਼ ਆਪਣੇ ਇੰਜਨੀਅਰਾਂ, ਡਾਕਟਰਾਂ, ਵਿਗਿਆਨਿਕਾਂ ਦੇ ਜ਼ਰੀਏ ਇੱਕ ਵੱਖਰੇ ਨਵੇਂ ਮਾਅਰਕੇ ਦੇ ਮੁਕਾਮ ਨਾਲ ਆਪਣਾ ਨਾਮ ਦੁਨੀਆਂ ਚ ਚਮਕਾਉਣ ਅਤੇ ਵਰਲਡ ਰਿਕਾਰਡ ਬਣਾਉਣ ਦੀ ਕੋਸ਼ਿਸ਼



ਚ ਰਹਿੰਦਾ ਹੈ। ਜਿਵੇਂ ਭਾਰਤ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਰੇਲਵੇ ਨੈੱਟਵਰਕ ਹੋਣ ਦਾ ਰਿਕਾਰਡ ਹੈ।ਇਸੇ ਤਰ੍ਹਾਂ ਅਣਥੱਕ ਮਿਹਨਤ ਦੀਆਂ ਕੋਸ਼ਿਸ਼ਾਂ ਨਾਲ ਆਸਟ੍ਰੇਲੀਆ ਨੇ ਦੁਨੀਆਂ ਦੀ ਸਭ ਲੰਮੀ ਅਤੇ ਸਭ ਤੋਂ ਵੱਧ ਭਾਰ ਢੋਣ ਵਾਲੀ ਮਾਲ ਗੱਡੀ ਚਲਾ ਕੇ ਰਿਕਾਰਡ ਰਿਕਾਰਡ ਆਪਣੇ ਨਾਮ ਕਰ ਲਿਆ ਹੈ। 21 ਜੂਨ 2001 ਚਲਾਈ ਗਈ ਇਸ ਮਾਲ ਵਾਹਕ ਰੇਲ ਗੱਡੀ ਦੀ ਕੁੱਲ ਲੰਬਾਈ 7.353 ਕਿਲੋਮੀਟਰ ਜਾਂ 4.57 ਮੀਲ ਜਾਂ 24123 ਫੁੱਟ ਅਤੇ 11.61 ਇੰਚ ਸੀ, ਜੋ ਕਿ ਦੁਨੀਆਂ ਦੇ ਸਭ ਤੋਂ ਉੱਚੇ ਟਾਵਰ ਆਈਫਲ ਟਾਵਰ ਦੀ ਉਚਾਈ ਤੋਂ 24 ਗੁਣਾਂ ਵੱਡੀ ਸੀ।ਇਸ ਰੇਲ ਗੱਡੀ ਦੇ 682 ਡੱਬੇ ਸਨ ਅਤੇ ਇਸਨੂੰ ਖਿੱਚਣ ਲਈ ਬੀਐਚਪੀ ਆਇਰਨ ਰ ਕੰਪਨੀ ਦੇ ਬਣਾਏ 8 ਨੰਬਰ ਡੀਜ਼ਲ ਅਤੇ ਬਿਜਲੀ ਵਾਲੇ ਤਾਕਤਵਰ ਜੀਈ ਏਸੀ 6000 ਸੀ ਡਬਲਯੂ ਇੰਜਣ ਲਗਾਏ ਗਏ ਸਨ।



ਮੌਜੂਦਾ ਸਮੇਂ ਚਲਦੀਆਂ ਰੇਲਗੱਡੀਆਂ ਦੇ ਅਕਸਰ 16 ਤੋਂ 20 ਤੱਕ ਡੱਬੇ ਲਗਾਏ ਹੁੰਦੇ ਹਨ, ਪਰ ਇਹ ਭਾਰਤ ਦੀਆਂ 34 ਗੱਡੀਆਂ ਦੀ ਲੰਬਾਈ ਦੇ ਬਰਾਬਰ ਲੰਮੀ ਸੀ।

ਦੁਨੀਆਂ ਦੀ ਸਭ ਤੋਂ ਲੰਮੀ ਟ੍ਰੇਨ ਦਾ ਰਿਕਾਰਡ ਬਣਾਉਣ ਦੇ ਨਾਲ ਨਾਲ ਇਹ ਦੁਨੀਆਂ ਦੀ ਸਭ ਤੋਂ ਵੱਧ ਭਾਰ ਢੋਣ ਵਾਲੀ ਰੇਲ ਗੱਡੀ ਦਾ ਰਿਕਾਰਡ ਵੀ ਇਸਦੇ ਹੀ ਨਾਮ ਹੈ। ਇਹ ਮਾਲ ਵਾਹਕ ਰੇਲ ਗੱਡੀ ਇੱਕ ਵਾਰ ਚ 48000 ਟਨ ਜਾਂ 82000 ਮੀਟ੍ਰਿਕ ਟਨ ਭਾਰ ਦੇ ਮਾਲ ਦੀ ਢੋਆ ਢੁਆਈ ਕਰਦੀ ਸੀ ਅਤੇ ਇਸ ਨਾਲ ਲੋਹੇ ਦੀਆਂ ਖਾਣਾ ਤੋਂ ਕੱਚਾ ਲੋਹਾ ਢੋਇਆ ਜਾਂਦਾ ਸੀ।

ਇਸ ਰੇਲ ਗੱਡੀ ਨੂੰ ਬਣਾਉਣ ਚ 181 ਮਿਲੀਅਨ ਪੌਂਡ ਖਰਚਾ ਆਇਆ ਸੀ ,ਜਿਸ ਵਿੱਚ ਦੋ ਵੱਡੀਆਂ ਕੰਪਨੀਆਂ ਬਿਲਟਨ ਲਿਮਟਿਡ ਅਤੇ ਬੀਐਚਪੀ ਕੰਪਨੀ ਹਿੱਸੇਦਾਰ ਸਨ।ਇਸ ਵਿਚ ਬਿਲਟਨ ਲਿਮਟਿਡ ਕੰਪਨੀ ਦੀ 58 ਪ੍ਰਤੀਸ਼ਤ ਅਤੇ ਬੀਐਚਪੀ ਕੰਪਨੀ ਦੀ 42 ਪ੍ਰਤੀਸ਼ਤ ਹਿੱਸੇਦਾਰੀ ਸੀ।

'ਦ ਆਸਟ੍ਰੇਲੀਅਨ ਬੀਐਚਪੀ ਆਇਰਨ ਰ' ਨਾਮ ਦੀ ਇਸ ਰੇਲ ਗੱਡੀ ਨੂੰ ਮਾਊਂਟ ਨਿਊਮੈਨ ਕੰਪਨੀ ਨੇ ਆਪਣੇ ਰੇਲਵੇ ਟਰੈਕ ਤੇ ਆਸਟ੍ਰੇਲੀਆ ਦੇ ਪਿਲਵਾੜਾ (ਯਾਂਡੀ) ਮਾਈਨ ਤੋਂ ਪੋਰਟ ਹੇਡਲੈਂਡ, ਪੱਛਮੀ ਅਸਟ੍ਰੇਲੀਆ ਤੱਕ ਚਲਾਇਆ ਗਿਆ ਸੀ। ਇਸ ਨੂੰ ਬਣਾਉਣ ਲਈ 82000 ਟਨ ਲੋਹੇ ਦੀ ਵਰਤੋਂ ਕੀਤੀ ਗਈ ਸੀ ਅਤੇ ਇਸਦਾ ਆਪਣਾ ਹੀ ਵਜਨ 99734 ਟਨ ਸੀ। ਇਹ 275 ਕਿਲੋਮੀਟਰ ਜਾਂ 171 ਮੀਲ ਦਾ ਸਫ਼ਰ 10 ਘੰਟਿਆਂ ਵਿੱਚ ਪੂਰਾ ਕਰ ਦਿੰਦੀ ਸੀ।

ਇਸ ਟ੍ਰੇਨ ਨੇ ਦੱਖਣੀ ਅਫਰੀਕਾ ਦੀ 660 ਡੱਬਿਆਂ ਵਾਲੀ ਸਭ ਤੋਂ ਲੰਮੀ ਟ੍ਰੇਨ ਦਾ ਰਿਕਾਰਡ ਤੋੜ ਕੇ "ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼" ਆਪਣਾ ਨਾਂ ਦਰਜ ਕਰਵਾ ਲਿਆ ਹੈ।

ਇਸ ਟ੍ਰੇਨ ਨੂੰ ਬਣਾਉਣ ਲਈ ਉਸ ਸਮੇਂ ਦੀ ਹਾਈ ਟੈਕਨਾਲੋਜੀ ਦੀ ਵਰਤੋਂ ਕੀਤੀ ਗਈ ਸੀ। ਇਹ ਰੇਲਗੱਡੀ ਨਿਰੰਤਰ ਭਾਰ ਢੋਣ ਲਈ ਚਲਦੀ ਰਹੀ ਹੈ, ਪਰ 2003 ਵਿੱਚ ਇਸਦਾ ਆਕਾਰ ਛੋਟਾ ਕਰ ਦਿੱਤਾ ਗਿਆ ਸੀ, ਜੋ ਘਟਦਾ ਘਟਦਾ ਹੁਣ ਆਮ ਗੱਡੀਆਂ ਜਿੰਨਾ ਹੀ ਹੋ ਗਿਆ ਹੈ। ਹੁਣ ਇਸ ਦੇ ਡੱਬਿਆਂ ਦੀ ਗਿਣਤੀ 260 ਅਤੇ 4 ਬਿਜਲਈ ਇੰਜਣ ਕਰ ਦਿੱਤੀ ਗਈ ਹੈ।

**– ਇੰਜੀ. ਸਤਨਾਮ ਸਿੰਘ ਮੱਟੂ 9779708257**

# ਬਾਬਾ ਸਾਹਿਬ ਡਾ. ਭੀਮ ਜੀ ਬਾਰੇ ਇਤਰਾਜ਼ਯੋਗ ਟਿਪਣੀ ਕਰਨ 'ਤੇ ਚੰਨੀ ਨੇ ਕੀਤੀ ਸਖਤ ਸ਼ਬਦਾਂ 'ਚ ਨਿਖੇਧੀ

**ਲਸਾੜਾ/ਫਿਲੌਰ (ਬੱਗਾ ਸੇਲਕੀਆਣਾ)–** ਵਿਧਾਨ ਸਭਾ ਫਿਲੌਰ ਦੇ ਪਿੰਡ ਨੰਗਲ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਭੀਮ ਰਾ ਅੰਬੇਦਕਰ ਸਾਹਿਬ ਦੇ ਸਟੈਚੂ ਉਪਰ ਖਾਲਿਸਤਾਨ ਦੇ ਨਾਅਰੇ ਅਤੇ ਬਾਬਾ ਸਾਹਿਬ ਬਾਰੇ ਘਟੀਆ ਅਪਮਾਨਜਨਕ ਟਿੱਪਣੀ ਕਰਨ ਤੇ ਸੰਸਦ ਮੈਂਬਰ ਸ੍ਰ ਚਰਨਜੀਤ ਸਿੰਘ ਚੰਨੀ ਸਾ ਮੁੱਖ ਮੰਤਰੀ ਪੰਜਾਬ ਮੌਕੇ ਤੇ ਪਹੁੰਚ ਕੇ ਆਖਿਆ ਕਿ ਸ਼ਰਾਰਤੀ ਅਨਸਰਾਂ ਵਲੋਂ ਸੂਬੇ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਲਈ ਇਹ ਸਭ ਸੋਚੀ ਸਮਝੀ ਚਾਲ ਮੁਤਾਬਕ ਹੋਇਆ ਉਨਾਂ ਕਿਹਾ ਕਿ ਘਟੀਆ ਮਾਨਸਿਕਤਾ ਵਾਲੇ ਲੋਕ ਨਹੀ ਚਾਹੁੰਦੇ ਕਿ ਸਾਡਾ ਦੇਸ਼ ਖੁਸ਼ਹਾਲ ਹੋਵੇ ਤੇ ਸਾਡਾ ਦੇਸ਼ ਤਰੱਕੀ ਕਰੇ ਇਹ,ਸਭ ਲੋਕਾਂ ਨੂੰ ਭੜਕਾਉਣ ਲਈ ਹੋ ਰਿਹਾ ਹੈ ਪਰ ਤੁਸੀ ਆਪਣੀ ਆਪਸੀ ਸਾਂਝ ਬਣਾਕੇ ਰੱਖੋ ਤੇ ਸਾਨੂੰ ਇਸ ਤਰਾਂ ਦੀਆ ਘਟਨਾਵਾ ਨੂੰ ਰੋਕਣ ਲਈ ਇਕਜੁੱਟ ਹੋਣ ਦੀ ਲੋੜ ਹੈ ਤੇ ਇਸ ਘਟਨਾ ਸਬੰਧੀ ਐੱਸ ਐੱਸ ਪੀ ਸਾਬ ਜਲੰਧਰ ਨਾਲ ਗੱਲ ਹੋ ਗਈ ਤੇ ਉਨਾਂ



ਸ਼ਰਾਰਤੀ ਅਨਸਰਾਂ ਖਿਲਾਫ ਪਰਚਾ ਦਰਜ ਹੋ ਗਿਆ ਤੇ ਜਲਦ ਫੜ ਲਏ ਜਾਣਗੇ ਇਸ ਮੌਕੇ ਕਾਂਗਰਸ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨਾਲ ਛੇੜਛਾੜ ਸਮੇ ਦੀਆ ਸਰਕਾਰਾਂ ਦੀ ਕੋਝੀ ਚਾਲ- ਕਰੀਮਪੁਰੀ

**ਲਸਾੜਾ/ਫਿਲੌਰ (ਬੱਗਾ ਸੇਲਕੀਆਣਾ)–** ਯੁੱਗ-ਪੁਰਸ਼ ਬਾਬਾ ਸਾਹਿਬ ਡਾ. ਭੀਮ ਰਾ ਅੰਬੇਦਕਰ ਸਾਹਿਬ ਜੀਦੇ ਸਟੈਚੂ ਉਪਰ ਗਲਤ ਲਿਖਣਾ ਤੇ ਗਲਤ ਬੋਲਣਾ ਸਮੇ ਦੀਆਂ ਸਰਕਾਰਾਂ ਦੀ ਕੋਝੀ ਚਾਲ ਹੈ ਇਨਾ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰ ਨੇ ਫਿਲੌਰ ਵਿਖੇ ਘਟਨਾ ਸਥਾਨ ਤੇ ਪਹੁੰਚ ਕੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕੀਤਾ ਉਨਾ ਆਖਿਆ ਕਿ ਭਾਰਤ ਦਾ ਨਿਰਮਾਣ ਕਰਨ ਵਿਚ ਬਾਬਾ ਸਾਹਿਬ ਡਾ ਭੀਮ ਰਾ ਅੰਬੇਡਕਰ ਜੀ ਦਾ ਬਹੁਤ ਵੱਡਾ ਸਹਿਯੋਗ ਹੈ ਇਹ ਸਮੇ ਦੀਆ ਸਰਕਾਰਾਂ ਦੇ ਲੋਕਾ ਨੂੰ ਕੀ ਪਤਾ ਕਿ ਡਾ ਭੀਮ ਰਾ ਜੀ ਦੀ ਦੇਸ਼ ਨੂੰ ਕੀ ਦੇਣ ਹੈ ਇਨਾਂ ਨੂੰ ਸਮਝਣ ਦੀ ਲੋੜ ਹੈ ਤੇ ਜਦੋ ਪਹਿਲਾ ਦਿਲੀ ਸੰਸਦ ਵਿੱਚ ਭਾਜਪਾ ਦੇ ਮੰਤਰੀ ਅਮਿਤ ਸ਼ਾਹ ਨੇ ਘਟੀਆ ਤੇ ਮਾੜੀ ਸ਼ਬਦਾਵਲੀ ਵਰਤੀ ਉਸ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀ ਹੋਈ ਫਿਰ ਸ਼੍ਰੀ ਅਮ੍ਰਿਤਸਰ ਸਾਹਿਬ ਵਿਖੇ ਘਟਨਾ ਹੋਈ ਤੇ ਇਸ ਤਰਾਂ ਦੀਆਂ ਘਟਨਾਵਾਂ ਬੰਦ ਕਰਨ ਲਈ ਅਸੀ ਸੂਬਾ ਸਰਕਾਰ ਨੂੰ ਆਖਿਆ ਸੀ ਕਿ ਪੰਜਾਬ ਵਿਚ ਜਿੰਨੇ ਵੀ ਬਾਬਾ ਸਾਹਿਬ ਡਾ।ਭੀਮ ਰਾ ਜੀ ਦੇ ਸਟੈਚੂ ਸਥਾਪਤ ਹਨ ਉਨਾਂ।ਕੋਲ ਸਕਿਊਰਟੀ ਲਗਾਈ ਜਾਵੇ ਤਾਂ ਜੋ ਦਵਾਰਾ ਇਸ ਤਰਾਂ ਦੀ ਘਟਨਾ ਨਾ ਹੋਵੇ ਅਗਰ ਉਸ ਸਮੇ ਸੂਬੇ ਦੀ ਸਰਕਾਰ ਨੇ ਸਾਡਾ ਕਹਿਣਾ ਮੰਨਿਆ ਹੁੰਦਾ ਤਾਂ ਇਹ ਘਟਨਾ ਨਾ ਹੁੰਦੀ ਤੇ ਹੁਣ ਇਹ ਫਿਲੋਰ 'ਚ ਇਸ ਘਟਨਾ ਹੋਈ ਇਹ ਸਭ ਸ਼ਰਾਰਤੀ ਲੋਕਾਂ ਦਾ ਕੰਮ ਹੈ ਇਸ ਲਈ ਭਾਜਪਾ ਅਤੇ ਸੂਬੇ ਦੀ ਮੌਜੂਦਾ ਸਰਕਾਰ ਇਸ ਤਰਾਂ।ਦੀਆ ਘਟਨਾਵਾਂ ਨੂੰ ਤਰਜੀਹ ਦੇ ਰਹੀ ਉਨਾ ਕਿ ਜੋ ਜੱਥੇਬੰਦੀਆ ਜਾਂ ਸਰਕਾਰਾਂ ਘਟੀਆ ਸੋਚ ਵਾਲੇ ਲੋਕ ਹਨ ਉਹ ਇਸ ਤਰਾਂ ਦੇ ਮਾੜੇ ਕੰਮ ਛੱਡ ਦੇਣ ਤੇ ਉਨਾ ਕਿਹਾ ਕਿ ਅਗਰ ਇਹ ਸ਼ਰਾਰਤੀ ਅਨਸਰ ਨਾ ਫੜੇ ਤਾਂ ਅਸੀ ਧਰਨੇ ਰੋਸ ਪ੍ਰਦਰਸ਼ਨ ਤੇ ਰੋਡ ਬੰਦ ਕਰਾਂਗੇ ਇਸ ਮੌਕੇ ਬਸਪਾ ਵਰਕਰਾਂ ਵਲੋ ਨਾਅਰੇ ਬਾਜੀ ਕੀਤੀ ਗਈ।


HAPPY BAZAAR

HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

# ਬਾਬਾ ਸਾਹਿਬ ਦੇ ਬੁੱਤਾਂ ਦਾ ਲਗਾਤਾਰ ਅਪਮਾਨ 'ਆਪ' ਸਰਕਾਰ ਦਾ ਆਪਣੀ ਨਾਕਾਮੀ ਤੋਂ ਧਿਆਨ ਭਟਕਾਉਣ ਦਾ ਜ਼ਰੀਆ- ਕਰੀਮਪੁਰੀ

**ਲੁਧਿਆਣਾ–** ਸਰਕਟ ਹਾਊਸ ਵਿਖੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਪੰਜਾਬ ਦੇ 8ਵੇਂ ਜ਼ੋਨ ਦੀ ਆਖ਼ਰੀ ਮੀਟਿੰਗ ਹੋਈ ਜਿਸ ਵਿੱਚ ਸੂਬੇ ਦੇ ਇੰਚਾਰਜ ਵਿਪੁਲ ਕੁਮਾਰ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਦੌਰਾਨ ਉਨ੍ਹਾਂ ਕਿਹਾ ਕਿ 'ਬਸਪਾ' ਲੀਡਰਸ਼ਿਪ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਸੰਭਾਲੋ' ਮੁਹਿੰਮ ਨੂੰ ਅਸੀਂ ਪਿੰਡਾਂ, ਸ਼ਹਿਰਾਂ, ਬੱਸ ਅੱਡਿਆਂ, ਜਨਤਿਕ ਥਾਵਾਂ ਅਤੇ ਹਰੇਕ ਵਿਅਕਤੀ ਤੱਕ ਇਸ ਏਜੰਡੇ ਨੂੰ ਪਹੁੰਚਾ ਰਹੇ ਹਾਂ ਤਾਂ ਜੋ ਪਾਰਟੀ ਦਾ ਜਥੇਬੰਦਕ ਢਾਂਚਾ ਮਜ਼ਬੂਤ ਹੋ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਮੁਕੰਮਲ ਹੋ ਚੁੱਕੀਆਂ ਹਨ ਤੇ ਵਿਧਾਨ ਸਭਾ ਦੀਆਂ ਮੀਟਿੰਗਾਂ ਜਾਰੀ ਹਨ, ਜਿਸਦੇ ਸਿੱਟੇ ਵਜੋਂ ਅੱਠ ਜ਼ੋਨਾਂ ਚੋਂ ਕਰੀਬ 32 ਲੀਡਰ ਨਿਯੁਕਤ ਕੀਤੇ ਗਏ ਹਨ, ਜੋ ਕਿ ਹਰ ਪੰਜਾਬੀ ਤੱਕ ਇਸ ਮੁਹਿੰਮ ਨੂੰ ਪਹੁੰਚਾ ਰਹੇ ਹਨ ਤੇ ਲੋਕਾਂ ਨੂੰ ਮੁਹਿੰਮ ਨਾਲ ਜੋੜ ਰਹੇ ਹਨ। ਸੂਬਾ ਪ੍ਰਧਾਨ ਸ੍ਰ ਕਰੀਮਪੁਰੀ ਨੇ ਕਿਹਾ ਕਿ ਪਿੰਡ ਨੰਗਲ 'ਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ ਤੋੜਨ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਦੇ ਸੰਜੀਦਾ ਵਿਸ਼ਿਆਂ ਪ੍ਰਤੀ ਸੂਬਾ ਸਰਕਾਰ ਗ਼ੈਰ ਸੰਜੀਦਾ ਹੈ, ਸਾਡੇ ਵੱਲੋਂ ਸੂਬਾ ਸਰਕਾਰ ਨੂੰ ਸਲਾਹ ਦਿੱਤੀ ਗਈ ਸੀ ਕਿ ਜਿੱਥੇ ਵੀ ਅੰਬੇਡਕਰ ਜੀ, ਫੂਲੇ ਜੀ, ਸ਼ਾਹੂ ਜੀ ਤੇ ਕਾਂਸ਼ੀ ਰਾਮ ਜੀ ਆਦਿ ਮਹਾਂਪੁਰਖਾਂ ਦੇ ਬੁੱਤ ਲੱਗੇ ਹਨ, ਪੰਜਾਬ ਸਰਕਾਰ ਉੱਥੇ ਹਮੇਸ਼ਾ ਲਈ ਸੁਰੱਖਿਆ ਦੇ ਪ੍ਰਬੰਧ ਕਰੇ, ਪਰ ਸਰਕਾਰ ਸੰਜੀਦਗੀ ਨਾਲ ਕਾਰਜ ਕਰਨ 'ਚ ਨਾਕਾਮ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਫਿਲੌਰ ਦੇ ਪਿੰਡ ਨੰਗਲ 'ਚ ਜਿੱਥੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦਾ ਅਪਮਾਨ ਕੀਤੀ ਗਿਆ, ਉਸ ਥਾਂ 'ਤੇ ਬਹੁਜਨ ਸਮਾਜ ਪਾਰਟੀ ਵੱਲੋਂ ਪੱਕੇ ਤੌਰ 'ਤੇ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ, ਜਦ ਤੱਕ ਦੋਸ਼ੀ ਫੜ੍ਹੇ ਨਹੀਂ ਜਾਂਦੇ ਉਦੋਂ ਤੱਕ ਉਹ ਧਰਨਾ ਬਰਕਰਾਰ ਰਹੇਗਾ। ਉਹਨਾਂ ਇਸ ਘਟਨਾ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦਾ ਇੰਟੈਲੀਜੈਂਸ ਫੇਲੀਅਰ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਗੁਰਪਤਵੰਤ ਪੰਨੂੰ ਵਰਗੇ ਦੇਸ਼ ਵਿਰੋਧੀ ਲੋਕ ਪੰਜਾਬ ਦੇ ਅਮਨ ਨੂੰ ਅੱਗ ਲਗਾਉਣੀ ਚਾਹੁੰਦੇ ਹਨ, ਜੋ ਕਿ ਇੱਕ ਸਾਜਿਸ਼ ਨੂੰ ਦਰਸਾਉਂਦਾ ਹੈ ਜਿਸ ਵਿੱਚ ਪੰਜਾਬ ਦੇ ਅਮਨ ਨੂੰ ਬਰਦਾਸ਼ਤ ਨਾ ਕਰਨ ਵਾਲੀਆਂ ਸਾਰੀਆਂ ਤਾਕਤਾਂ ਸ਼ਾਮਿਲ ਹਨ ਅਤੇ ਉਹ ਸੱਤਾਧਾਰੀ ਧਿਰਾਂ ਦਾ ਸਪੌਨਸਰਡ ਹੈ। ਉਨ੍ਹਾਂ ਕਿਹਾ ਕਿ ਅਸੀਂ ਦੋਸ਼ੀਆਂ 'ਤੇ ਐੱਨ ਐੱਸ ਏ ਲਗਾਉਣ ਦੀ ਮੰਗ ਕਰਦੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਹਰ ਮੁੱਦੇ ਨੂੰ ਹੱਲ ਨਹੀਂ ਕਰ ਸਕੀ ਹੈ, ਬਹੁਜਨ ਸਮਾਜ ਪਾਰਟੀ ਦੀ 'ਪੰਜਾਬ ਸੰਭਾਲੋ' ਮੁਹਿੰਮ ਤੋਂ ਘਬਰਾ ਕੇ ਸਰਕਾਰ ਅਜਿਹੀਆਂ ਘਟਨਾਵਾਂ ਜ਼ਰੀਏ ਲੋਕਾਂ ਦਾ ਸਰਕਾਰ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਜੋ ਤਿੰਨ ਸਾਲਾਂ ਬਾਅਦ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਈ ਜਾ ਰਹੀ ਹੈ, ਇਸਦਾ ਕਾਰਨ ਮੁੱਖ ਮੰਤਰੀ ਆਪ ਇਹ ਕਹਿ ਕੇ ਦਿੰਦੇ ਹਨ ਕਿ, "ਇਹ ਤਿੰਨ ਸਾਲ ਸਾਨੂੰ ਨਸ਼ਿਆਂ ਖ਼ਿਲਾਫ਼ ਤਿਆਰੀ ਕਰਨ ਲਈ ਲੱਗੇ ਹਨ, ਜੇਕਰ ਅਸੀਂ ਸ਼ੁਰੂਆਤ 'ਚ ਹੀ ਨਸ਼ਿਆਂ ਖ਼ਿਲਾਫ਼ ਕਾਰਵਾਈ ਆਰੰਭ ਕੇ ਇਸਦੀ ਸਪਲਾਈ ਨੂੰ ਰੋਕ ਦਿੰਦੇ ਤਾਂ ਜੋ ਨਸ਼ੇ ਦੇ ਆਦੀ ਹਨ, ਉਨ੍ਹਾਂ ਦਾ ਕੀ ਬਣਦਾ, ਅਸੀਂ ਨਸ਼ਾ ਛੁਡਾਊ ਕੇਂਦਰ ਬਣਾ ਰਹੇ ਹਾਂ ਤੇ ਤਿੰਨ-ਤਿੰਨ ਮਹੀਨੇ ਦੀਆਂ ਦਵਾਈਆਂ



ਇਕੱਠੀਆਂ ਕਰ ਰਹੇ ਹਾਂ।" ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਸ਼ਾ ਮੁਕਤੀ ਕੇਂਦਰਾਂ ਦੀ ਤਿੰਨ ਮਹੀਨੇ ਦੀ ਦਵਾਈ ਇਕੱਠੀ ਕਰਨ ਨੂੰ ਤਿੰਨ ਸਾਲ ਲੱਗ ਗਏ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਮੁੱਖ ਮੰਤਰੀ ਜੀ ਆਪ ਨਸ਼ਿਆਂ ਦੀ ਸਪਲਾਈ ਨੂੰ ਖ਼ਤਮ ਕਰਨਾ ਨਹੀਂ ਚਾਹੁੰਦੇ ਤੇ ਸਰਕਾਰ ਦੀ ਸਰਪ੍ਰਸਤੀ ਹੇਠ ਹੀ ਨਸ਼ਾ ਮਾਫ਼ੀਆ ਨਸ਼ਾ ਸਪਲਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਪੱਛਮੀ ਦੀ ਹੋਣ ਜਾ ਰਹੀ ਜਿਮਨੀ ਚੋਣ ਬਾਰੇ ਕਿਹਾ ਕਿ ਅਸੀਂ 'ਬਸਪਾ' ਦੀ ਪੂਰੀ ਲੀਡਰਸ਼ਿਪ ਨਾਲ ਸਲਾਹ ਕਰਕੇ ਜਾਂ ਤਾਂ ਆਪਣੇ ਉਮੀਦਵਾਰ ਦਾ ਐਲਾਨ ਕਰਾਂਗੇ ਜਾਂ ਫੇਰ 'ਬਸਪਾ' ਦਾ ਜਿਮਨੀ ਚੋਣ 'ਚ ਰੋਲ ਕੀ ਹੋਏਗਾ, ਇਸ ਬਾਰੇ ਸੋਚਾਂਗੇ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਆਰ ਐੱਸ ਐੱਸ ਨੂੰ ਭਾਰਤੀ ਸੱਭਿਅਤਾ ਦਾ ਬੋਹੜ ਕਹਿਣ 'ਤੇ ਟਿੱਪਣੀ ਕੀਤੀ ਕਿ ਆਰ ਐੱਸ ਐੱਸ ਦੀ ਪ੍ਰੋਡਕਟ 'ਭਾਜਪਾ' ਹੈ, ਆਰ ਐੱਸ ਐੱਸ ਕਹਿੰਦੀ ਹੈ ਕਿ ਜੇ ਕੋਈ ਹਿੰਦੂ ਧਰਮ ਬਦਲਦਾ ਹੈ ਤਾਂ ਇਹ ਇੱਕ ਘਾਟਾ ਨਹੀਂ ਸਗੋਂ ਅਜਿਹਾ ਵਿਅਕਤੀ ਦੁਸ਼ਮਣਾਂ 'ਚ ਵਾਧਾ ਹੈ। ਉਨ੍ਹਾਂ ਕਿਹਾ ਕਿ 'ਭਾਜਪਾ' ਤੇ ਆਰ ਐੱਸ ਐੱਸ ਹਿੰਦੂਵਾਦ ਨੂੰ ਤਰਜ਼ੀਹ ਦਿੰਦੀ ਹੈ ਜੋ ਕਿ ਸੰਵਿਧਾਨ ਦੇ ਉਲਟ ਏਜੰਡਾ ਹੈ, ਇਸ ਲਈ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਸੰਵਿਧਾਨ ਦੀ ਧਰਮ ਨਿਰਪੱਖਤਾ ਨੂੰ ਲਾਗੂ ਕਰ ਸਕਦੀ ਹੈ ਕਿਉਂਕਿ ਇਹ ਪਾਰਟੀ ਬਾਬਾ ਸਾਹਿਬ ਦੇ ਸੰਵਿਧਾਨ 'ਤੇ ਪਹਿਰਾ ਦਿੰਦੀ ਹੈ।

ਇਸੇ ਦੌਰਾਨ 'ਬਸਪਾ' ਦੇ ਸੂਬਾ ਇੰਚਾਰਜ ਅਤੇ ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਡਾ। ਨਛੱਤਰਪਾਲ ਨੇ ਕਿਹਾ ਕਿ ਜਿਸ ਤਰ੍ਹਾਂ ਭੈਣ ਮਾਇਆਵਤੀ ਜੀ ਨੇ ਯੂ ਪੀ 'ਚ 'ਬਸਪਾ' ਦੇ ਏਜੰਡੇ ਤਹਿਤ ਕੰਮ ਕੀਤਾ ਸੀ ਠੀਕ ਉਸੇ ਤਰ੍ਹਾਂ ਸਾਡੇ ਵੱਲੋਂ ਵੀ ਇਸ ਏਜੰਡੇ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀ, ਗਰੀਬਾਂ, ਦਲਿਤਾਂ ਕੱਚੇ ਕਾਮਿਆਂ ਤੇ ਬੀ ਸੀ ਆਦਿ ਨਾਲ ਜੋ ਧੱਕਾ ਹੁੰਦਾ ਹੈ, ਉਸ ਬਾਰੇ ਦੂਜੀਆਂ ਪਾਰਟੀਆਂ ਦੇ ਲੀਡਰ ਸੈਸ਼ਨਾਂ ਜਾਂ ਕਿਸੇ ਹੋਰ ਮੰਚ 'ਤੇ ਜ਼ਿਕਰ ਨਹੀਂ ਕਰਦੇ, ਪਰ ਬਹੁਜਨ ਸਮਾਜ ਪਾਰਟੀ ਅਜਿਹੇ ਹਰੇਕ ਵਰਗ ਦੀ ਆਵਾਜ਼ ਨੂੰ ਹਮੇਸ਼ਾ ਚੁੱਕਦੀ ਹੈ। ਉਨ੍ਹਾਂ ਦੱਸਿਆ ਕਿ ਅਜਿਹਾ ਹਰੇਕ ਵਰਗ ਬਹੁਜਨ ਸਮਾਜ ਪਾਰਟੀ ਨਾਲ ਜੁੜਨ ਲਈ ਅੱਗੇ ਆ ਰਿਹਾ ਹੈ ਤੇ ਭਵਿੱਖ ਵਿੱਚ ਇਸ ਪਾਰਟੀ 'ਚ ਵੱਡਾ ਵਾਧਾ ਹੁੰਦਾ ਜ਼ਰੂਰ ਦਿਖਾਈ ਦਏਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਹਰ ਉਹ ਸਹੂਲਤ ਮੌਜੂਦ ਹੈ ਜਿਸ ਰਾਹੀਂ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ, ਜਿਸ ਨਾਲ ਇੱਥੋਂ ਦਾ ਨੌਜਵਾਨ ਬਾਹਰਲੇ ਮੁਲਕਾਂ 'ਚ ਜਾਣ ਦੀ ਬਜਾਏ ਇੱਥੇ ਰਹਿ ਕੇ ਹੀ ਪੰਜਾਬ ਦੀ ਆਰਥਿਕਤਾ ਨੂੰ ਉੱਚਾ ਚੁੱਕ ਸਕਦਾ ਹੈ। ਇਸ ਮੌਕੇ ਲੁਧਿਆਣਾ ਜ਼ੋਨ ਦੇ ਇੰਚਾਰਜ ਪ੍ਰਵੀਨ ਬੰਗਾ, ਸੂਬਾ ਆਗੂ ਬਲਵਿੰਦਰ ਸਿੰਘ ਬਿੱਟਾ, ਜੀਤ ਰਾਮ ਬਸਰਾ, ਭਾਗ ਸਿੰਘ ਸਰੀਂਹ, ਬਲਵਿੰਦਰ ਸਿੰਘ ਜੱਸੀ, ਬੂਟਾ ਸਿੰਘ ਸੰਗੋਵਾਲ, ਨਿਰਮਲ ਸਿੰਘ ਸਾਈਆਂ, ਦਵਿੰਦਰ ਸਿੰਘ ਰਾਮਗੜ੍ਹੀਆ, ਬਿੱਟੂ ਸ਼ੇਰਪੁਰ, ਸੋਨੂੰ, ਰਾਜਿੰਦਰ ਅਤੇ ਹਾਜ਼ਰ ਸਨ।

## ਜਬਰ-ਜਨਾਹ ਮਾਮਲਾ: ਪਾਦਰੀ ਬਜਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ

**ਮੁਹਾਲੀ–** ਇੱਥੋਂ ਦੀ ਅਦਾਲਤ ਨੇ 2018 ਦੇ ਜਬਰ ਜਨਾਹ ਮਾਮਲੇ ਵਿਚ ਪਾਦਰੀ ਬਜਿੰਦਰ ਸਿੰਘ ਨੂੰ ਉਮਰ ਕੈਦ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ 28 ਮਾਰਚ ਨੂੰ ਪਾਸਟਰ ਬਜਿੰਦਰ ਸਿੰਘ ਨੂੰ ਮੁਹਾਲੀ ਦੀ ਇੱਕ ਅਦਾਲਤ ਨੇ 2018 ਦੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਦੋਸ਼ੀ ਪਾਇਆ ਹੈ ਤੇ ਐਲਨ ਕੀਤਾ ਸੀ ਕਿ ਉਸ ਨੂੰ ਸਜ਼ਾ ਪਹਿਲੀ ਅਪਰੈਲ ਨੂੰ ਸੁਣਾਈ ਜਾਵੇਗੀ।



ਜ਼ਿਕਰਯੋਗ ਹੈ ਕਿ ਇਹ ਮਾਮਲਾ 2018 ਵਿਚ ਜ਼ੀਰਕਪੁਰ ਦੀ ਇਕ ਪੀੜਤਾ ਦੁਆਰਾ ਪਾਸਟਰ ਵਿਰੁੱਧ ਜ਼ਬਰ ਜਨਾਹ ਦੇ ਲਗਾਏ ਦੋਸ਼ ਨਾਲ ਸਬੰਧਤ ਹੈ, ਪੀੜਤਾ ਨੇ ਦੋਸ਼ ਲਗਾਇਆ ਸੀ ਕਿ ਪਾਸਟਰ ਨੇ ਉਸ ਨੂੰ ਵਿਦੇਸ਼ ਲਿਜਾਣ ਦੇ ਬਹਾਨੇ ਉਸ ਨਾਲ ਬਿਨਾਂ ਸਹਿਮਤੀ ਦੇ ਸਬੰਧ ਬਣਾਏ ਸਨ। ਉਸ ਨੇ ਦੋਸ਼ ਲਗਾਇਆ ਕਿ ਪਾਦਰੀ ਨੇ ਉਸਦੀ ਇਕ ਅਸ਼ਲੀਲ ਵੀਡੀ ਵੀ ਬਣਾਈ ਸੀ।

## ਭਾਰਤ ਦਾ ਵਿਦੇਸ਼ੀ ਕਰਜ਼ਾ ਵਧ ਕੇ 717.9 ਅਰਬ ਡਾਲਰ ਹੋਇਆ

**ਨਵੀਂ ਦਿੱਲੀ–** ਵਿੱਤ ਮੰਤਰਾਲੇ ਨੇ ਦੱਸਿਆ ਹੈ ਕਿ ਭਾਰਤ ਦਾ ਵਿਦੇਸ਼ੀ ਕਰਜ਼ਾ ਦਸੰਬਰ 2024 ਦੇ ਅਖੀਰ ਤੱਕ 10.7 ਫ਼ੀਸਦੀ ਵਧ ਕੇ 717.9 ਅਰਬ ਡਾਲਰ ਹੋ ਗਿਆ ਹੈ। ਦਸੰਬਰ 2023 ਵਿੱਚ ਇਹ 648.7 ਅਰਬ ਡਾਲਰ ਸੀ। ਭਾਰਤ ਦੀ ਤਿਮਾਹੀ ਵਿਦੇਸ਼ੀ ਕਰਜ਼ਾ ਰਿਪੋਰਟ ਮੁਤਾਬਕ, ਤਿਮਾਹੀ ਆਧਾਰ ’ਤੇ ਦਸੰਬਰ 2024 ਵਿੱਚ ਵਿਦੇਸ਼ੀ ਕਰਜ਼ੇ



ਵਿੱਚ 0.7 ਫ਼ੀਸਦੀ ਦਾ ਵਾਧਾ ਹੋਇਆ। ਸਤੰਬਰ 2024 ਦੇ ਅਖੀਰ ਵਿੱਚ ਇਹ 712.7 ਅਰਬ ਡਾਲਰ ਸੀ। ਰਿਪੋਰਟ ਮੁਤਾਬਕ ਦਸੰਬਰ 2024 ਦੇ ਅਖੀਰ ਤੱਕ ਵਿਦੇਸ਼ੀ ਕਰਜ਼ਾ ਤੇ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 19.1 ਫ਼ੀਸਦੀ ਰਿਹਾ ਹੈ ਜਦਕਿ ਸਤੰਬਰ 2024 ਵਿੱਚ ਇਹ 19 ਫ਼ੀਸਦੀ ਸੀ।







# 27 ਮਾਰਚ 2025 ਨੂੰ ਕੈਲੀਫੋਰਨੀਆ ਰਾਜ ਦੀ ਰਾਜਧਾਨੀ ਵਿਖੇ ਔਰਤ ਇਤਿਹਾਸ ਮਹੀਨੇ ਦਾ ਜਸ਼ਨ



## IVACC ਦੇ ਲਾਈਫ ਮੈਂਬਰ ਨੂੰ ਸਨਮਾਨਿਤ ਕੀਤਾ







ਇਹ ਪਰਮਿੰਦਰ ਕੌਰ ਸਿੰਘ ਲਈ ਇੱਕ ਸ਼ਾਨਦਾਰ ਮਾਨਤਾ ਹੈ! ਕੈਲੀਫੋਰਨੀਆ ਸਟੇਟ ਕੈਪੀਟਲ ਵਿਖੇ ਉਹਨਾਂ ਦੀ 60ਵੀਂ ਵਿਆਹ ਦੀ ਵਰ੍ਹੇਗੰਢ ਨੂੰ ਇੰਨੇ ਸਾਰਥਕ ਤਰੀਕੇ ਨਾਲ ਮਨਾਉਂਦੇ ਹੋਏ ਦੇਖਣਾ ਦਿਲ ਨੂੰ ਛੂਹ ਲੈਣ ਵਾਲਾ ਹੈ। ਇਸ ਵਿਸ਼ੇਸ਼ ਸਨਮਾਨ ਲਈ ਉਸਨੂੰ ਅਤੇ ਤੁਹਾਡੇ ਪਰਿਵਾਰ ਨੂੰ ਵਧਾਈਆਂ!

ਉਹ ਆਪਣੇ ਪਤੀ ਸੁਖ ਸਿੰਘ, ਦੋਸਤ ਬ੍ਰੈਂਡਾ, ਹਰਜਿੰਦਰ ਅਤੇ ਧੀ ਪਾਮੇਲਾ ਨਾਲ ਦਿਖਾਈ ਦੇ ਰਹੀ ਹੈ। ਉਹ ਇਸ ਪ੍ਰੋਗਰਾਮ ਵਿਚ ਸਾਮਲ ਹੋਣ ਵਾਲੇ ਹਰ ਵਿਅਕਤੀ ਦਾ ਧੰਨਵਾਦੀ ਹੈ ਅਤੇ ਕੈਲੀਫੋਰਨੀਆ ਰਾਜ ਦੀ ਅਸੈਂਬਲੀ ਮੈਂਬਰ ਸਟੈਫਨੀ ਨਗਯੇਨ ਦਾ ਵਿਸ਼ੇਸ਼ ਧੰਨਵਾਦ ਕਰਦੀ ਹੈ। Read more: www.ambedkartimes.com


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh


Dharminder Singh

**Cell : 530-870-6600**
**Fax : (530) 870-1429**
**532 Houston St.**
**West Sacramento, CA 95691**
**Email: myfuturetruck@gmail.com**

# ਕੈਪੀਲਾਨੋ ਯੂਨੀਵਰਸਿਟੀ ਵੈਨਕੂਵਰ (ਕੈਨੇਡਾ) ਵਿਚ ਪਹਿਲੀ ਵਾਰ ਵਾਤਾਵਰਣ ਅਤੇ ਅੰਤਰਰਾਸ਼ਟਰੀ ਪੱਧਰ ਤੇ ਦਸਤਾਰ ਦਿਹਾੜਾ ਮਨਾਇਆ






**ਸਰੀ/ ਵੈਨਕੂਵਰ (ਕੁਲਦੀਪ ਚੁੰਬਰ) –** ਕੈਨੇਡਾ ਦੇ ਨੋਰਥ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਦੀ ਕੈਪੀਲਾਨੋ ਯੂਨੀਵਰਸਿਟੀ ਵਿੱਚ ਸਥਾਪਿਤ ਸਕੂਲ ਆਫ ਥਾਟਸ ਸੰਸਥਾ ਵਲੋਂ ਈਕੋ ਸਿੱਖ ਸੰਸਥਾ ਦੇ ਸਹਿਯੋਗ ਨਾਲ ਇਕ ਅਹਿਮ ਇਤਿਹਾਸਕ ਪੜਾਅ 'ਤੇ ਕਦਮ ਰੱਖਦਿਆਂ ਪਹਿਲੀ ਵਾਰ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਲਾਇਬ੍ਰੇਰੀ ਵਿੱਚ ਵਿਸ਼ਵ ਸਿੱਖ ਵਾਤਾਵਰਣ ਦਿਵਸ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦਸਤਾਰ ਦਿਹਾੜਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਕਰਕੇ ਕਰਵਾਇਆ ਗਿਆ।

ਸਕੂਲ ਆਫ ਥਾਟਸ ਸੰਸਥਾ ਦੇ ਮੁਖੀ ਗੁਰਨੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਦਾ ਮੁੱਖ ਮੰਤਵ ਮਨੁੱਖਤਾ ਅਤੇ ਕੁਦਰਤ ਵਿਚਾਲੇ ਆਪਸੀ ਗਹਿਰੇ ਸੰਬੰਧਾਂ ਨੂੰ ਉਜਾਗਰ ਕਰਨਾ ਹੈ । ਸਮਾਗਮ ਵਿੱਚ ਵਾਤਾਵਰਣ ਅਤੇ ਵਿਰਾਸਤ ਨਾਲ ਜੋੜਦੀ ਪੰਜਾਬ ਦੇ ਦਰੱਖਤਾਂ ਦੀ ਫੋਟੋ ਪ੍ਰਦਰਸ਼ਨੀ, ਜ਼ਿੰਦਗੀ ਦੇ ਮਕਸਦ ਵਿਚ ਕੁਦਰਤ ਦੀ ਭੂਮਿਕਾ ਨੂੰ ਉਜਾਗਰ ਕਰਦੀ ਗੁਰਬਾਣੀ 'ਤੇ ਅਧਾਰਿਤ ਚਰਚਾ, ਦਸਤਾਰ ਦੀ ਸਿੱਖ ਸਮਾਜ ਵਿਚ ਮਹੱਤਤਾ ਨੂੰ ਦਰਸਾਉਂਦਾ ਦਸਤਾਰਾਂ ਸਜਾਉਣ ਦਾ ਕੈਂਪ, ਰਵਾਇਤੀ ਸਿੱਖ ਸਾਜਾਂ ਨਾਲ ਗੁਰਬਾਣੀ ਦਾ ਮਨੋਹਰ ਕੀਰਤਨ ਸਮਾਗਮ ਦਾ ਵਿਸ਼ੇਸ਼ ਹਿੱਸਾ ਸਨ। ਇਸ ਦੌਰਾਨ ਵਿਦਿਅਕ ਤੇ ਸਮਾਜਿਕ ਪੱਧਰ 'ਤੇ ਸਿੱਖ ਪਹਿਚਾਣ ਅਤੇ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਨੂੰ ਕਿਵੇਂ ਅੱਗੇ ਵਧਾਉਣਾ ਹੈ 'ਤੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ। ਜਿਸ ਵਿੱਚ ਬੋਲਦਿਆਂ ਕੈਪੀਲਾਨੋ ਯੂਨੀਵਰਸਿਟੀ ਦੇ ਲਾਇਬ੍ਰੇਰੀਅਨ ਜੋਸਲਿਨ ਰੋਪਰ ਹੈਲਮੈਨ ਨੇ ਕਿਹਾ ਕਿ ਮੈਂ ਕਦੇ ਵੀ ਲਾਇਬ੍ਰੇਰੀ ਵਿੱਚ ਇਸ ਤਰ੍ਹਾਂ ਦੀ ਸਾਰਥਕ ਮਿਲਣੀ ਅਤੇ ਖੋਜ ਭਰਪੂਰ ਵਿਸ਼ੇ 'ਤੇ ਚਰਚਾ ਨਹੀਂ ਵੇਖੀ ਜੋ ਕਿ ਨੌਜਵਾਨਾਂ ਲਈ ਮਾਰਗ ਦਰਸ਼ਕ ਸਾਬਤ ਹੋਵੇਗੀ।

ਡਿਜੀਟਲ ਅੰਬੈਸਡਰ ਵਿਦਿਆਰਥੀ ਪਰਨੀਤ ਕੌਰ ਨੇ ਕਿਹਾ ਕਿ ਇਹ ਸਮਾਗਮ ਸਮਾਜਿਕ ਆਦਰਸ਼ਾਂ ਨੂੰ ਕੇਵਲ ਸਿਖਾਉਣ ਲਈ ਨਹੀਂ ਬਲਕਿ ਆਏ ਹੋਏ ਮਹਿਮਾਨਾਂ ਤੋਂ ਕੁਝ ਨਾ ਕੁਝ ਸਿੱਖਣ ਲਈ ਵੀ ਹੈ ਜਿਸ ਵਜੋਂ ਇਹ ਸਮਾਗਮ ਨਵੀਆਂ ਪੈੜਾਂ ਸਿਰਜੇਗਾ।

ਈਕੋ ਸਿੱਖ ਤੋਂ ਪੁੱਜੇ ਰਵਨੀਤ ਸਿੰਘ ਨੇ ਸਮਾਗਮ ਦੇ ਇਤਿਹਾਸਿਕ ਪੱਖ ਨੂੰ ਛੂੰਹਦਿਆਂ ਕਿਹਾ ਕਿ ਅੱਜ ਦਾ ਵਾਤਾਵਰਣ ਦਿਹਾੜਾ ਸੱਤਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਵੀ ਸਮਰਪਿਤ ਹੈ ਕਿਉਂਕਿ ਉਹ ਵਾਤਾਵਰਣ ਵਿਚ ਪਾਏ ਅਹਿਮ ਯੋਗਦਾਨ ਲਈ ਵੀ ਜਾਣੇ ਜਾਂਦੇ ਹਨ। ਸਮਾਗਮ ਨੂੰ ਚੀਨੀ ਮੂਲ ਦੇ ਸਿੱਖ ਮਹਿਮਾਨ ਪੈਟ ਸਿੰਘ ਚੇਅੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਸਨੇ ਲੋਅਰ ਮੇਨਲੈਂਡ ਵਿੱਚ ਕਈ ਸਮਾਗਮ ਦੇਖੇ ਹਨ ਪਰ ਇਥੇ ਉਸਨੇ ਸਿੱਖ ਵਿਰਾਸਤ ਅਤੇ ਵਾਤਾਵਰਣ ਦਾ ਜੋ ਸੁਮੇਲ ਦੇਖਿਆ ਉਸਨੂੰ ਵੇਖ ਕੇ ਮੈਨੂੰ ਇਹ ਲੱਗਦਾ ਹੈ ਕਿ ਸਾਨੂੰ ਸਾਰਿਆਂ ਨੂੰ ਨੌਜਵਾਨਾਂ ਦੀ ਇਸ ਪਹਿਲ ਕਦਮੀ ਨਾਲ ਜੁੜ ਕੇ ਕਲੱਬ ਦਾ ਸਹਿਯੋਗ ਕਰਨਾ ਚਾਹੀਦਾ ਹੈ।

ਅਖੀਰ ਵਿੱਚ ਸੰਸਥਾਂ ਮੁਖੀ ਗੁਰਨੀਤ ਸਿੰਘ ਨੇ ਆਏ ਹੋਏ 250 ਤੋਂ ਵੱਧ ਮਹਿਮਾਨਾਂ ਅਤੇ 35 ਤੋਂ ਵੱਧ ਸਮਾਗਮ ਸੰਚਲਾਕਾਂ ਦਾ ਇਸ ਭਾਈਚਾਰਕ ਸਾਂਝ ਨੂੰ ਦਰਸਾਂਦੇ ਸਮਾਗਮ ਦੀ ਸਫਲਤਾ ਲਈ ਵਧਾਈ ਦਿੰਦਿਆਂ ਸਕੂਲ ਆਫ ਥਾਟਸ ਸੰਸਥਾ ਵਲੋਂ ਵਿਦਿਆਰਥੀਆਂ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਵਾਲੇ ਲੋਕਾਂ ਨੂੰ ਸਾਂਝੇ, ਟਿਕਾਊ, ਅੰਤਰ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਕੋਸ਼ਿਸ਼ਾਂ ਵਿਚ ਸ਼ਾਮਿਲ ਹੋਣ ਦਾ ਸਦਾ ਦਿੰਦਿਆਂ ਸਾਰਿਆਂ ਦਾ ਧੰਨਵਾਦ ਕੀਤਾ।

# ਪੰਜਾਬ ਸਰਕਾਰ ਵੱਲੋਂ ਕਾਨੂੰਨ ਨੂੰ ਛਿੱਕੇ ਟੰਗ ਕੇ ਪੰਚਾਇਤਾਂ ਦੇ ਕਰਵਾਏ ਜਾ ਰਹੇ ਡੰਮੀ ਅਜਲਾਸ: ਪੇਂਡੂ ਮਜ਼ਦੂਰ ਯੂਨੀਅਨ ਪੰਜਾਬ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਦੋਸ਼ ਲਗਾਇਆ ਹੈ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਦਾ ਬਦਲਾਅ ਪੂਰੀ ਤਰ੍ਹਾਂ ਬੌਂਦਲ ਗਿਆ ਹੈ। ਜਿਸ ਤਹਿਤ ਸੂਬਾ ਸਰਕਾਰ ਨੇ ਖ਼ੁਦ ਪੰਚਾਇਤੀ ਰਾਜ ਐਕਟ ਦੀਆਂ ਧੱਜੀਆਂ ਉਡਾਉਂਦੇ ਹੋਏ 29 ਅਤੇ 30 ਮਾਰਚ ਨੂੰ ਪੰਜਾਬ ਭਰ ਦੇ ਪਿੰਡਾਂ ਵਿੱਚ ਪੰਚਾਇਤਾਂ ਗ੍ਰਾਮ ਸਭਾ ਅਜਲਾਸ ਅਜਲਾਸ ਕਰਕੇ ਰਿਪੋਰਟ ਭੇਜਣ ਲਈ ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਆਦੇਸ਼ ਜਾਰੀ ਕੀਤੇ ਹਨ।ਦੂਜੇ ਪਾਸੇ ਹੇਠਲੇ ਅਧਿਕਾਰੀ ਇਸ ਗੈਰਕਾਨੂੰਨੀ ਕੰਮ ਨੂੰ ਦਬਾਅ ਹੇਠ ਅੰਜਾਮ ਦੇਣ ਲਈ ਪਿੰਡ ਪਿੰਡ ਜਾ ਰਹੇ ਹਨ ਅਤੇ ਇਸ ਕੰਮ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਵੀ ਅੱਖਾਂ ਮੀਚ ਕੇ ਸਾਥ ਦੇ ਰਹੀਆਂ ਹਨ।ਦੂਜੇ ਪਾਸੇ ਅਚਾਨਕ ਖ਼ਬਰ ਲੱਗਣ 'ਤੇ ਅਜਲਾਸ ਵਿੱਚ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਗਏ ਹਨ।



ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਤਰਸੇਮ ਪੀਟਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਪੰਚਾਇਤੀ ਰਾਜ ਐਕਟ ਤਹਿਤ ਗ੍ਰਾਮ ਸਭਾ ਅਜਲਾਸ ਲਈ 15 ਦਿਨ ਦਾ ਅਗਾਊਂ ਨੋਟਿਸ ਦੇਣਾ ਹੁੰਦਾ ਹੈ ਤਾਂ ਹਰ ਵੋਟਰ ਜੋ ਕਿ ਗ੍ਰਾਮ ਦਾ ਮੈਂਬਰ ਹੁੰਦਾ ਹੈ ਨੂੰ ਅਜਲਾਸ ਵਿੱਚ ਆਪਣੀ ਗੱਲ ਕਹਿਣ, ਕੋਈ ਮਤਾ ਪੇਸ ਕਰਨ ਅਤੇ ਕਿਸੇ ਮਤੇ ਉੱਪਰ ਕਿੰਤੂ ਪ੍ਰੰਤੂ ਕਰਨ ਦਾ ਮੌਕਾ ਮਿਲ ਸਕੇ ਪ੍ਰੰਤੂ ਬੌਂਦਲੀ ਹੋਈ ਸਰਕਾਰ ਨੇ ਜਿੱਥੇ ਖ਼ੁਦ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਉੱਥੇ ਪਿੰਡ ਦੀ ਕਾਨੂੰਨਣ ਪਾਰਲੀਮੈਂਟ ਦੇ ਮੈਂਬਰਾਂ ਦੇ ਸੰਵਿਧਾਨਕ ਅਧਿਕਾਰ ਨੂੰ ਕੁਚਲ ਕੇ ਰੱਖ ਦਿੱਤਾ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ ਮਕਾਨ ਉਸਾਰੀ ਲਈ ਮਿਲਣ ਵਾਲੀ ਗ੍ਰਾਂਟ, ਮਗਨਰੇਗਾ ਤਹਿਤ ਕਿਹੜਾ ਕਿਹੜਾ ਕੰਮ ਹੋ ਸਕਦਾ, ਲੋੜਵੰਦਾਂ ਨੂੰ ਪਲਾਟ, ਵਿਦਿਆ, ਸਿਹਤ ਸਹੂਲਤਾਂ ਜਾਂ ਹੋਰ ਕੋਈ ਹੋਣ ਵਾਲੇ ਵਗੈਰਾ ਵਗੈਰਾ ਕੰਮਾਂ ਦੇ ਲਾਭ ਲੈਣ ਸੰਬੰਧੀ ਗ੍ਰਾਮ ਸਭਾ ਅਜਲਾਸ ਵਿੱਚ ਮਤਾ ਪਾਸ ਹੋਣਾ ਜ਼ਰੂਰੀ ਹੈ। ਇਸ ਕੰਮ ਨੂੰ ਪਾਰਦਰਸ਼ਤਾ ਢੰਗ ਨਾਲ ਕਰਨ ਦੀ ਥਾ ਅਫ਼ਸਰਸ਼ਾਹੀ ਅਤੇ ਪੰਚਾਇਤਾਂ ਉੱਪਰ ਕਾਬਜ਼ ਲੋਕ ਆਪਣੀ ਮਨਮਰਜ਼ੀ ਕਰਨ ਦੀ ਖੁੱਲ੍ਹ ਦੇਣ ਲਈ ਜਾਣਬੁੱਝ ਕੇ ਮਾਨ ਸਰਕਾਰ ਨੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ ਅਤੇ ਬਿਨ੍ਹਾਂ ਪੂਰੇ ਕੌਰਮ ਤੋਂ ਫਰਜ਼ੀ ਅਜਲਾਸ ਕਰਵਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਇਆ ਗਿਆ ਹੈ। ਇਸ ਦੀ ਸਭ ਲੋਕਾਂ ਨੂੰ ਡੱਟਵੀਂ ਵਿਰੋਧਤਾ ਕਰਨੀ ਚਾਹੀਦੀ ਹੈ।




KB USED
AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kamaljit Kaur Bhatia & Kashmiri Bhatia

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ ਵਿਖੇ ਈਦ-ਉਲ-ਫਿਤਰ ਦੇ ਪਵਿੱਤਰ ਦਿਹਾੜੇ ਮੌਕੇ ਕੀਤੀ ਸ਼ਿਰਕਤ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ )** ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਵਿਖੇ ਸਥਿਤ ਜਾਮਾ ਮਸਜਿਦ ਵਿੱਚ ਈਦ-ਉਲ-ਫਿਤਰ ਦੇ ਪਵਿੱਤਰ ਦਿਹਾੜੇ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਮੁਸਲਿਮ ਭਾਈਚਾਰੇ ਨੂੰ ਨਿੱਘੀ ਮੁਬਾਰਕਬਾਦ ਭੇਟ ਕੀਤੀ। ਉਹਨਾਂ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ ਮੁਸਲਿਮ ਭਾਈਚਾਰਾ ਹੋਰ ਵੀ ਤਰੱਕੀ ਅਤੇ ਖੁਸ਼ਹਾਲੀ ਹਾਸਿਲ ਕਰੇ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਦੇ ਸਥਾਈ ਹੱਲ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।





ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਸਲਿਮ ਭਾਈਚਾਰੇ ਦੀ ਮੰਗ ਨੂੰ ਸਵੀਕਾਰ ਕਰਦਿਆਂ ਧਰਮਸ਼ਾਲਾ ਦੇ ਨਿਰਮਾਣ ਲਈ 25 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਐਲਾਨੀ ਗਈ ਰਾਸ਼ੀ ਨੂੰ ਅਗਲੇ 15 ਤੋਂ 20 ਦਿਨਾਂ ਵਿੱਚ ਜਾਰੀ ਕਰਨ ਤੋਂ ਬਾਅਦ ਅਗਲੀ ਈਦ ਤੋਂ ਪਹਿਲਾਂ ਪਹਿਲਾਂ ਇਸ ਧਰਮਸ਼ਾਲਾ ਦੇ ਨਿਰਮਾਣ ਕਾਰਜਾਂ ਨੂੰ ਪੂਰਾ ਕਰ ਦਿੱਤਾ ਜਾਵੇਗਾ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਗਰ ਕੌਂਸਲ ਦੇ ਪ੍ਰਧਾਨ ਸਮੇਤ ਹੋਰ ਅਧਿਕਾਰੀਆਂ ਨੂੰ ਈਦਗਾਹ ਲਈ ਢੁਕਵੀਂ ਜਗ੍ਹਾ ਦੀ ਚੋਣ ਕਰਨ ਲਈ ਆਖਿਆ ਤਾਂ ਜੋ ਭਵਿੱਖ ਵਿੱਚ ਮੁਸਲਿਮ ਭਾਈਚਾਰੇ ਨੂੰ ਕੋਈ ਵੀ ਮੁਸ਼ਕਿਲ ਪੇਸ਼ ਨਾ ਆਵੇ। ਉਹਨਾਂ ਇਹ ਵੀ ਵਿਸ਼ਵਾਸ ਦਿਵਾਇਆ ਕਿ ਈਦਗਾਹ ਲਈ ਜਲਦੀ ਹੀ ਜਗ੍ਹਾ ਮਿਲ ਜਾਵੇਗੀ ਜਿਸ ਤੋਂ ਬਾਅਦ ਈਦਗਾਹ ਬਣਾਉਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਵਰਗਾਂ ਨੂੰ ਸਰਵੋਤਮ ਬੁਨਿਆਦੀ ਸੁਵਿਧਾਵਾਂ ਅਤੇ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਸਨਮਾਨਿਤ ਵੀ ਕੀਤਾ ਗਿਆ।

# ਢਿੱਲੋਂ ਪਰਿਵਾਰ ਨੂੰ ਸਦਮਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)-** ਪੀਜ਼ਾ ਟਵਿਸਟ ਵਾਲੇ ਬਾਈ ਤੇਜੀ ਪੱਡਾ ਅਤੇ ਬਲਦੇਵ ਸਿੰਘ ਬਿਲਾਸਪੁਰ ਦੇ ਸਹੁਰਾ ਸਾਬ੍ਹ ਤੇ ਸਮਾਜਸੇਵੀ ਕੁੱਕੂ ਢਿੱਲੋਂ ਦੇ ਫਾਦਰ ਸਾਬ੍ਹ ਸ। ਮਹਿੰਦਰ ਸਿੰਘ ਢਿੱਲੋ (81) ਪਿਛਲੇ ਦਿਨੀ ਕੈਲਗਰੀ ਅਲਬਰਟਾ ਵਿਖੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਪਿਛਲਾ ਪਿੰਡ ਬੁੱਟਰ ਜ਼ਿਲ੍ਹਾ ਮੋਗਾ ਵਿੱਚ ਪੈਂਦਾ ਹੈ। ਉਹ ਕੁਝ ਸਮਾਂ ਫਰਿਜਨੋ ਕੈਲੀਫੋਰਨੀਆ ਵਿਖੇ ਵੀ ਆਪਣੇ ਬੱਚਿਆਂ ਨਾਲ ਗੁਜ਼ਾਰਦੇ ਸਨ। ਉਹਨਾਂ ਦੀ ਦੇਹ ਦਾ ਸਸਕਾਰ ਮਿਤੀ 5 ਅਪ੍ਰੈਲ ਦਿਨ ਸ਼ਨੀਵਾਰ ਦੁਪਹਿਰ 1 ਵਜੇ Country Hills Crematorium (11995 16th st NE Calgary AB TK3 0S9) ਵਿਖੇ ਹੋਵੇਗਾ। ਉਪਰੰਤ ਦੁਪਹਿਰ 2 ਵਜੇ ਭੋਗ ਦਸ਼ਮੇਸ਼ ਕਲਚਰਲ ਸੈਂਟਰ ਕੈਲਗਰੀ ਅਲਬਰਟਾ (135 Martindale Blvd NE Calgary AB T3J 2X5 ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਤੇਜੀ ਪੱਡਾ (408) 661-3403, ਬਲਦੇਵ ਸਿੰਘ ਬਿਲਾਸਪੁਰ (559) 577-2562 ਜਾਂ ਕੁੱਕੂ ਢਿੱਲੋ ਨਾਲ 408-421-4399 ਤੇ ਸੰਪਰਕ ਕਰ ਸਕਦੇ ਹੋ। ਅਸੀਂ ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਡਾਢੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ।



# ਵਿਸਾਲੀਆ ਸੀਨੀਅਰ ਖੇਡਾਂ ਵਿੱਚ ਪੰਜਾਬੀਆਂ ਨੇ ਮਾਰੀਆਂ ਮੱਲ੍ਹਾਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)-** ਫਰਿਜਨੋ ਦੇ ਲਾਗਲੇ ਸ਼ਹਿਰ ਵਿਸਾਲੀਆ ਦੇ ਮਾਉਂਟ ਵਿਟਨੀ ਹਾਈ ਸਕੂਲ ਦੇ ਟਰੈਕ ਐਂਡ ਫੀਲਡ ਸਟੇਡੀਅਮ ਵਿੱਚ ਸੀਨੀਅਰ ਖੇਡਾਂ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 100 ਤੋਂ ਵੱਧ ਐਥਲੀਟਾਂ ਨੇ ਭਾਗ ਲਿਆ। ਇਹਨਾਂ ਖੇਡਾਂ ਵਿੱਚ 8 ਪੰਜਾਬੀ ਐਥਲੀਟਾਂ ਨੇ ਵੀ ਹਿੱਸਾ ਲਿਆ 'ਤੇ ਕੁੱਲ ਮਿਲਾਕੇ 22 ਤਗਮੇ ਜਿੱਤੇ (13 ਸੋਨੇ ਦੇ ਤਗਮੇ ਅਤੇ 9 ਚਾਂਦੀ ਦੇ ਤਗਮੇ) ਇਹ ਪੰਜਾਬੀ ਖਿਡਾਰੀ ਕੈਲੀਫੋਰਨੀਆ ਦੇ ਵੱਖੋ ਵੱਖ ਸ਼ਹਿਰਾਂ, ਫਰਿਜ਼ਨੋ, ਫਾਉਲਰ ਅਤੇ ਕਲੋਵਿਸ ਅਤੇ ਮੈਂਟੇਕਾ ਤੋਂ ਪਹੁੰਚੇ ਹੋਏ ਸਨ।



ਇਹਨਾਂ ਖੇਡਾਂ ਵਿੱਚ ਐਥਲੀਟ ਗੁਰਬਖਸ਼ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿੱਚ 2 ਸੋਨੇ ਦੇ ਤਗਮੇ ਜਿੱਤੇ। ਸੁਖਨੈਨ ਸਿੰਘ ਨੇ ਲੰਬੀ ਛਾਲ ਅਤੇ ਤੀਹਰੀ ਛਾਲ ਵਿੱਚ 2 ਸੋਨੇ ਦੇ ਤਗਮੇ ਜਿੱਤੇ।

ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿੱਚ 2 ਸੋਨੇ ਦੇ ਤਗਮੇ ਜਿੱਤੇ। ਅਮਰੀਕ ਸਿੰਘ ਤੁੰਬਰ ਨੇ 50 ਮੀਟਰ ਅਤੇ 100 ਮੀਟਰ ਵਿੱਚ 3 ਸੋਨੇ ਦੇ ਤਗਮੇ ਜਿੱਤੇ ਅਤੇ 4-100 ਮੀਟਰ ਰਿਲੇਅ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਕਮਲਜੀਤ ਸਿੰਘ ਬੈਨੀਪਾਲ ਨੇ 200 ਮੀਟਰ ਅਤੇ 400 ਮੀਟਰ ਵਿੱਚ 3 ਚਾਂਦੀ ਦੇ ਤਗਮੇ ਜਿੱਤੇ ਅਤੇ 4-100 ਮੀਟਰ ਰਿਲੇਅ ਦੌੜ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ।

ਪਵਿੱਤਰ ਸਿੰਘ ਕਲੇਰ ਨੇ ਸ਼ਾਟ ਪੁੱਟ ਅਤੇ ਡਿਸਕਸ ਥ੍ਰੋ ਵਿੱਚ 1 ਚਾਂਦੀ ਅਤੇ 1 ਸੋਨ ਤਗਮਾ ਜਿੱਤਿਆ। ਕਰਮ ਸਿੰਘ ਸੰਘਾ ਨੇ 1600 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤਿਆ। ਮੈਂਟੇਕਾ ਦੇ ਦਰਸ਼ਨ ਸਿੰਘ ਨੇ 50 ਮੀਟਰ, 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 1600 ਮੀਟਰ ਅਤੇ 4-100 ਮੀਟਰ ਰਿਲੇਅ ਦੌੜ ਵਿੱਚ 4 ਸੋਨੇ ਦੇ ਤਗਮੇ ਅਤੇ 3 ਚਾਂਦੀ ਦੇ ਤਗਮੇ ਜਿੱਤੇ।

ਇਹਨਾਂ ਖਿਡਾਰੀਆਂ ਨੇ ਤਗ਼ਮੇ ਜਿੱਤਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਅਤੇ ਭਾਈਚਾਰੇ ਵੱਲੋ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।







## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**


**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮ ਸ਼ਤਾਬਦੀ ਲਈ ਬਜਟ ਵਿੱਚ ਫੰਡ ਨਾ ਰੱਖਣਾ ਮੰਦਭਾਗਾ- ਅੰਮ੍ਰਿਤਪਾਲ ਭੌਂਸਲੇ

**ਫਗਵਾੜਾ-** ਪੰਜਾਬ ਸਰਕਾਰ ਵਲੋਂ ਵਿੱਤੀ ਵਰ੍ਹੇ 2025-26 ਲਈ ਬਜਟ ਪੇਸ਼ ਕੀਤਾ ਗਿਆ ਪਰ ਇਸ ਬਜਟ ਵਿੱਚ 2027 ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਜਨਮ ਦਿਵਸ ਨੂੰ ਸਮਰਪਿਤ ਸ਼ਤਾਬਦੀ ਵਰ੍ਹਾਂ ਆ ਰਿਹਾ ਹੈ ਜੋ 2026



ਫ਼ਰਵਰੀ ਵਿੱਚ ਸ਼ਤਾਬਦੀ ਵਰ੍ਹਾਂ ਸ਼ੁਰੂ ਹੋ ਰਿਹਾ ਹੈ। ਪਰ ਪੰਜਾਬ ਸਰਕਾਰ ਵਲੋਂ ਵਿੱਤੀ ਵਰ੍ਹੇ 2025-26 ਦੇ ਬਜਟ ਵਿੱਚ ਕੋਈ ਪੈਸਾ ਨਾ ਰੱਖਣਾ ਮੰਦਭਾਗਾ ਹੈ। ਇਸ ਗੱਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਬਹੁਜਨ ਸਮਾਜ ਦੇ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਕਿ ਕੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਇਸ ਗੱਲ ਗਿਆਨ ਨਹੀਂ ਕਿ 2026 ਵਿੱਚ ਸ਼ਤਾਬਦੀ ਵਰ੍ਹਾਂ ਸ਼ੁਰੂ ਹੋ ਰਿਹਾ ਹੈ ਅਤੇ ਉਸ ਸਬੰਧੀ ਬਜ਼ਟ ਵਿੱਚ ਕੋਈ ਪੈਸਾ ਨਹੀਂ ਰੱਖਿਆ ਇਸ ਨਾਲ ਆਪ ਸਰਕਾਰ ਦੀ ਸੰਜੀਦਗੀ ਦਾ ਪਤਾ ਲਗਦਾ ਹੈ ਕਿ ਉਹ ਦਲਿਤ ਸਮਾਜ ਲਈ ਕਿੰਨੀ ਗੰਭੀਰ ਹੈ ਉਨ੍ਹਾਂ ਅੱਗੇ ਕਿਹਾ ਕਿ 2027 ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ ਅਤੇ ਉਸ ਸਮੇਂ ਕੋਈ ਵੀ ਸਪੈਸ਼ਲ ਬਜਟ ਸੈਸ਼ਨ ਨਹੀਂ ਹੋਏਗਾ ਅਤੇ 2026 ਦੈ ਬਜਟ ਤੋਂ ਪਹਿਲਾਂ ਸ਼ਤਾਬਦੀ ਵਰ੍ਹਾਂ ਸ਼ੁਰੂ ਹੋ ਜਾਵੇਗਾ। ਸ੍ਰੀ ਅੰਮ੍ਰਿਤਪਾਲ ਭੌਂਸਲੇ ਨੇ ਕਿਹਾ ਇਸ ਸੰਬੰਧੀ ਸਰਕਾਰ ਨੂੰ ਇਕ ਜੁਆਇੰਟ ਪਾਰਲੀਮੈਂਟਰੀ ਕਮੇਟੀ ਬਣਾਉਣੀ ਚਾਹੀਦੀ ਸੀ ਅਤੇ ਇਸ ਸੰਬੰਧੀ ਘੱਟੋ ਘੱਟ 650 ਕਰੋੜ ਰੁਪਏ ਸ਼ਤਾਬਦੀ ਵਰ੍ਹੇ ਦੇ ਜਸ਼ਨਾਂ ਲਈ ਰੱਖਿਆ ਜਾਣਾ ਚਾਹੀਦਾ ਸੀ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਸਬੰਧੀ ਤੁਰੰਤ ਗੰਭੀਰਤਾ ਨਾਲ ਧਿਆਨ ਦੇਵੇ ਅਤੇ ਕੇਂਦਰ ਸਰਕਾਰ ਤੋਂ ਵੀ ਵਿਸ਼ੇਸ਼ ਪੈਕੇਜ ਦੀ ਮੰਗ ਕਰੇ ਤਾਂ ਜੋ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਉਤਸਵ ਨੂੰ 2026 ਅਤੇ 2027 ਵਿੱਚ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਸਕੇ।

# ਪੰਜਾਬ ਸਰਕਾਰ ਵੱਲੋਂ ਪੇਸ਼ ਬਜਟ ਮਹਿਲਾਵਾਂ, ਕਿਸਾਨ-ਮਜ਼ਦੂਰ, ਦਲਿਤ-ਪੱਛੜਾ ਵਰਗ, ਮੁਲਾਜ਼ਮ ਤੇ ਉਦਯੋਗ ਵਿਰੋਧੀ - ਕਰੀਮਪੁਰੀ

**ਫਗਵਾੜਾ-** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਅੱਜ ਸੂਬੇ ਦੀ ਆਪ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਦਿਸ਼ਾਹੀਣ, ਲੋਕ ਵਿਰੋਧੀ ਤੇ ਪੰਜਾਬ ਨੂੰ ਹੋਰ ਘੋਰ ਅੰਧਕਾਰ ਵੱਲ ਧੱਕਣ ਵਾਲਾ ਕਰਾਰ ਦਿੱਤਾ ਹੈ। ਇਸ ਸਬੰਧੀ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਜਟ ਵਿੱਚ ਅਜਿਹਾ ਕੋਈ ਵੀ ਪ੍ਰਾਵਧਾਨ ਨਹੀਂ ਕੀਤਾ ਗਿਆ, ਜਿਸ ਨਾਲ ਪੰਜਾਬ ਬੇਰੁਜ਼ਗਾਰੀ ਦੇ ਸੰਕਟ ਵਿੱਚੋਂ ਬਾਹਰ ਨਿੱਕਲ ਸਕਦਾ ਹੋਵੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਸੰਭਾਲਣ, ਕਿਸਾਨੀ, ਦੱਬੇ ਕੁੱਚਲੇ ਸਮਾਜ ਆਦਿ ਨਾਲ ਜੁੜੇ ਮੁੱਦਿਆਂ 'ਤੇ ਇਹ ਬਜਟ ਖਾਮੋਸ਼ ਹੈ। ਖਾਸ ਕਰਕੇ ਸਿਹਤ ਤੇ ਸਿੱਖਿਆ ਸੁਵਿਧਾਵਾਂ ਦੇਣ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਸ਼ੀਨਰੀ ਤੇ ਸਟਾਫ ਦੀ ਘਾਟ ਦੀ ਸਮੱਸਿਆ ਦੇ ਹੱਲ ਬਾਰੇ ਬਜਟ ਵਿੱਚ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਬਜਟ ਵਿੱਚ ਮਨਰੇਗਾ ਕਾਮਿਆਂ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਕੱਚੇ ਸਫਾਈ ਮੁਲਾਜ਼ਮਾਂ, ਠੇਕਾ ਕਰਮਚਾਰੀਆਂ ਨੂੰ ਕੋਈ ਵੀ ਵੱਡੀ ਰਾਹਤ ਨਹੀਂ ਦਿੱਤੀ ਗਈ। ਚੋਣਾਂ ਦੌਰਾਨ ਆਪ ਨੇ ਸੂਬੇ ਨੂੰ ਕਰਜ਼ਾ ਮੁਕਤ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਇਸਦੇ ਉਲਟ ਆਪ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ 95,000 ਕਰੋੜ ਦਾ ਕਰਜ਼ਾ ਹੋਰ ਚੁੱਕ ਲਿਆ ਹੈ। ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਦੌਰਾਨ ਸੂਬੇ 'ਤੇ 2,79,000



ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਕਿ ਆਪ ਸਰਕਾਰ ਦੌਰਾਨ ਹੋਰ ਵਧ ਕੇ 3,74,000 ਕਰੋੜ ਦਾ ਹੋ ਗਿਆ ਹੈ।

ਨਸ਼ੇ ਦੇ ਮੁੱਦੇ 'ਤੇ ਬੋਲਦੇ ਹੋਏ ਡਾ. ਕਰੀਮਪੁਰੀ ਨੇ ਕਿਹਾ ਕਿ ਬਜਟ ਦੌਰਾਨ ਆਪ ਸਰਕਾਰ ਨੇ ਆਉਣ ਵਾਲੇ 2-3 ਸਾਲਾਂ ਵਿੱਚ ਡਰੱਗ ਮਾਫੀਆ ਦੇ ਖਾਤਮੇ ਦੀ ਗੱਲ ਕਹੀ ਹੈ, ਜਿਸਦਾ ਮਤਲਬ ਹੈ ਕਿ ਆਪ ਸਰਕਾਰ ਦੇ 5 ਸਾਲਾਂ ਦੇ ਕਾਰਜਕਾਲ ਦੌਰਾਨ ਡਰੱਗ ਮਾਫੀਆ ਬੇਲਗਾਮ ਰਹੇਗਾ। ਸੂਬੇ ਦੇ ਡੀਜੀਪੀ ਵੱਲੋਂ ਹੁਣ ਨਸ਼ੇ ਦੇ ਵੱਡੇ ਮਗਰਮੱਛਾਂ ਦੀ ਲਿਸਟ ਬਣਾਉਣ ਦੀ ਗੱਲ ਕਹੀ ਜਾ ਰਹੀ ਹੈ, ਜਿਸਦਾ ਮਤਲਬ ਇਹ ਹੈ ਕਿ ਨਸ਼ਾ ਮਾਫੀਆ ਦਾ ਖਾਤਮਾ ਕਰਨਾ ਤਾਂ ਦੂਰ ਦੀ ਗੱਲ, ਅਜੇ ਤਿੰਨ ਸਾਲਾਂ ਵਿੱਚ ਇਨ੍ਹਾਂ ਮਾਫ਼ੀਆ ਦੀ ਲਿਸਟ ਵੀ ਤਿਆਰ ਨਹੀਂ ਹੋ ਸਕੀ ਹੈ। ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਆਪ ਨੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ, ਪਰ ਇਸ ਬਜਟ ਵਿੱਚ ਵੀ ਅਜਿਹਾ ਕੋਈ ਪ੍ਰਾਵਧਾਨ ਨਹੀਂ ਕੀਤਾ ਗਿਆ ਹੈ। ਵਾਅਦੇ ਮੁਤਾਬਕ ਆਪ ਸਰਕਾਰ ਨੂੰ ਪਿਛਲੇ ਤਿੰਨ ਸਾਲਾਂ ਦੇ ਹਿਸਾਬ ਨਾਲ ਹੁਣ ਤੱਕ ਬਣਦੇ 36,000 ਰੁਪਏ ਪ੍ਰਤੀ ਮਹਿਲਾ ਦੇ ਖਾਤੇ ਵਿੱਚ ਪਾਉਣੇ ਚਾਹੀਦੇ ਸਨ, ਪਰ ਉਸਨੇ ਇੱਕ ਹਜ਼ਾਰ ਰੁਪਏ ਵੀ ਖਾਤੇ ਵਿੱਚ ਨਹੀਂ ਪਾਏ।

ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਆਪ ਸਰਕਾਰ ਦੇ ਬਜਟ ਨੂੰ ਮਹਿਲਾ, ਕਿਸਾਨ-ਮਜ਼ਦੂਰ, ਦਲਿਤ-ਪੱਛੜਾ ਵਰਗ, ਮੁਲਾਜ਼ਮ ਤੇ ਉਦਯੋਗ ਵਿਰੋਧੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ ਬਸਪਾ ਹੀ ਹੈ, ਜੋ ਕਿ ਪੰਜਾਬ ਨੂੰ ਸੰਕਟ ਵਿੱਚੋਂ ਬਾਹਰ ਕੱਢ ਸਕਦੀ ਹੈ। ਇਸ ਲਈ ਲੋਕ ਬਸਪਾ ਰਾਹੀਂ ਸੂਬੇ ਦੀ ਕਮਾਨ ਆਪਣੇ ਹੱਥਾਂ ਵਿੱਚ ਲੈਣ।

# ਕਰਮਚਾਰੀ ਫੈਡਰੇਸ਼ਨ ਵੱਲੋਂ ਐਸ.ਸੀ.ਬੀ.ਸੀ. ਸਮਾਜ ਦੇ ਮੁਲਾਜ਼ਮਾਂ ਦੀਆਂ ਹੱਕੀਂ ਮੰਗਾਂ ਦੀ ਪੂਰਤੀ ਲਈ ਐਸ.ਸੀ. ਕਮਿਸ਼ਨ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਬੀ.ਕੇ. ਰੱਤੂ)** ਚੰਡੀਗੜ੍ਹ ਦੇ ਸੈਕਟਰੀਏਟ ਵਿਖੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਰਜਿਸਟਰਡ ਪੰਜਾਬ ਦਾ ਵਫਦ ਸ੍ਰੀ ਪਰਮਿੰਦਰ ਕੁਮਾਰ ਦੁੱਗ ਤੇ ਦਵਿੰਦਰ ਕੁਮਾਰ ਭੱਟੀ ਦੀ ਅਗਵਾਈ ਵਿਚ ਸ. ਜਸਵੀਰ ਸਿੰਘ ਗੜ੍ਹੀ -ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਮਿਲਿਆ। ਉਨ੍ਹਾਂ ਨੂੰ ਕਮਿਸ਼ਨ ਦੇ ਚੈਅਰਮੈਨ ਲੱਗਣ ਤੇ ਵਧਾਈਆ ਦਿੱਤੀਆਂ ਅਤੇ ਐਸ. ਸੀ. ਬੀ. ਸੀ. ਸਮਾਜ ਦੇ ਮੁਲਾਜ਼ਮਾਂ ਅਤੇ ਲੋਕਾਂ ਦੀਆਂ ਅਹਿਮ ਅਤੇ ਹੱਕੀਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ। ਇਸ ਮੌਕੇ ਤੇ ਸੂਬਾ ਸਰਪ੍ਰਸਤ ਸ। ਜਸਵਿੰਦਰ ਸਿੰਘ ਚਪੜ੍ਹ ਸਟੇਟ ਐਵਾਰਡੀ ਅਤੇ ਸਮੂਹ ਪਹੁੰਚੇ ਹੋਏ ਅਹੁੱਦੇਦਾਰਾਂ ਨੇ ਚੇਅਰਮੈਨ ਸਾਬ ਨੂੰ ਸਮਾਜ ਦੀਆਂ ਹੱਕੀਂ ਮੰਗਾਂ ਪ੍ਰਤੀ ਜਾਣਕਾਰੀ ਦਿੱਤੀ ਕਿ ਪੰਜਾਬ ਦੀਆਂ ਸਮੇਂ ਸਮੇਂ ਸਿਰ ਰਾਜ ਕਰਦੀਆਂ ਸਰਕਾਰਾਂ ਨੂੰ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਕਰਮਚਾਰੀ ਵਿੰਗ ਦੇ ਨਾਲ ਨਾਲ ਸਮਾਜ ਦੇ ਲੋਕਾਂ ਨਾਲ ਵੀ ਜੋ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਸਾਨੂੰ ਸੰਵਿਧਾਨਿਕ ਹੱਕ ਦਿੱਤੇ ਸਨ ਉਹਨਾਂ ਦੀ ਪਾਲਣਾ ਕਰਨ ਵਿਚ ਬਹੁਤ ਜਿਆਦਾ ਕੁਤਾਹੀਆਂ ਵਰਤੀਆਂ ਹਨ। ਜੇਕਰ ਮੇਨ ਗੱਲ ਕਰੀਏ ਤਾਂ ਪੰਜਾਬ ਵਿੱਚ 85ਵੀਂ ਸੋਧ ਅਜੇ ਤੱਕ ਕਿਸੇ ਵੀ ਸਰਕਾਰ ਨੇ ਲਾਗੂ ਨਹੀਂ ਕੀਤੀ ਇਸ ਦੇ ਨਾਲ ਹੀ 10-10- 2014 ਦਾ ਗੈਰ ਸੰਵਿਧਾਨਿਕ ਪੱਤਰ ਜੋ ਕਿ ਹਰ



ਰਾਜਨੀਤਿਕ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿੱਚ ਜਿਸ ਦਾ ਜ਼ਿਕਰ ਕਰਦੀ ਹੈ ਉਸ ਵੱਲ ਵੀ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਪੰਜਾਬ ਵਿੱਚ ਭਾਰਤ ਸਰਕਾਰ ਵੱਲੋਂ ਲਿਆਂਦਾ ਗਿਆ ਰਾਈਟ ਟੂ ਐਜੂਕੇਸ਼ਨ ਐਕਟ 2009 ਜੋ ਕਿ ਭਾਰਤ ਦੇ ਸਾਰੇ ਸੂਬਿਆਂ ਵਿੱਚ ਲਾਗੂ ਹੈ ਸਿਵਾਏ ਪੰਜਾਬ ਦੇ, ਸੰਨ 2009 ਵਿੱਚ ਲਿਆਂਦੇ ਗਏ ਇਸ ਐਕਟ ਨੂੰ ਲਾਗੂ ਨਾ ਕਰਨ ਕਾਰਨ ਪੰਜਾਬ ਦੀਆਂ ਕਈ ਪੀੜੀਆਂ ਜਿਨਾਂ ਵਿੱਚ ਲਗਭਗ 12 ਤੋਂ 14 ਲੱਖ ਗਰੀਬ ਬੱਚਿਆਂ ਦੀ ਤਾਲੀਮ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਪਹਿਲਾਂ ਦੀ ਤਰ੍ਹਾਂ ਤਰਸ ਦੇ ਆਧਾਰ ਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਵੀ ਕਾਫੀ ਪਿਛਲੇ ਲੰਬੇ ਸਮੇਂ ਤੋਂ ਨਹੀਂ ਕੀਤੀਆਂ ਜਾ ਰਹੀਆਂ ਇਸ ਲਈ ਸਰਕਾਰ ਨੂੰ ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਤਰਸ ਦੇ ਆਧਾਰ ਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਪਹਿਲਾਂ ਦੀ ਤਰ੍ਹਾਂ ਹੀ ਛੇਤੀ ਤੋਂ ਛੇਤੀ ਕਰਨ ਦੀਆਂ ਹਦਾਇਤਾਂ ਸਾਰੇ ਹੀ ਵਿਭਾਗਾਂ ਨੂੰ ਦਿੱਤੀਆਂ ਜਾਣ। ਪੁਰਾਣੀ ਪੈਨਸ਼ਨ ਸਕੀਮ ਦਾ ਕੇਸ ਪਹਿਲ ਦੇ ਅਧਾਰ ਤੇ ਲਾਗੂ ਕੀਤਾ ਜਾਵੇ ਅਨੁਸੂਚਿਤ ਵਰਗ ਦੇ ਲੋਕਾਂ ਲਈ ਸਰਕਾਰੀ ਸਹੂਲਤਾਂ ਉੱਚੇਰੀ ਸਿੱਖਿਆ ਲਈ ਢਾਈ ਲੱਖ ਸਲਾਨਾ ਆਮਦਨ ਦੀ ਹੱਦ ਵਧਾ ਕੇ 10 ਲੱਖ ਰੁਪਏ ਸਲਾਨਾ ਕੀਤੀ ਜਾਵੇ। ਕੁਝ ਕੁ ਸਰਕਾਰੀ ਭਰਤੀਆਂ ਵਿਚ ਜਨਰਲ ਵਰਗ ਦੀ ਉਮਰ ਸੀਮਾ ਵਧਾਈ ਗਈ ਹੈ ਸੇ ਤਰ੍ਹਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵੀ 5 ਸਾਲ ਉਮਰ ਸੀਮਾ ਵਧਣ ਦਾ ਲਾਭ ਮਿਲਣਾ ਚਾਹੀਦਾ ਹੈ ਤੇ ਵੱਖ ਵੱਖ ਵਿਭਾਗਾਂ ਵਿੱਚ ਰੋਸਟਰਡ ਰਜਿਸਟਰਾਂ ਲਗਾਉਣ ਲਈ ਸਬੰਧਿਤ ਡਾਇਰੈਕਟਰ ਨੂੰ ਹਦਾਇਤ ਕੀਤੀ ਜਾਵੇ ਇਸ ਮੌਕੇ ਸੂਬਾ ਪ੍ਰਧਾਨ ਪਰਵਿੰਦਰ ਕੁਮਾਰ, ਦਵਿੰਦਰ ਕੁਮਾਰ ਸੂਬਾ ਸਕੱਤਰ ਜਨਰਲ, ਸਰਪ੍ਰਸਤ ਜਸਵਿੰਦਰ ਸਿੰਘ ਚੱਪੜ,ਜ਼ਿਲ੍ਹਾ ਪ੍ਰਧਾਨ ਸੁਖਦੇਵ ਬਸਰਾ, ਜ਼ਿਲ੍ਹਾ ਸਰਪ੍ਰਸਤ ਕੁਲਦੀਪ ਸਿੰਘ ਮੋਗਾ, ਜ਼ਿਲ੍ਹਾ ਪ੍ਰਧਾਨ ਅੰਗਰੇਜ਼ ਸਿੰਘ,ਜਗਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਧਿਕਾਰੀ / ਕਰਮਚਾਰੀ ਹਾਜ਼ਰ ਰਹੇ।

# ਪੰਜਾਬ ਵਿਧਾਨ ਸਭਾ 'ਚ ਬੁੱਧ ਪੂਰਨਿਮਾ 'ਤੇ ਛੁੱਟੀ ਅਤੇ ਬੋਧ ਗਯਾ ਦੇ ਅੰਦੋਲਨ ਦਾ ਸਮਰਥਨ ਕਰਨਾ ਸ਼ਲਾਘਾਯੋਗ

**ਫਗਵਾੜਾ-** ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਤੇ ਗ੍ਰੇਟ ਬ੍ਰਿਟੇਨ ਅਤੇ ਬੋਧੀ ਭਾਈਚਾਰੇ ਨੇ ਨਵਾਂਸ਼ਹਿਰ ਤੋਂ ਬਸਪਾ ਵਿਧਾਇਕ ਡਾ।ਨਛੱਤਰ ਪਾਲ ਵੱਲੋਂ ਪੰਜਾਬ ਵਿਧਾਨ ਸਭਾ ਅੰਦਰ ਬੋਲਦਿਆਂ ਬੋਧ ਗਯਾ ਦੇ ਮਹਾਂ ਬੁੱਧ ਵਿਹਾਰ ਦੀ



ਮੁਕਤੀ ਲਈ ਚੱਲ ਰਹੇ ਅੰਦੋਲਨ ਦਾ ਸਮਰਥਨ ਕਰਨ ਅਤੇ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਕਰਨ ਦੀ ਮੰਗ ਰੱਖਣ 'ਤੇ ਧੰਨਵਾਦ ਕੀਤਾ। ਪੰਜਾਬ ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਤੇ ਦੇਵ ਸੁਮਨ ਯੂ.ਕੇ. ਨੇ ਬੋਧੀ ਭਾਈਚਾਰੇ ਵੱਲੋਂ ਵਿਧਾਇਕ ਡਾ. ਨਛੱਤਰ ਪਾਲ ਦਾ ਦਿਲ ਦੀਆਂ ਗਹਿਰਾਈਆ ਤੋਂ ਧੰਨਵਾਦ ਕਰਦਿਆ ਕਿਹਾ ਕਿ ਵਿਧਾਇਕ ਡਾ।ਨਛੱਤਰ ਪਾਲ ਵੱਲੋਂ ਪੰਜਾਬ ਵਿਧਾਨ ਸਭਾ 'ਚ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਦੀ ਮੰਗ ਕਰਨਾ ਅਤੇ ਬੋਧ ਗਯਾ ਦੇ ਮਹਾਂ ਬੁੱਧ ਵਿਹਾਰ ਨੂੰ ਆਜ਼ਾਦ ਕਰਵਾਉਣ ਲਈ ਚੱਲ ਰਹੇ ਅੰਦੋਲਨ ਦਾ ਸਮਰਥਨ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੋਧੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਬੁੱਧ ਪੂਰਨਿਮਾ ਦੀ ਛੁੱਟੀ ਦਾ ਐਲਾਨ ਤਰੁੰਤ ਕਰੇ ਅਤੇ ਕੇਂਦਰ ਦੀ ਸਰਕਾਰ ਬੋਧ ਗਯਾ ਦਾ ਮਹਾਂ ਬੁੱਧ ਵਿਹਾਰ ਬੋਧੀ ਭਾਈਚਾਰੇ ਦੇ ਹਵਾਲੇ ਕਰਨ ਲਈ ਢੁਕਵੇਂ ਕਦਮ ਚੁੱਕੇ ਤਾਂ ਤਾਂ ਜੋ ਬਾਕੀ ਧਰਮਾਂ ਦੀ ਤਰ੍ਹਾਂ ਬੋਧੀਆਂ ਦੇ ਧਾਰਮਿਕ ਸਥਾਨਾਂ ਦਾ ਪ੍ਰਬੰਧ ਵੀ ਸਿਰਫ ਬੋਧੀਆਂ ਕੋਲ ਹੀ ਰਹੇ।

# ਪੰਜਾਬ ਨੂੰ ਤਬਾਹੀ ਦੇ ਕਗਾਰ ਤੇ ਖੜ੍ਹਾ ਕਰਨ ਲਈ ਹੁਣ ਤੱਕ ਬਣਨ ਵਾਲੀਆਂ ਸਾਰੀਆਂ ਸਰਕਾਰਾਂ ਜਿੰਮੇਵਾਰ -ਸੁਲਹਾਣੀ, ਸਰੋਏ

**ਫਿਰੋਜ਼ਪੁਰ-** ਸਮਾਜਿਕ ਪਰਿਵਰਤਨ ਤੇ ਆਰਥਿਕ ਆਜ਼ਾਦੀ ਲਈ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਗਤੀਸ਼ੀਲ ਅਗਵਾਈ ਵਿੱਚ ਵਿੱਢੇ ਗਏ "ਪੰਜਾਬ ਸੰਭਾਲੋ ਅੰਦੋਲਨ ਮਿਸ਼ਨ 2027" ਨੂੰ ਘਰ ਘਰ ਪਹੁੰਚਾਉਣ ਲਈ ਜ਼ਿਲ੍ਹਾ ਫਿਰੋਜਪੁਰ ਦੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡ ਸਾਂਦੇ ਹਾਸ਼ਮ ਵਿਖੇ ਸਰਦਾਰ ਹਰਬੰਸ ਸਿੰਘ ਦੇ ਉਪਰਾਲੇ ਸਦਕਾ ਭਰਵੀਂ ਮੀਟਿੰਗ ਕੀਤੀ ਗਈ। ਜਿਸ ਵਿੱਚ ਸਟੇਟ ਬਸਪਾ ਆਗੂ ਸਰਦਾਰ ਲਾਲ ਸਿੰਘ ਸੁਲਹਾਣੀ ਅਤੇ ਸ੍ਰੀ ਮ ਪ੍ਰਕਾਸ਼ ਸਰੋਏ ਇੰਚਾਰਜ ਫਿਰੋਜਪੁਰ ਜੋਨ ਬਹੁਜਨ ਸਮਾਜ ਪਾਰਟੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਸਪਾ ਆਗੂ ਸਰਦਾਰ ਲਾਲ ਸਿੰਘ ਸੁਲਹਾਣੀ ਨੇ ਆਜ਼ਾਦੀ ਤੋਂ ਬਾਅਦ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਲੁੱਟੇ ਜਾਣ, ਬਰਬਾਦ ਕੀਤੇ ਜਾਣ, ਪੰਜਾਬ ਦੇ ਉਜਾੜੇ, ਜਵਾਨੀ ਦੇ ਜਵਾਨੀ ਅਤੇ ਕਿਸਾਨੀ ਦੀ ਕੀਤੀ ਜਾ ਰਹੀ ਗਿੱਦੜ ਕੁੱਟ, ਚਿੱਟੇ ਦੇ ਵਧ ਰਹੇ ਪ੍ਰਕੋਪ ਕਾਰਨ ਪਿੰਡਾਂ ਸ਼ਹਿਰਾਂ ਵਿਚ ਵਿਛ ਰਹੇ ਲਾਸ਼ਾਂ ਦੇ ਢੇਰਾਂ ਦਾ ਦਰਦਨਾਕ ਮੰਜ਼ਰ ਪੇਸ਼ ਕੀਤਾ। ਸਰਦਾਰ ਸੁਲਹਾਣੀ ਨੇ ਪੰਜਾਬ ਦੀ ਇਸ ਮੰਦੀ ਹਾਲਤ ਲਈ ਹੁਣ ਤੱਕ ਬਣਨ ਵਾਲੀਆਂ ਸਰਕਾਰਾਂ ਦੀ ਕਾਰਜ ਜਾਰੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਸਰਦਾਰ ਸੁਲਹਾਣੀ ਨੇ ਦੱਸਿਆ ਕਿ ਪੰਜਾਬ ਲੰਬਾ ਸਮਾਂ ਕਾਂਗਰਸ ਪਾਰਟੀ ਦੇ ਰਾਜ ਦੌਰਾਨ ਲੁੱਟਿਆ ਗਿਆ, ਅਕਾਲੀ ਭਾਜਪਾ ਗੱਠਜੋੜ ਦੀਆਂ ਸਰਕਾਰਾਂ ਨੇ ਇਸ ਨੂੰ ਤਬਾਹੀ ਦੇ ਇੱਕ ਕਗਾਰ ਤੇ ਲਿਆ ਖੜਾ ਕੀਤਾ।

ਬਦਲਾ ਦੇ ਨਾਂ ਤੇ ਬਣੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਪੰਜਾਬੀਆਂ ਨਾਲ ਧੋਖਾ ਕੀਤਾ ਅਤੇ ਪਹਿਲੀਆਂ ਸਰਕਾਰਾਂ ਨਾਲੋਂ ਵੀ ਇਹ ਸਰਕਾਰ ਮਾੜੀ ਸਾਬਤ ਹੋਈ। ਪੰਜਾਬੀ ਅੱਜ ਠੱਗੇ ਠੱਗੇ ਮਹਿਸੂਸ ਕਰਦੇ ਹਨ। ਇਨ੍ਹਾਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਪੰਜਾਬ ਸਿਰ ਤਿੰਨ ਲੱਖ ਚੁਹੱਤਰ ਹਜਾਰ ਕਰੋੜ ਦਾ ਕਰਜਾ ਚੜ੍ਹ ਚੁਕਾ ਹੈ । ਪੰਜਾਬ ਸਰਕਾਰ 42000 ਕਰੋੜ ਵਿਆਜ ਭਰਦੀ ਹੈ। ਹਰ ਪੰਜਾਬ ਦੇ ਸਿਰ ਤੇ ਇਕ ਲੱਖ ਚੌਵੀ ਹਜਾਰ ਦਾ ਕਰਜਾ ਹੈ।

ਪੰਜਾਬ ਦੇ ਉਜਾੜੇ ਨੂੰ ਰੋਕਣ ਲਈ, ਪੰਜਾਬ ਦੇ ਨੌਜਵਾਨਾਂ ਵਾਸਤੇ ਪੰਜਾਬ ਅੰਦਰ ਢੁਕਵੇਂ ਰੁਜ਼ਗਾਰ ਦਾ ਪ੍ਰਬੰਧ ਕਰਨ ਲਈ, ਪੰਜਾਬ ਨੂੰ ਨਸ਼ਾ ਮੁਕਤ, ਅਨਿਆ ਮੁਕਤ, ਕਰਜ਼ਾ ਮੁਕਤ, ਭੈਅ ਮੁਕਤ ਕਰਨ ਹਿੱਤ ਬਹੁਜਨ ਸਮਾਜ ਪਾਰਟੀ ਵੱਲੋਂ "ਪੰਜਾਬ ਸੰਭਾਲੋ ਮੁਹਿੰਮ" ਦਾ ਆਗਾਜ਼ ਕੀਤਾ ਗਿਆ ਹੈ। ਸੁਹਿਰਦ ਪੰਜਾਬੀਆਂ ਵਲੋਂ ਇਸ ਦਾ ਸੁਆਗਤ ਕੀਤਾ ਜਾ ਰਿਹਾ ਹੈ ਅਤੇ ਪੰਜਾਬੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹਾਜ਼ਰ ਵਿਅਕਤੀਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਅਪੀਲ ਕੀਤੀ। ਇਸ ਮੌਕੇ ਸ੍ਰੀ ਓਮ ਪ੍ਰਕਾਸ਼ ਸਰੋਏ ਬਸਪਾ ਆਗੂ ਪੰਜਾਬ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ ਉਹਨਾਂ ਨੇ ਬਸਪਾ ਨੂੰ ਇਕ ਮੌਕਾ ਦੇਣ ਦੀ ਅਪੀਲ ਕਰਦਿਆਂ ਆਖਿਆ ਕਿ ਭੈਣ ਕੁਮਾਰੀ ਮਾਇਆਵਤੀ ਨੇ ਉਤਰ ਪ੍ਰਦੇਸ਼ ਵਿਚ ਚਾਰ ਵਾਰ ਹਰ ਵਰਗ ਦੇ ਭਲੇ ਵਾਲੀ ਸਰਕਾਰ ਚਲਾ ਕੇ ਗੁੰਡਾ ਗਰਦੀ ਨੂੰ ਨਕੇਲ ਪਾ ਕੇ ਇਸ ਦੀ ਮਿਸਾਲ ਕਾਇਮ ਕੀਤੀ ਹੈ। ਮੰਚ ਸੰਚਾਲਨ ਸ੍ਰੀ ਹਦਾਇਤ ਵਾਲਮੀਕਿ ਮੀਤ ਪ੍ਰਧਾਨ ਬਸਪਾ ਜਿਲ੍ਹਾ ਫਿਰੋਜ਼ਪੁਰ ਵੱਲੋਂ ਕੀਤਾ ਗਿਆ। ਸ੍ਰੀ ਤਾਰਾ ਸਿੰਘ ਮਾਰਸ਼ਲ ਇੰਚਾਰਜ ਬਸਪਾ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਆਗੂਆਂ ਅਤੇ ਹਾਜ਼ਰੀਨਾਂ ਦਾ ਧੰਨਵਾਦ ਕੀਤਾ ਗਿਆ।

# ਐਨਆਈਏ ਵੱਲੋਂ ਡੰਕੀ ਰੂਟ ਰਾਹੀਂ ਅਮਰੀਕਾ ਭੇਜਣ ਦੇ ਮਾਮਲੇ ਵਿਚ ਮੁੱਖ ਮੁਲਜ਼ਮ ਗ੍ਰਿਫ਼ਤਾਰ

**ਨਵੀਂ ਦਿੱਲੀ-** ਕੌਮੀ ਜਾਂਚ ਏਜੰਸੀ ਨੇ ਇੱਕ ਵਿਅਕਤੀ ਨੂੰ ਬਦਨਾਮ 'ਡੰਕੀ' ਰੂਟ ਰਾਹੀਂ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਭੇਜਣ ਦੇ ਮਾਮਲੇ ਵਿਚ ਇੱਕ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੱਛਮੀ ਦਿੱਲੀ ਦੇ ਤਿਲਕ ਨਗਰ ਦੇ ਰਹਿਣ ਵਾਲੇ ਗਗਨਦੀਪ ਸਿੰਘ ਉਰਫ ਗੋਲਡੀ ਨੂੰ ਐਨਆਈਏ ਨੇ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਵਰਣਨਯੋਗ ਹੈ ਕਿ 'ਡੰਕੀ' ਸ਼ਬਦ 'ਗਧਾ/ਖੋਤਾ' ਸ਼ਬਦ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਡੰਕੀ' ਕਿਹਾ ਜਾਂਦਾ ਹੈ। ਡੰਕੀ ਰੂਟ ਦਾ ਮਤਲਬ ਹੈ ਕਿ ਕਿਸੇ ਵਿਅਕਤੀ ਨੂੰ ਗੈਰਕਾਨੂੰਨੀ ਰਸਤੇ ਰਾਹੀਂ ਨੂੰ ਤੇ ਬਿਨਾਂ ਕਿਸੇ ਦਸਤਾਵੇਜ਼ ਆਦਿ ਦੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਦਾਖਲ ਕਰਵਾਉਣਾ। ਇਸ ਮਕਸਦ ਲਈ ਬਹੁਤ ਹੀ ਖਤਰਨਾ ਤੇ ਜੋਖਮ ਭਰੇ ਰਸਤਿਆਂ ਅਤੇ ਢੰਗ-ਤਰੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਦੀ ਜੋਖਮ ਭਰੀ ਅਤੇ ਔਖੀ ਯਾਤਰਾ ਆਮ ਤੌਰ 'ਤੇ ਮਨੁੱਖੀ-ਤਸਕਰੀ ਸਿੰਡੀਕੇਟ ਰਾਹੀਂ ਪੂਰੀ ਕਰਵਾਈ ਜਾਂਦੀ ਹੈ। ਐਨਆਈਏ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਗੋਲਡੀ ਨੂੰ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਇੱਕ ਪੀੜਤ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਈ ਲਗਭਗ 45 ਲੱਖ ਰੁਪਏ ਦਾ ਭੁਗਤਾਨ ਕੀਤਾ ਸੀ। ਪੀੜਤ ਨੂੰ ਦਸੰਬਰ 2024 ਵਿੱਚ 'ਡੰਕੀ' ਰਸਤੇ ਅਮਰੀਕਾ ਭੇਜਿਆ ਗਿਆ ਸੀ।

ਉਸਨੂੰ ਅਮਰੀਕੀ ਅਧਿਕਾਰੀਆਂ ਨੇ 15 ਫਰਵਰੀ ਨੂੰ ਭਾਰਤ ਡਿਪੋਰਟ ਕਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਉਸ ਨੇ "ਏਜੰਟ" ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ।

# ਪਟਿਆਲਾ 'ਚ 12 ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਧਾਰਕਾਂ ਖਿਲਾਫ ਐਫ.ਆਈ.ਆਰ. ਦਰਜ ਹੋਣਾ ਸਵਾਗਤਯੋਗ - ਤਰਸੇਮ ਚੁੰਬਰ

**ਫਗਵਾੜਾ (ਬੀ.ਕੇ. ਰੱਤੂ)** ਪਟਿਆਲਾ ਪੁਲਿਸ ਵਲੋਂ ਫਰਜੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਵਾ ਕੇ ਸਰਕਾਰੀ ਨੌਕਰੀ ਸਮੇਤ ਰਿਜ਼ਰਵ ਕੈਟੇਗਰੀ ਅਧੀਨ ਹੋਰ ਲਾਭ ਲੈਣ ਦੇ ਦੋਸ਼ 'ਚ 12 ਵਿਅਕਤੀਆਂ ਖਿਲਾਫ ਐਫ.ਆਈ.ਆਰ. ਦਰਜ਼ ਕੀਤੀ ਹੈ। ਫਰਜੀ ਐਸ.ਸੀ. ਸਰਟੀਫਿਕੇਟ ਧਾਰਕਾਂ ਖਿਲਾਫ ਸੰਘਰਸ਼ ਕਰ ਰਹੇ ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਦੇ ਲੀਗਲ ਸੈਲ ਪ੍ਰਧਾਨ ਤਰਸੇਮ ਲਾਲ ਚੁੰਬਰ ਨੇ ਪਟਿਆਲਾ ਪੁਲਿਸ ਦੀ ਕਾਰਵਾਈ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਖਾਸ ਤੌਰ ਤੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਦਾ ਧੰਨਵਾਦ ਕੀਤਾ ਹੈ, ਜਿਸਦੇ ਹੁਕਮ 'ਤੇ ਅਮਨਦੀਪ ਸਿੰਘ ਪੁੱਤਰ ਭਾਗ ਸਿੰਘ, ਵਿੱਕੀ ਪੁੱਤਰ ਭਾਗ ਸਿੰਘ, ਮਨਜੀਤ ਕੌਰ ਪਤਨੀ ਭਾਗ ਸਿੰਘ, ਅੰਗ੍ਰੇਜ ਸਿੰਘ ਪੁੱਤਰ ਕਸ਼ਮੀਰ ਸਿੰਘ, ਕੁਲਵੰਤ ਕੌਰ ਪਤਨੀ ਬਲਜੀਤ ਸਿੰਘ ਜਸਵੰਤ ਸਿੰਘ ਪੁੱਤਰ ਸਵਰਨ ਸਿੰਘ, ਸਵਰਨ ਸਿੰਘ ਪੁੱਤਰ ਪਾਲਾ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਸਵਰਨ ਸਿੰਘ, ਬਲਬੀਰ ਕੌਰ ਪਤਨੀ ਸਵਰਨ ਸਿੰਘ, ਦਵਿੰਦਰ




ਸਿੰਘ ਪੁੱਤਰ ਸੇਵਾ ਸਿੰਘ ਅਤੇ ਨਰਿੰਦਰ ਸਿੰਘ ਪੁੱਤਰ ਸੇਵਾ ਸਿੰਘ ਸਾਰੇ ਵਾਸੀ ਪਿੰਡ ਆਲਮ-ਪੁਰ ਜਿਲ੍ਹਾ ਪਟਿਆਲਾ ਖਿਲਾਫ ਥਾਣਾ ਸਦਰ ਪਟਿਆਲਾ ਵਿਖੇ ਐਫ.ਆਈ.ਆਰ. ਨੰਬਰ 42/2025 ਅ।ਧ। 420, 465, 467, 468, 471, 120-ਬੀ, ਤਹਿਤ ਕੇਸ ਦਰਜ ਕੀਤਾ ਗਿਆ ਹੈ। ਤਰਸੇਮ ਚੁੰਬਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਸਾਰੇ ਵਿਅਕਤੀ ਜਨਰਲ ਕੈਟੇਗਰੀ ਦੇ ਨਾਲ ਸਬੰਧ ਰੱਖਦੇ ਹਨ। ਜਿਹਨਾਂ ਦੇ ਵਿਰੁੱਧ ਉਧਮ ਸਿੰਘ ਪੁੱਤਰ ਭਗਵਾਨ ਸਿੰਘ ਅਤੇ ਬਲਵੀਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਆਲਮਪੁਰ ਜਿਲ੍ਹਾ ਪਟਿਆਲਾ ਨੇ ਡਾਇਰੈਕਟਰ ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਪਾਸ ਸ਼ਿਕਾਇਤ ਕੀਤੀ ਸੀ। ਜਿਸ ਤੇ ਰਾਜ ਪੱਧਰੀ ਸਕਰੂਟਨੀ ਕਮੇਟੀ ਨੇ ਡੂੰਘਾਈ ਨਾਲ ਜਾਂਚ ਕੀਤੀ। ਜਿਸ ਵਿਚ ਉਕਤ 12 ਵਿਅਕਤੀ ਸਿੱਖ ਰਾਜਪੂਤ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਫਰਜੀ ਐਸ.ਸੀ. ਸਰਟੀਫਿਕੇਟ ਬਨਾਉਣ ਦੇ ਦੋਸ਼ੀ ਪਾਏ ਗਏ। ਅਖੀਰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਸਕਰੂਟਨੀ ਕਮੇਟੀ ਦੀ ਜਾਂਚ ਤੇ ਮੋਹਰ ਲਗਾਈ ਅਤੇ ਦੋਸ਼ੀਆਂ ਦੇ ਖਿਲਾਫ ਐਫ.ਆਈ.ਆਰ. ਦਰਜ ਹੋਈ ਹੈ। ਤਰਸੇਮ ਲਾਲ ਚੁੰਬਰ ਨੇ ਕਿਹਾ ਕਿ ਐਸ.ਸੀ. ਰਿਜਰਵੇਸ਼ਨ ਤੇ ਡਾਕਾ ਮਾਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਅੱਗੇ ਵੀ ਸੰਘਰਸ਼ ਨੂੰ ਜਾਰੀ ਰੱਖੇਗਾ ਅਤੇ ਅਜਿਹੇ ਰਿਜਰਵੇਸ਼ਨ ਚੋਰਾਂ ਨੂੰ ਹਰ ਹਾਲ ਵਿਚ ਜੇਲ੍ਹ ਦੀਆਂ ਸਲਾਖਾਂ ਦੇ ਪਿੱਛੇ ਪਹੁੰਚਾਇਆ ਜਾਵੇਗਾ।

## ਸਟੇਡੀਅਮ ਦੀ ਵਿਕਰੀ ਦਾ ਮਾਮਲਾ

# ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਕੈਦ ਤੇ ਜੁਰਮਾਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਐਂਜਲ ਸਟੇਡੀਅਮ ਦੀ ਵਿਵਾਦਤ ਵਿਕਰੀ ਦੇ ਮਾਮਲੇ ਦੀ ਸੰਘੀ ਜਾਂਚ ਵਿਚ ਰੁਕਾਵਟ ਪਾਉਣ ਦੇ ਦੋਸ਼ਾਂ ਤਹਿਤ 2 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 50 ਹਜਾਰ ਡਾਲਰ ਦਾ ਜੁਰਮਾਨਾ ਵੀ ਭਰਨਾ ਪਵੇਗਾ। ਯੂ ਐਸ ਡਿਸਟ੍ਰਿਕਟ ਜੱਜ ਜੌਹਨ ਡਬਲਯੂ ਹੋਲਕੋਮਬ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਿੱਧੂ ਨੇ ਲੋਕਾਂ ਦਾ ਭਰੋਸਾ ਤੋੜਿਆ ਹੈ। ਰਿਹਾਈ ਤੋਂ ਬਾਅਦ ਇਕ ਸਾਲ ਲਈ ਉਸ ਨੂੰ ਨਿਗਰਾਨੀ ਵਿਚ ਰਹਿਣਾ ਪਵੇਗਾ। ਸਜ਼ਾ ਸੁਣਾਉਣ ਸਮੇ 67 ਸਾਲਾ ਸਿੱਧੂ ਨੇ ਕੋਈ ਖਾਸ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਅਦਾਲਤ ਵਿਚ ਪਰਿਵਾਰਕ ਮੈਂਬਰ ਤੇ ਉਸ ਦੇ ਸਮਰਥਕ ਵੀ ਹਾਜਰ ਸਨ। ਅਦਾਲਤ ਨੇ ਉਸ ਨੂੰ 2 ਸਤੰਬਰ ਨੂੰ ਅਧਿਕਾਰੀਆਂ ਸਾਹਮਣੇ ਆਤਮ ਸਮਰਪਣ ਕਰਨ ਦਾ ਆਦੇਸ਼ ਦਿੱਤਾ ਹੈ।





# ਲੰਡਨ ਵਿੱਚ ਬੋਧੀਆਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ, ਪ੍ਰਧਾਨ ਮੰਤਰੀ ਦੇ ਸਕੱਤਰ ਨੂੰ ਮੈਮੋਰੰਡਮ ਦਿੱਤਾ










**ਜਲੰਧਰ (ਪਰਮਜੀਤ ਜੱਸਲ)**-ਲੰਡਨ ਵਿਖੇ ਬੋਧੀਆ,ਅੰਬੇਡਕਰੀ ਸੰਸਥਾਵਾਂ ਅਤੇ ਅਗਾਂਹਵਧੂ ਸ਼ਖਸ਼ੀਅਤਾਂ, ਡਾਕਟਰ ਅੰਬੇਡਕਰ ਮਮੋਰੀਅਲ ਕਮੇਟੀ ਗਰੇਟ ਬ੍ਰਿਟੇਨ ਇੰਗਲੈਂਡ, ਪੰਜਾਬ ਬੁੱਧਿਸਟ ਸੋਸਾਇਟੀ ਯੂਕੇ, ਫੈਬੋ ਵੱਲੋਂ ਸੰਗਠਿਤ ਹੋ ਕੇ ਬੁੱਧ ਗਯਾ ਮਹਾਂ ਵਿਹਾਰ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਾਉਣ ਲਈ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਉਹ ਮੰਗ ਕਰ ਰਹੇ ਸਨ ਕਿ ਬੁੱਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੁੱਧ ਗਯਾ ਮਹਾਂ ਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ। ਉਨਾਂ ਇੱਕ ਮੈਮੋਰੰਡਮ ਪ੍ਰਧਾਨ ਮੰਤਰੀ ਦੇ ਸਕੱਤਰ ਅਤੇ ਭਾਰਤੀ ਹਾਈ ਕਮਿਸ਼ਨ ਨੂੰ ਵੀ ਦਿੱਤਾ।

ਇਹਨਾਂ ਅੰਦੋਲਨਕਾਰੀਆਂ ਵਿੱਚ ਸ੍ਰੀ ਹਰਬੰਸ ਬਿਰਦੀ, ਰਾਮਪਾਲ ਰਾਹੀ, ਅਰੁਣ ਕੁਮਾਰ, ਧੰਨਪਤ ਰੱਤੂ, ਚੱਕਰਵਤੀ ਜੀ, ਖੁਸ਼ਵਿੰਦਰ ਬਿੱਲਾ, ਤਰਸੇਮ ਲਾਲ ਕੌਲ,ਸ੍ਰੀਮਤੀ ਕਸ਼ਮੀਰ ਸਾਂਪਲਾ, ਸ੍ਰੀਮਤੀ ਦੇਵੀ ਰਾਣੀ ਚੰਦੜ, ਸ੍ਰੀਮਤੀ ਨਿਰਮਲਾ ਭਾ-ਟੀਆ, ਸ੍ਰੀਮਤੀ ਬਲਬੀਰ ਕੌਰ ਬਾਲੀ (ਖੁਸ਼ਵਿੰਦਰ ਬਿੱਲਾ ਦੀ ਮਾਤਾ), ਸ੍ਰੀਮਤੀ ਸਤਿਆ (ਹਰੀਪਾਲ ਭਾਟੀਆ ਦੀ ਭੈਣ), ਮਨੋਹਰ ਬਿਰਦੀ ਆਦਿ ਸ਼ਾਮਿਲ ਸਨ।

***

# ਐਨ ਐਮ ਐਮ ਐਸ ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੀ ਝੰਡੀ ਰਹੀ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕਰਵਾਈ ਗਈ ਐਨ ਐਮ ਐਮ ਐਸ 2025 ਪ੍ਰੀਖਿਆ ਵਿਚ ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਨੇ ਜਿਲ੍ਹਾ ਪੱਧਰ ਵਿੱਚ ਸਭ ਤੋਂ ਵੱਧ ਮੈਰਿਟ ਸਥਾਨ ਪ੍ਰਾਪਤ ਕੀਤੇ। ਜਾਣਕਾਰੀ ਦਿੰਦਿਆ ਸਕੂਲ ਮੁੱਖ ਅਧਿਆਪਕ ਸ੍ਰੀ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਭੰਗਲ ਖੁਰਦ ਸਕੂਲ ਦੇ 19 ਵਿਦਿਆਰਥੀ ਮੈਰਿਟ ਵਿੱਚ ਆਏ। ਜਿਸ ਵਿੱਚ ਲਵਪ੍ਰੀਤ ਪੁੱਤਰੀ ਸ੍ਰੀ ਪਵਨ ਕੁਮਾਰ ਨੇ 157 ਅੰਕ ਹਾਸਲ ਕਰਕੇ ਜਿਲੇ ਵਿੱਚੋਂ ਪਹਿਲਾ ਸਥਾਨ, ਨੰਦ ਲਾਲ ਪੁੱਤਰ ਕੇਸ਼ਵ ਰਾਮ ਨੇ 148 ਅੰਕ ਹਾਸਲ ਕਰਕੇ ਦੂਸਰਾ ਸਥਾਨ ਅਤੇ ਅਭਿਨਵ ਪੁੱਤਰ ਸ੍ਰੀ ਰੋਹਿਤ ਜੇਮਸ ਨੇ 147 ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹਨਾਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਸਟਾਫ ਮੈਂਬਰਾਂ ਨੀਰਜ ਕੁਮਾਰੀ ਸਟੇਟ ਐਵਾਰਡੀ, ਹਰਜੀਤ ਕੌਰ ਅਤੇ ਮਨਜਿੰਦਰ ਕੌਰ ਵੱਲੋਂ ਵੀ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਡਾਕਟਰ ਅੰਬੇਡਕਰ ਮਾਡਲ ਸਕੂਲ ਮੂਸਾਪੁਰ ਰੋਡ ਨਵਾਂਸ਼ਹਿਰ ਦਾ ਨਤੀਜਾ ਰਿਹਾ ਸ਼ਾਨਦਾਰ









**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪੰਜਵੀਂ ਜਮਾਤ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਨਵਾਂਸ਼ਹਿਰ ਦੇ ਡਾਕਟਰ ਅੰਬੇਡਕਰ ਮਾਡਲ ਸਕੂਲ ਦੀਆਂ ਵਿਦਿਆਰਥਣਾਂ ਰੋਸ਼ਨੀ ਸਪੁਤਰੀ ਜਸਵਿੰਦਰ, ਨਵਜੋਤ ਸਪੁਤਰੀ ਜਸਪਾਲ 500 ਵਿੱਚੋ 481 ਨੰਬਰ ਲੈ ਕੇ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ। ਕੋਮਲ ਪ੍ਰੀਤ ਸਪੁੱਤਰੀ ਜਤਿੰਦਰ ਕੁਮਾਰ ਨੇ ਦੂਜਾ ਅਤੇ ਕਰੀਤਕਾ ਸਪੁਤਰੀ ਇੰਦਰਜੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਕਲਾਸ ਦੇ ਬਾਕੀ ਵਿਦਿਆਰਥੀ ਵੀ ਵਧੀਆ ਨੰਬਰ ਲੈਣ ਵਿੱਚ ਕਾਮਯਾਬ ਹੋਏ। ਸਕੂਲ ਦਾ ਨਤੀਜਾ ਸ਼ਾਨਦਾਰ ਆਉਣ ਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਰਜਿ: ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ, ਜਰਨਲ ਸਕੱਤਰ ਸਕੂਲ ਬੀਰਬਲ ਤੱਖੀ, ਚੇਅਰਮੈਨ ਪ੍ਰੇਮ ਮਲਹੋਤਰਾ ਅਤੇ ਟਰੱਸਟੀ ਸਾਥੀਆਂ ਨੇ ਸਕੂਲ ਪ੍ਰਿੰਸੀਪਲ ਨੀਲਮ ਰੱਤੂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।



# ਨਸ਼ੇ ਦੇ ਖਾਤਮੇ ਲਈ "ਨਈ ਸੋਚ ਸੰਸਥਾ" ਵਲੋਂ ਪੁਲਿਸ+ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦਾ ਪ੍ਰਸਤਾਵ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨਈ ਸੋਚ ਸੰਸਥਾਂ ਨੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੈਂਦ ਦੀ ਪ੍ਰਧਾਨਗੀ ਵਿੱਚ ਹਰੀਸ਼ ਗੁਪਤਾ, ਹੈਪੀ, ਵੀਰ ਪ੍ਰਤਾਪ ਰਾਣਾ, ਵਿੱਕੀ ਚੋਪੜਾ ਨੇ ਏ.ਡੀ.ਜੀ.ਪੀ. ਪੰਜਾਬ ਸ਼੍ਰੀ ਨਰੇਸ਼ ਅਰੋੜਾ ਅਤੇ ਐਸ.ਐਸ.ਪੀ. ਹੁਸ਼ਿਆਰਪੁਰ ਸ਼੍ਰੀ ਸੰਦੀਪ ਮਲਿਕ ਦੇ ਨਾਲ ਸਥਾਨਕ ਪੀ.ਡਬਲਯੂ.ਡੀ. ਰੈਸਟ ਹਾਊਸ ਵਿਖੇ ਮਿਲ ਕੇ ਇਕ ਮੰਗ ਪੱਤਰ ਦਿੱਤਾ ਅਤੇ ਪੰਜਾਬ ਪੁਲਿਸ ਵਲੋਂ ਨਸ਼ੇ ਦੇ ਲਿਖਾਫ ਚਲਾਏ ਅਭਿਆਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜੇ ਲਗਾਤਾਰ ਇਸੀ ਤਰ੍ਹਾਂ ਪੁਲਿਸ ਦੇ ਬਹਾਦਰ ਜਵਾਨਾਂ ਵਲੋਂ ਅਭਿਆਨ ਜਾਰੀ ਰਹੇ ਅਤੇ ਵੇਚਣ ਵਾਲੇ ਕਿੰਗ ਪਿੰਨਾ ਤੇ ਨਕੇਲ ਕੱਸ ਲਈ ਜਾਵੇ ਤਾਂ ਨਸ਼ੇ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ।



ਆਪਣੀ ਸੰਸਥਾਂ ਵਲੋਂ ਨਸ਼ੇ ਦੇ ਆਦੀ ਗਰੀਬ ਪਰਿਵਾਰਾਂ ਜਿਨ੍ਹਾਂ ਦੇ ਬੱਚੇ ਜਾਂ ਪਰਿਵਾਰ ਦੇ ਮੁੱਖੀ ਨਸ਼ਾ ਛੁੜਾਊ ਕੇਂਦਰਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਖਾਣ-ਪੀਣ ਦੀ ਸਮੱਗਰੀ ਸਬੰਧੀ ਜਾਂ ਬਿਮਾਰੀ ਅਤੇ ਪੜ੍ਹਾਈ ਸਬੰਧੀ ਸਹਿਯੋਗ ਦੇਣ ਦਾ ਸੱਦਾ ਦਿੱਤਾ ਗਿਆ ਅਤੇ ਮੰਗ ਪੱਤਰ ਦੇ ਕੇ ਸੜਕਾ ਤੇ ਘੁੰਮ ਰਹੇ ਲਵਾਰਿਸ ਗਊਧਨ ਦੀ ਗੰਭੀਰ ਸਮੱਸਿਆ ਦੇ ਸਬੰਧ ਵਿੱਚ ਵੀ ਚਰਚਾ ਕੀਤੀ ਗਈ ਅਤੇ ਜ਼ਿਲ੍ਹਾਂ ਪੱਧਰ ਜੇਲ੍ਹਾਂ ਵਿੱਚ ਗਊਸ਼ਲਾਵਾਂ ਖੋਲਣ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਗਊਧਨ ਦੀ ਸਮੱਸਿਆ ਦੇ ਲਈ ਇਕ ਨੋਡਲ ਅਫਸਰ ਲਗਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਤੇ ਏ.ਡੀ.ਜੀ.ਪੀ. ਪੰਜਾਬ ਸ਼੍ਰੀ ਨਰੇਸ਼ ਅਰੋੜਾ ਅਤੇ ਐਸ.ਐਸ.ਪੀ. ਹੁਸ਼ਿਆਰਪੁਰ ਸ਼੍ਰੀ ਸੰਦੀਪ ਮਲਿਕ ਨੇ ਕਿਹਾ ਕਿ ਸਥਾਨਕ ਲੋਕਾਂ ਸੰਸਥਾਵਾਂ ਦਾ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨਾ ਬਹੁਤ ਜ਼ਰੂਰੀ ਹੈ ਅਤੇ ਨਈ ਸੋਚ ਸੰਸਥਾਂ ਦਾ ਸਹਿਯੋਗ ਕਰਨ ਦਾ ਪ੍ਰਸਤਾਵ ਸ਼ਲਾਘਾਯੋਗ ਹੈ ਅਤੇ ਨਸ਼ੇ ਨਾਲ ਜੁੜੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਹੁਣ ਨਸ਼ਾ ਤਸਕਰਾ ਨੂੰ ਆਪਣਾ ਧੰਦਾ ਛੱਡਣਾ ਪਵੇਗਾ ਨਹੀਂ ਤਾਂ ਪੰਜਾਬ ਤੋਂ ਬਾਹਰ ਭੱਜਣਾ ਪਵੇਗਾ।

## ਸਸਟੇਨੇਬਲ ਡਿਵੈਲਪਮੈਂਟ ਦੇ ਵਿਸ਼ੇ ਦੇ ਸੰਬੰਧ ਵਿੱਚ ਕੈਮਿਸਟਰੀ ਵਿਭਾਗ ਵੱਲੋਂ ਪੋਸਟਰ ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕੈਮਿਸਟਰੀ ਵਿਭਾਗ ਵੱਲੋਂ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਸਸਟੇਨੇਬਲ ਡਿਵੈਲਪਮੈਂਟ ਦੇ ਵਿਸ਼ੇ ਨੂੰ ਮੁੱਖ ਰੱਖਦਿਆਂ ਪੋਸਟਰ



ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਮੁਕਾਲਿਆ ਦੇ ਮੁੱਖ ਉਦੇਸ਼ ਬਾਰੇ ਜਾਣਕਾਰੀ ਦਿੰਦਿਆਂ ਕੈਮਿਸਟਰੀ ਵਿਭਾਗ ਦੇ ਮੁਖੀ ਡਾ ਅੰਮ੍ਰਿਤ ਕੌਰ ਵੱਲੋਂ ਦੱਸਿਆ ਕਿ ਸਸਟੇਨੇਬਲ ਡਿਵੈਲਪਮੈਂਟ ਧਰਤੀ ਤੇ ਮਨੁੱਖੀ ਜੀਵਨ ਦੇ ਲਈ ਇੱਕ ਆਯੋਜਨ ਸਿਧਾਂਤ ਹੁੰਦਾ ਹੈ। ਇਸ ਵਿੱਚ ਵਿਕਾਸ ਦੀਆਂ ਨੀਤੀਆਂ ਬਣਾਉਂਦੇ ਵਕਤ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਮਨੁੱਖ ਦੀਆਂ ਨਾ ਕੇਵਲ ਵਰਤਮਾਨ ਲੋੜਾਂ ਦੀ, ਬਲਕਿ ਅਨੰਤ ਕਾਲ ਤੱਕ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਸੁਨਿਸ਼ਚਿਤ ਹੋ ਸਕੇ। ਇਸ ਵਿੱਚ ਕੁਦਰਤੀ ਪਰਿਆਵਰਣ ਦੀ ਸੁਰੱਖਿਆ ਅਤੇ ਸਾਂਭ ਸੰਭਾਲ ਉੱਤੇ ਅਤੇ ਸਾਧਨਾਂ ਦੀ ਸੰਜਮੀ ਵਰਤੋਂ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਇਸ ਮੁਕਾਬਲੇ ਵਿੱਚ 12 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ।

ਵਿਦਿਆਰਥੀਆਂ ਵੱਲੋਂ ਸਸਟੇਨੇਬਲ ਡਿਵੈਲਪਮੈਂਟ ਨਾਲ ਸਬੰਧਤ ਪੋਸਟਰ ਬਣਾ ਕੇ ਤੇ ਭਾਸ਼ਣ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ ਗਈ ।ਇਹਨਾਂ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਭੂਮਿਕਾ ਡਾ ਅੰਮ੍ਰਿਤ ਕੌਰ ਤੇ ਡਾ ਜੋਤੀ ਪ੍ਰਕਾਸ਼ ਵੱਲੋਂ ਨਿਭਾਈ ਗਈ। ਪੋਸਟਰ ਮੇਕਿੰਗ ਮੁਕਾਬਲਿਆਂ ਵਿਚ ਮਨਦੀਪ ਕੌਰ ਨੇ ਪਹਿਲਾ,ਹਰਮਨਦੀਪ ਕੌਰ ਦੂਜਾ,ਦੀਪਤੀ ਤੇ ਲੀਪਾਕਸ਼ੀ ਤੀਜੇ ਸਥਾਨ ਤੇ ਰਹੇ। ਭਾਸ਼ਣ ਮੁਕਾਬਲਿਆਂ ਵਿੱਚ ਮਨਜੋਤ ਕੌਰ ਤੇ ਬਲਜੀਤ ਸਿੰਘ ਨੇ ਸਥਾਨ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰ ਤਰਸੇਮ ਸਿੰਘ ਭਿੰਡਰ ਹੁਰਾਂ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ ਤੇ ਉਹਨਾਂ ਨੇ ਕਿਹਾ ਸਸਟੇਨੇਬਲ ਡਿਵੈਲਪਮੈਂਟ ਵਿਸ਼ੇ ਦੀ ਗਹਿਰਾਈ ਨੂੰ ਸਮਝਦਿਆ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਵਿਸ਼ਿਆ ਤੇ ਜ਼ਰੂਰੀ ਕੇਂਦਰਿਤ ਹੋਣ ਲਈ ਕਿਹਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਊਰਜਾ ਸਾਧਨਾਂ ਤੇ ਵਾਤਾਵਰਣ ਨੂੰ ਸੁਰੱਖਿਅਤ ਕੀਤਾ ਜਾ ਸਕੇ। ਉਨ੍ਹਾਂ ਕੈਮਿਸਟਰੀ ਵਿਭਾਗ ਦੀ ਇਹ ਮੁਕਾਬਲੇ ਕਰਵਾਉਣ ਤੇ ਸ਼ਾਲਾਘਾ ਵੀ ਕੀਤੀ। ਇਸ ਮੌਕੇ ਕੈਮਿਸਟਰੀ ਵਿਭਾਗ ਦੇ ਮੁਖੀ ਡਾ ਅੰਮ੍ਰਿਤ ਕੌਰ, ਡਾ ਜੋਤੀ ਪ੍ਰਕਾਸ਼, ਡਾ ਹਰਜੋਤ ਸਿੰਘ, ਸ ਬਲਜਿੰਦਰ ਸਿੰਘ, ਮੈਡਮ ਸੀਮਾ ਸ਼ਰਮਾ ਦੇ ਇਲਾਵਾ ਸਮੂਹ ਕੈਮਿਸਟਰੀ ਵਿਭਾਗ ਹਾਜ਼ਰ ਰਿਹਾ।

## ਦੇਸ਼ ਭਗਤ ਯੂਨੀਵਰਸਿਟੀ ਦੇ ਮੈਗਾ ਨੌਕਰੀ ਮੇਲੇ ਵਿੱਚ ਵੱਡੀ ਗਿਣਤੀ ਵਿਦਿਆਰਥੀਆਂ ਨੇ ਕੀਤੀ ਸ਼ਮੂਲੀਅਤ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਪਲੇਸਮੇਂਟ ਸੈੱਲ ਵੱਲੋਂ ਲੁਧਿਆਣਾ ਵਿੱਚ ਮੈਗਾ ਨੌਕਰੀ ਮੇਲੇ ਵਿੱਚ ਦੇਸ਼ ਭਗਤ ਯੂਨੀਵਰਸਿਟੀ ਅਤੇ ਹੋਰ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਨਾਮੀ ਕੰਪਨੀਆਂ ਨੇ ਭਾਗ ਲਿਆ। ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਇਸ ਪ੍ਰੋਗਰਾਮ ਨੇ ਕੁੱਲ 907 ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ, ਜਿਨ੍ਹਾਂ ਵਿੱਚੋਂ 792 ਵਿਅਕਤੀਗਤ ਤੌਰ 'ਤੇ ਸ਼ਾਮਲ ਹੋਏ, 117 ਵਰਚੁਅਲੀ ਸ਼ਾਮਲ ਹੋਏ ਅਤੇ 1,477 ਵਿਦਿਆਰਥੀਆਂ ਨੇ ਆਨਲਾਈਨ ਰਜਿਸਟਰ ਕੀਤਾ। ਇਸ ਮੌਕੇ ਵੱਖ-ਵੱਖ ਉਦਯੋਗਾਂ ਦੀ ਨੁਮਾਇੰਦਗੀ ਕਰਦੇ ਹੋਏ 48 ਕੰਪਨੀਆਂ ਨੇ ਇਸ ਨੌਕਰੀ ਮੇਲੇ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਖੇਤਰਾਂ ਵਿੱਚ ਵਿਭਿੰਨ ਨੌਕਰੀ ਦੇ ਮੌਕੇ ਪੇਸ਼ ਕੀਤੇ। ਇਸ ਸਮਾਗਮ ਦੀ ਮੁੱਖ ਗੱਲ ਸਭ ਤੋਂ ਵੱਧ ਆਕਰਸ਼ਕ 6 ਲੱਖ ਸਲਾਨਾ ਤਨਖਾਹ ਪੈਕੇਜ ਸੀ।




ਇਸ ਦੌਰਾਨ ਸਮਾਗਮ ਦੀ ਸ਼ਾਨ ਨੂੰ ਹੋਰ ਵਧਾਉਣ ਲਈ ਡਾ. ਰੁਪਿੰਦਰ ਕੌਰ (ਨਿਰਦੇਸ਼ਕ ਰੁਜ਼ਗਾਰ) ਅਤੇ ਸ਼੍ਰੀ ਦੀਪਕ ਭੱਲਾ (ਮੁੱਖ ਕਾਰਜਕਾਰੀ ਅਧਿਕਾਰੀ, ਰੁਜ਼ਗਾਰ) ਨੇ ਮੁੱਖ ਮਹਿਮਾਨ ਜਦੋਂਕਿ ਸ਼੍ਰੀਮਤੀ ਜਸਵਿੰਦਰ ਕੌਰ (ਰੁਜ਼ਗਾਰ ਮੁਖੀ), ਸ਼੍ਰੀ ਘਨਸ਼ਾਮ (ਪਲੇਸਮੈਂਟ ਅਫ਼ਸਰ), ਸ਼੍ਰੀਮਤੀ ਦਿਵਿਆ ਖੁਰਾਨਾ ਅਤੇ ਸ਼੍ਰੀਮਤੀ ਪੂਜਾ ਕਥੂਰੀਆ (ਪਲੇਸਮੈਂਟ ਮੁਖੀ, ਦੇਸ਼ ਭਗਤ ਯੂਨੀਵਰਸਿਟੀ) ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪਰੋ-ਚਾਂਸਲਰ ਡਾ ਤਜਿੰਦਰ ਕੌਰ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਕਰੀਅਰ ਦੇ ਸਫ਼ਰ ਲਈ ਹੋਰ ਪ੍ਰੇਰਿਤ ਕੀਤਾ। ਉਨ੍ਹਾਂ ਨੇ ਪਲੇਸਮੇਂਟ ਸੈੱਲ ਨੂੰ ਵਧਾਈ ਦਿੰਦਿਆਂ ਉਨ੍ਹਾਂ ਵੱਲੋਂ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਪ੍ਰੋਗਰਾਮ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ ਸ਼ਾਨਦਾਰ ਕਰੀਅਰ ਦੇ ਮੌਕੇ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਬਲਕਿ ਚਾਹਵਾਨ ਉਮੀਦਵਾਰਾਂ ਅਤੇ ਪ੍ਰਮੁੱਖ ਉਦਯੋਗ ਪੇਸ਼ੇਵਰਾਂ ਵਿਚਕਾਰ ਅਰਥਪੂਰਨ ਗੱਲਬਾਤ ਨੂੰ ਵੀ ਸੁਵਿਧਾਜਨਕ ਬਣਾਇਆ। ਇਸ ਮੈਗਾ ਜੌਬ ਫੇਅਰ ਨੇ ਭਵਿੱਖ ਦੇ ਸਮਾਗਮਾਂ ਲਈ ਇੱਕ ਮਾਪਦੰਡ ਸਥਾਪਤ ਕੀਤਾ ਹੈ, ਜਿਸ ਨਾਲ ਅਜਿਹੀਆਂ ਹੋਰ ਪਹਿਲਕਦਮੀਆਂ ਲਈ ਰਾਹ ਪੱਧਰਾ ਹੋਇਆ ਹੈ ਤਾਂ ਜੋ ਨੌਜਵਾਨ ਪੇਸ਼ੇਵਰਾਂ ਦੇ ਕਰੀਅਰ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਸਕੇ।

## ਵਜਰਾ ਕੋਰ ਵੱਲੋਂ ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਸਾਬਕਾ ਸੈਨਿਕ ਰੈਲੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਭਾਰਤੀ ਫੌਜ ਦੀ ਵਜਰਾ ਕੋਰ ਨੇ ਅੱਜ ਹੁਸ਼ਿਆਰਪੁਰ, ਪੰਜਾਬ ਵਿਖੇ 'ਵੀਰੋਂ ਕਾ ਸਨਮਾਨ, ਦੇਸ਼ ਕਾ ਅਭਿਮਾਨ' ਥੀਮ ਦੇ ਤਹਿਤ ਸਾਬਕਾ ਸੈਨਿਕਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਇੱਕ ਵਿਸ਼ਾਲ ਸਾਬਕਾ ਸੈਨਿਕ ਰੈਲੀ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਹੁਸ਼ਿਆਰਪੁਰ ਅਤੇ ਨੇੜਲੇ ਜ਼ਿਲ੍ਹਿਆਂ ਦੇ 2,000 ਤੋਂ ਵੱਧ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਸ਼ਿਰਕਤ ਕੀਤੀ। ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ, ਏਵੀ-ਐਸਐਮ, ਵੀਐਸਐਮ, ਜਨਰਲ ਅਫਸਰ ਕਮਾਂਡਿੰਗ, ਵਜਰਾ ਕੋਰ ਨੇ ਉਨ੍ਹਾਂ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਫੌਜ ਦੇ ਅਟੁੱਟ ਸਮਰਥਨ ਦਾ ਭਰੋਸਾ ਦਿੱਤਾ ਵਿਸ਼ੇਸ਼ ਮੈਡੀਕਲ ਕੈਂਪ, ਰੁਜ਼ਗਾਰ ਅਤੇ ਕਾਨੂੰਨੀ ਸਹਾਇਤਾ ਕਾਊਂਟਰ ਅਤੇ ਪ੍ਰਮੁੱਖ ਬੈਂਕਾਂ ਤੋਂ ਵਿੱਤੀ ਮਾਰਗਦਰਸ਼ਨ ਨੇ ਹਾਜ਼ਰੀਨ ਨੂੰ ਹੋਰ ਮਦਦ ਕੀਤੀ। ਖੇਤੀਬਾੜੀ ਖੇਤਰ ਵਿੱਚ ਲੱਗੇ ਸਾਬਕਾ ਸੈਨਿਕਾਂ ਨੂੰ ਵਿਸ਼ਾ ਮਾਹਿਰਾਂ ਦੁਆਰਾ ਆਧੁਨਿਕ ਖੇਤੀਬਾੜੀ ਉਪਕਰਣਾਂ ਅਤੇ ਤਕਨੀਕਾਂ ਨਾਲ ਜਾਣੂ ਕਰਵਾਇਆ ਗਿਆ। ਇਸ ਸਮਾਗਮ ਵਿੱਚ ਇੱਕ ਸ਼ਾਨਦਾਰ ਪਾਈਪ ਬੈਂਡ ਪ੍ਰਦਰਸ਼ਨ, ਇੱਕ ਰਵਾਇਤੀ ਖੁਖਰੀ ਨਾਚ ਅਤੇ ਇੱਕ ਜੋਸ਼ੀਲਾ ਭੰਗੜਾ ਪ੍ਰਦਰਸ਼ਨ ਸ਼ਾਮਲ ਸੀ, ਜਿਸ ਵਿੱਚ ਫੌਜ ਦੀਆਂ ਜੰਗੀ ਪਰੰਪਰਾਵਾਂ ਅਤੇ ਪੰਜਾਬ ਦੀ ਅਮੀਰ ਵਿਰਾਸਤ ਦਾ ਸੁਮੇਲ ਸੀ। ਹਥਿਆਰਾਂ ਅਤੇ ਫੌਜੀ ਉਪਕਰਣਾਂ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਨੇ ਭਾਰਤੀ ਫੌਜ ਦੀ ਤਕਨੀਕੀ ਮੁਹਾਰਤ ਅਤੇ ਸੰਚਾਲਨ ਤਿਆਰੀ ਨੂੰ ਪ੍ਰਦਰਸ਼ਿਤ ਕੀਤਾ, ਜਿਸ ਨੇ ਸਥਾਨਕ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ। ਇੱਕ ਸਮਰਪਿਤ ਅਗਨੀਵੀਰ ਰਜਿਸਟ੍ਰੇਸ਼ਨ ਕਾਊਂਟਰ ਨੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਭਰਤੀ ਰਜਿਸਟ੍ਰੇਸ਼ਨ ਵਿੱਚ ਮਦਦ ਕੀਤੀ।



ਵਜਰਾ ਕੋਰ ਐਕਸ-ਸਰਵਿਸਮੈਨ ਰੈਲੀ ਨੇ ਫੌਜ ਦੇ ਆਪਣੇ ਸਾਬਕਾ ਸੈਨਿਕਾਂ ਨਾਲ ਡੂੰਘੇ ਸਬੰਧ ਨੂੰ ਮਜ਼ਬੂਤ ਕੀਤਾ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਤੋਂ ਇਲਾਵਾ, ਫੌਜ ਉਨ੍ਹਾਂ ਲੋਕਾਂ ਪ੍ਰਤੀ ਵਚਨਬੱਧ ਹੈ ਜਿਨ੍ਹਾਂ ਨੇ ਕਦੇ ਮਾਣ ਨਾਲ ਸੇਵਾ ਕੀਤੀ ਸੀ, ਇਹ ਯਕੀਨੀ ਬਣਾਉਂਦੇ ਹੋਏ ਕਿ ਹਰ ਨਾਇਕ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਵੇ ਅਤੇ ਉਸਨੂੰ ਕਦੇ ਨਾ ਭੁਲਾਇਆ ਜਾਵੇ। ਇਸ ਮੌਕੇ 'ਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ, ਐਸ.ਪੀ. ਨਵਨੀਤ ਕੌਰ ਗਿੱਲ, ਐਸ.ਡੀ.ਐੱਮ. ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐੱਮ. ਟਾਂਡਾ ਪੰਕਜ ਕੁਮਾਰ, ਲੈਫਟਿਨੈਂਟ ਜਨਰਲ(ਰਿਟਾ.) ਜੇ.ਐਸ. ਢਿੱਲੋਂ ਦੇ ਇਲਾਵਾ ਫੌਜ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਪ੍ਰਿੰ. ਹਰਭਜਨ ਸਿੰਘ ਵਿਚਾਰ ਮੰਚ ਮਾਹਿਲਪੁਰ ਵੱਲੋਂ ਸ਼ਾਨਦਾਰ ਸਮਾਗਮ ਦਾ ਆਯੋਜਨ

**ਮਾਹਿਲਪੁਰ (ਮਾਨ)** ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਯਾਦ ਵਿੱਚ ਇੱਕ ਸ਼ਾਨਦਾਰ ਕਲਾਤਮਿਕ ਸਮਾਗਮ ਦਾ ਆਯੋਜਨ ਪ੍ਰੋ. ਅਜੀਤ ਲੰਗੇਰੀ ਦੀ ਅਗਵਾਈ ਹੇਠ ਪ੍ਰਿੰ. ਹਰਭਜਨ ਸਿੰਘ ਵਿਚਾਰ ਮੰਚ ਮਹਿਲਪੁਰ ਵੱਲੋਂ ਕੀਤਾ ਗਿਆ। ਗਦਰੀ ਬਾਬਾ ਹਰਜਾਪ ਸਿੰਘ ਕਾਨਫਰੰਸ ਹਾਲ ਵਿੱਚ ਆਯੋਜਿਤ ਕੀਤੇ ਗਏ ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉੱਘੇ ਲੇਖਕ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਆਪਣੇ ਸੰਬੋਧਨ ਵਿੱਚ ਜਿੱਥੇ ਮਾਹਿਲਪੁਰ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਉੱਥੇ ਦੇਸ਼ ਦੀ ਆਰਥਿਕ, ਸਮਾਜਿਕ, ਰਾਜਸੀ ਅਤੇ ਧਾਰਮਿਕ ਵਿਵਸਥਾ ਤੇ ਵੀ ਚਿੰਤਾ ਪ੍ਰਗਟ ਕੀਤੀ। ਉਹਨਾਂ ਅੱਗੇ ਕਿਹਾ ਕਿ ਇਹਨਾਂ ਸਭ ਸੰਸਥਾਵਾਂ ਵਾਸਤੇ ਇਮਾਨਦਾਰ ਆਗੂਆਂ ਦੀ ਜ਼ਰੂਰਤ ਹੈ।



ਜਿਸ ਵਾਸਤੇ ਆਮ ਜਨਤਾ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਉੱਘੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨੇ ਆਪਣੀਆਂ ਗਜ਼ਲਾਂ ,ਕਵਿਤਾਵਾਂ ਤੇ ਗੀਤਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਹੁਸ਼ਿਆਰਪੁਰ ਦੇ ਪ੍ਰਸਿੱਧ ਗਾਇਕ ਪ੍ਰੋਫੈਸਰ ਬਲਰਾਜ ਨੇ ਆਪਣੀ ਗਾਇਕੀ ਸੁਰਜੀਤ ਪਾਤਰ ਦੀਆਂ ਗਜ਼ਲਾਂ ਨਾਲ ਸ਼ੁਰੂ ਕਰਕੇ ਪ੍ਰੋ. ਦੀਦਾਰ ਸਿੰਘ ਦੀਦਾਰ ਦੀਆਂ ਰਚਨਾਵਾਂ ਨਾਲ ਸਿਖ਼ਰ ਤੇ ਪਹੁੰਚਾ ਦਿੱਤੀ। ਜਦ ਉਹਨਾਂ 'ਇੰਜ ਗਮਾਂ ਨੇ ਕੀਤੀ ਜ਼ਿੰਦਗੀ ਇਕੱਲੀ ਨਾਲ, ਜਿੰਦਾਂ ਤੋਤੇ ਕਰਦੇ ਕੱਚੀ ਛੱਲੀ ਨਾਲ' ਗਜ਼ਲ ਪੇਸ਼ ਕੀਤੀ ਤਾਂ ਦਰਸ਼ਕਾਂ ਦੀਆਂ ਤਾੜੀਆਂ ਨਾਲ ਹਾਲ ਗੂੰਜ ਉੱਠਿਆ।

ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ। ਪਰਵਿੰਦਰ ਸਿੰਘ ਨੇ ਸਿੱਖਿਆ ਦੇ ਨਾਂ ਤੇ ਖੁੱਲ੍ਹੀਆਂ ਦੁਕਾਨਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਮਿਸ਼ਨਰੀ ਸੰਸਥਾਵਾਂ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬ ਤੇ ਦੇਸ਼ ਨੂੰ ਬੌਧਿਕ ਕੰਗਾਲੀ ਤੋਂ ਬਚਾਉਣ ਲਈ ਬੁੱਧੀਜੀਵੀਆਂ ਅਤੇ ਦੇਸ਼ ਪ੍ਰੇਮੀ ਆਗੂਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਕਾਲਜ ਦੇ ਸ਼ਾਨਦਾਰ ਵਾਤਾਵਰਣ ਦੀ ਸਿਫ਼ਤ ਕਰਦਿਆਂ ਬੀ ਏ ਪਾਰਟ ਵੰਨ ਦੇ ਵਿਦਿਆਰਥੀ ਹਰਵੀਰ ਮਾਨ ਅਤੇ ਐਮ ਏ ਦੀ ਵਿਦਿਆਰਥਣ ਸਾਧਨਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਮੰਚ ਸੰਚਾਲਨ ਕਰਦਿਆਂ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਦੇਣ ਦੀ ਵਿਸ਼ੇਸ਼ ਤੌਰ ਤੇ ਚਰਚਾ ਕੀਤੀ। ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਜੇ ਬੀ ਸੇਖੋਂ ਨੇ ਮੌਜੂਦਾ ਸਮੇਂ ਵਿੱਚ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਕੀਤੀਆਂ ਸ਼ਾਨਦਾਰ ਪ੍ਰਾਪਤੀਆਂ ਵਾਸਤੇ ਸਿੱਖ ਵਿੱਦਿਅਕ ਕੌਂਸਲ ਅਤੇ ਪ੍ਰਿੰਸੀਪਲ ਦੀ ਸੁਯੋਗ ਅਗਵਾਈ ਦੀ ਸ਼ਲਾਘਾ ਕੀਤੀ। ਰੋਸ਼ਨਜੀਤ ਸਿੰਘ ਪਨਾਮ ਨੇ ਇਸ ਕਾਲਜ ਦੀ ਖੇਡ ਜਗਤ ਨੂੰ ਦਿੱਤੀ ਦੇਣ ਦੀ ਵਿਸ਼ੇਸ਼ ਚਰਚਾ ਰਦਿਆਂ ਕਿਹਾ ਕਿ ਏਸ਼ੀਅਨ ਅਤੇ ਲੰਪਿਕ ਖੇਡਾਂ ਤੱਕ ਮੱਲਾਂ ਮਾਰਨ ਵਾਲੇ ਫੁੱਟਬਾਲਰ ਇਸ ਕਾਲਜ ਦੀ ਹੀ ਦੇਣ ਹਨ। ਪ੍ਰੋ. ਸਿਮਰ ਮਾਣਕ ਦੁਆਰਾ ਸਿਰਜੇ ਚਿੱਤਰਾਂ ਦੀ ਨੁਮਾਇਸ਼ ਉਹਨਾਂ ਆਪਣੇ ਜੀਵਨ ਸਾਥੀ ਪ੍ਰੋ। ਗੁਰਮਨ ਸਿੰਘ ਦੇ ਸਹਿਯੋਗ ਨਾਲ ਲਗਾਈ ਗਈ। ਦਰਸ਼ਕਾਂ ਨੇ ਇਹਨਾਂ ਚਿੱਤਰਾਂ ਨੂੰ ਦੇਖ ਕੇ ਆਪਣੇ ਕਲਾਤਮਿਕ ਪੱਧਰ ਉਚੇਰਾ ਕੀਤਾ। ਇਹਨਾਂ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਪ੍ਰੋ. ਦਲਵਿੰਦਰ ਅਜੀਤ, ਪ੍ਰੋ. ਤਜਿੰਦਰ ਸਿੰਘ, ਤਲਵਿੰਦਰ ਹੀਰ, ਬੱਬੂ ਮਾਹਿਲਪੁਰੀ, ਸਰਪੰਚ ਬਲਵਿੰਦਰ ਸਿੰਘ, ਬਲਜਿੰਦਰ ਮਾਨ , ਪਰਮਜੀਤ ਕਾਤਿਬ, ਰਘੁਵੀਰ ਸਿੰਘ ਕਲੋਆ ਅਤੇ ਸੁਖਮਨ ਸਿੰਘ ਆਦਿ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ।

ਇਸ ਮੌਕੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੀ ਸੋਚ ਤੇ ਪਹਿਰਾ ਦੇਣ ਵਾਲੇ ਪ੍ਰਿੰਸੀਪਲ ਸੁਰਜੀਤ ਸਿੰਘ, ਸੁਰਿੰਦਰ ਪਾਲ ਝੱਲ, ਵਿਜੇ ਬੰਬੇਲੀ, ਗੁਰਮਿੰਦਰ ਕੈਂਡੋਵਾਲ, ਚੈਂਚਲ ਸਿੰਘ ਬੈਂਸ, ਬੰਤ ਸਿੰਘ ਬੈਂਸ, ਬਲਦੇਵ ਸਿੰਘ ਬੰਗਾ, ਸੁਖਦੇਵ ਨਡਾਲੋਂ, ਪ੍ਰੋ. ਵਿਕਰਮ ਚੰਦੇਲ, ਬਲਜੀਤ ਸਿੰਘ ਬੈਂਸ, ਸੋਨੀਆ ਕਪੂਰ, ਸ਼ਮੀ ਕਪੂਰ, ਪ੍ਰਿੰ. ਸੁਖਚੈਨ ਸਿੰਘ ਸਮੇਤ ਵਿਦਿਆਰਥੀ, ਅਧਿਆਪਕ,ਮਾਪੇ ਖਿਡਾਰੀ ਅਤੇ ਖੇਡ ਪ੍ਰਮੋਟਰ ਹਾਜ਼ਰ ਹੋਏ।

# 2028 ਦੇ ਵਿਚ ਅਕਾਸ਼ 'ਚ ਹੁੰਦੀ ਰਹੱਸਮਈ ਜੀਵਨ ਹਲਚਲ ਨੂੰ ਵੇਖ ਸਕਣ ਦੀ ਆਸ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਅਜੀਬ ਤੇ ਰੋਮਾਂਚਕ ਬਾਹਰੀ ਜੀਵ ਜਿਨ੍ਹਾਂ ਨੂੰ ਅਕਸਰ ਏਲੀਅਨ ਕਿਹਾ ਜਾਂਦਾ ਹੈ, ਸਦੀਆਂ ਤੋਂ ਮਨੁੱਖੀ ਕਲਪਨਾ, ਗਿਣਤੀ ਅਤੇ ਵਿਗਿਆਨਕ ਸੋਧ ਦਾ ਕੇਂਦਰ ਰਹੇ ਹਨ। ਕੀ ਇਹ ਸੰਭਾਵਨਾ ਹੈ ਕਿ ਅਣਜਾਣ ਗ੍ਰਹਾਂ ਜਾਂ ਗਲੈਕੀਆਂ ਦੇ ਵਿਚ ਜੀਵਨ ਵਸਦਾ ਹੈ? ਇਸ ਵਿਚਾਰ ਨੇ ਸਾਡੇ ਸਾਇੰਸਦਾਨਾਂ ਦੇ ਵਿਚ ਨਵਾਂ ਜੋਸ਼ ਅਤੇ ਉਤਸਾਹ ਪੈਦਾ ਕੀਤਾ ਹੋਇਆ ਹੈ।

**ਐਲੀਅਨਾਂ ਦਾ ਸੰਸਾਰ**

'ਐਲੀਅਨ' ਸ਼ਬਦ ਨੂੰ ਸੁਣਦੇ ਹੀ ਸਾਡੇ ਧਿਆਨ ਵਿੱਚ ਅਜੀਬ-ਗਰੀਬ ਸ਼ਕਲਾਂ ਵਾਲੇ ਜੀਵ, ਉੱਚ ਤਕਨੀਕੀ ਅਤੇ ਉਲਝਣਪੂਰਨ ਸੰਕੇਤ ਆਉਂਦੇ ਹਨ। ਜਦੋਂ ਕਿ ਇਹ ਸਿਰਫ ਕਲਪਨਾ ਹੋ ਸਕਦੀ ਪਰ ਵਿਗਿਆਨਕ ਪ੍ਰਮਾਣ ਝਲਕਾਰੇ ਪਾਉਂਦੇ ਹਨ ਕਿ ਅਸੀਂ ਬ੍ਰਹਿਮੰਡ ਵਿੱਚ ਇਕੱਲੇ ਨਹੀਂ ਹੋ ਸਕਦੇ। ਬ੍ਰਹਿਮੰਡ ਦੇ ਅਣਗਿਣਤ ਤਾਰਿਆਂ ਅਤੇ ਗ੍ਰਹਿਾਂ ਵਿੱਚੋਂ ਕੁਝ ਐਸੇ ਹੋ ਸਕਦੇ ਹਨ ਜੋ ਜੀਵਨ ਲਈ ਸਹਿਜ ਹਨ।

**ਵਿਗਿਆਨਕ ਖੋਜਾਂ**


ਵਿਗਿਆਨਕ ਜਹਾਜ਼ਾਂ ਅਤੇ ਦੂਰਬੀਨਾਂ ਜਿਵੇਂ ਕਿ ਹਬਲ ਸਪੇਸ ਟੇਲੀਸਕੋਪ ਅਤੇ ਮੰਗਲ ਮਿਸ਼ਨਾਂ ਨੇ ਅਜਿਹੇ ਸਬੂਤ ਲੱਭਣ ਦੀ ਕੋਸ਼ਿਸ਼ ਕੀਤੀ ਹੈ ਜੋ ਬਾਹਰੀ ਜੀਵਾਂ ਦੇ ਮੌਜੂਦ ਹੋਣ ਦੀ ਪੁਸ਼ਟੀ ਕਰ ਸਕਣ। ਉਹ ਮਿਥੈਨ ਗੈਸ, ਜਲ ਦੇ ਅਣੂ ਅਤੇ ਜੀਵਨ-ਅਨੁਕੂਲ ਪਰਿਸਥਿਤੀਆਂ ਦੀ ਖੋਜ ਵਿੱਚ ਹਨ।

**ਕਲਪਨਾ ਤੋਂ ਹਕੀਕਤ**

ਹਾਲਾਂਕਿ ਅਜੇ ਤੱਕ ਬਾਹਰੀ ਜੀਵਾਂ ਦਾ ਸਿੱਧਾ ਸਬੂਤ ਨਹੀਂ ਮਿਲਿਆ ਹੈ, ਬਹੁਤ ਸਾਰੀਆਂ ਕਹਾਣੀਆਂ, ਫਿਲਮਾਂ ਅਤੇ ਕਿਤਾਬਾਂ ਨੇ ਐਲੀਅਨਾਂ ਦੀ ਕਲਪਨਾ ਨੂੰ ਜੀਵੰਤ ਕੀਤਾ ਹੈ। ਇਹ ਕਲਪਨਾਵਾਂ ਸਿਰਫ ਮਨੋਰੰਜਨ ਹੀ ਨਹੀਂ, ਸਗੋਂ ਜੀਵਨ ਦੇ ਅਸਲੀ ਸਵਾਲਾਂ ਦੀ ਖੋਜ ਵੀ ਹੁੰਦੀਆਂ ਹਨ।

**ਬ੍ਰਹਿਮੰਡ ਦੀਆਂ ਅਣਜਾਣ ਰਹੱਸਾਂ**

ਬਾਹਰੀ ਜੀਵਾਂ ਦੀ ਖੋਜ ਸਾਡੀ ਸਪੇਸ ਐਕਸਪਲੋਰੇਸ਼ਨ ਦੀ ਭਵਿੱਖਬਾਣੀ ਹੈ। ਇਹ ਸਿਰਫ ਜੀਵਨ ਦੀ ਖੋਜ ਨਹੀਂ, ਸਗੋਂ ਸਾਡੇ ਬ੍ਰਹਿਮੰਡ ਦੀ ਗਹਿਰਾਈਆਂ ਅਤੇ ਸੱਚਾਈਆਂ ਨੂੰ ਸਮਝਣ ਦੀ ਯਾਤ੍ਰਾ ਹੈ।



ਕੀ ਅਸੀਂ ਕਿਸੇ ਦਿਨ ਐਲੀਅਨਾਂ ਨਾਲ ਸੰਪਰਕ ਕਰਾਂਗੇ? ਇਹ ਸਵਾਲ ਅਜੇ ਭਵਿੱਖ ਵਿੱਚ ਹੀ ਦੱਬਿਆ ਪਿਆ ਹੈ। ਇਹ ਫਿਕਰ ਅਤੇ ਖੁਸ਼ੀ ਦੋਵੇਂ ਦਿੰਦਾ ਹੈ ਕਿ ਇਹ ਸੰਭਾਵਨਾ ਸਾਡੇ ਬ੍ਰਹਿਮੰਡ ਦੇ ਅਸਲੀਅਤ ਨੂੰ ਸਮਝਣ ਵਿੱਚ ਸਾਡੀ ਮਦਦ ਕਰੇਗੀ।

**ਚਿਲੀ ਵਿੱਚ ਬਣਾਇਆ ਜਾ ਰਿਹਾ 'ਬਹੁਤ ਵੱਡਾ ਟੈਲੀਸਕੋਪ'**

ਚਿੱਲੀ ਦੇਸ਼ ਦੇ ਵਿਚ ਇਕ ਅਜਿਹਾ ਵੱਡਾ ਟੈਲੀਸਕੋਮ ਬਣਾਇਆ ਜਾ ਰਿਹਾ ਹੈ ਜੋ ਇੱਕ ਰਾਤ ਵਿੱਚ ਹੀ ਏਲੀਅਨ ਜੀਵਨ ਦੇ ਸੰਕੇਤਾਂ ਦਾ ਪਤਾ ਲਗਾ ਸਕਦਾ ਹੈ। 2028 ਵਿੱਚ ਇਹ ਅਤਿਅੰਤ ਵੱਡਾ ਟੈਲੀਸਕੋਪ ਬ੍ਰਹਿਮੰਡ ਪ੍ਰਤੀ ਸਾਡੇ ਦ੍ਰਿਸ਼ਟੀਕੋਣ ਵਿੱਚ ਕ੍ਰਾਂਤੀ ਲਿਆਵੇਗਾ।

ਦਰਅਸਲ, ਇਹ ਆਪਣੇ ਕਾਰਜਾਂ ਦੀ ਪਹਿਲੀ ਰਾਤ ਵਿੱਚ ਹੀ ਸਾਡੇ ਸਭ ਤੋਂ ਨੇੜਲੇ ਗੁਆਂਢੀ ਤਾਰਾ ਪ੍ਰਣਾਲੀ ਦੇ ਆਲੇ-ਦੁਆਲੇ ਪਰਦੇਸੀ ਜੀਵਨ ਦੇ ਸੰਕੇਤਾਂ ਦਾ ਪਤਾ ਲਗਾ ਸਕਦਾ ਹੈ।

**ਮਾਰੂਥਲ ਦੇ ਵਿਚਕਾਰ ਇੱਕ ਵਿਸ਼ਾਲ ਦੂਰਬੀਨ ਦੀ ਪੇਸ਼ਕਾਰੀ**

ਉੱਤਰੀ ਚਿਲੀ ਵਿੱਚ ਇਸ ਵੇਲੇ ਨਿਰਮਾਣ ਅਧੀਨ ਅਤਿਅੰਤ ਵੱਡਾ ਟੈਲੀਸਕੋਪ (5L"), ਸਾਨੂੰ ਆਕਾਸ਼ਗੰਗਾ ਦਾ ਇਸ ਤੋਂ ਪਹਿਲਾਂ ਦੇ ਕਿਸੇ ਵੀ ਜ਼ਮੀਨੀ-ਅਧਾਰਤ ਟੈਲੀਸਕੋਪ ਨਾਲੋਂ ਬਿਹਤਰ ਦ੍ਰਿਸ਼ ਪ੍ਰਦਾਨ ਕਰੇਗਾ । ਇਹ ਦੱਸਣਾ ਮੁਸ਼ਕਲ ਹੈ ਕਿ ਇਹ ਕਿੰਨਾ ਪਰਿਵਰਤਨਸ਼ੀਲ ਹੋਵੇਗਾ। 5" ਦੇ ਪ੍ਰਾਇਮਰੀ ਮਿਰਰ ਐਰੇ ਦਾ ਪ੍ਰਭਾਵਸ਼ਾਲੀ ਵਿਆਸ 39 ਮੀਟਰ ਹੋਵੇਗਾ। ਇਹ ਪਿਛਲੇ ਟੈਲੀਸਕੋਪਾਂ ਨਾਲੋਂ ਜ਼ਿਆਦਾ ਰੌਸ਼ਨੀ ਇਕੱਠੀ ਕਰੇਗਾ, ਅਤੇ ਇਹ ਸਾਨੂੰ ਹੱਬਲ ਸਪੇਸ ਟੈਲੀਸਕੋਪ ਨਾਲੋਂ 16 ਗੁਣਾ ਤੇਜ਼ ਤਸਵੀਰਾਂ ਦੇਵੇਗਾ ।

ਇਹ 2028 ਵਿੱਚ ਔਨਲਾਈਨ ਆਉਣ ਲਈ ਤਹਿ ਕੀਤਾ ਗਿਆ ਹੈ, ਅਤੇ ਨਤੀਜੇ ਰਾਤੋ-ਰਾਤ ਸ਼ਾਬਦਿਕ ਤੌਰ 'ਤੇ ਆਉਣੇ ਸ਼ੁਰੂ ਹੋ ਸਕਦੇ ਹਨ, ਜਿਵੇਂ ਕਿ ਇੱਕ ਤਾਜ਼ਾ ਅ ਧਿਐਨ ਦਰਸਾਉਂਦਾ ਹੈ। 5" ਦੀਆਂ ਸਭ ਤੋਂ ਸ਼ਕਤੀਸ਼ਾਲੀ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਐਕਸੋਪਲੈਨੇਟਸ ਦੇ ਵਾਯੂਮੰਡਲ ਤੋਂ ਧੁੰਦਲੇ ਵਾਯੂਮੰਡਲ ਸਪੈਕਟਰਾ ਨੂੰ ਕੈਪਚਰ ਕਰਨਾ ਹੋਵੇਗਾ । ਇਹ ਆਮ ਤੌਰ 'ਤੇ ਉਦੋਂ ਕੀਤਾ ਜਾਂਦਾ ਹੈ ਜਦੋਂ ਕੋਈ ਗ੍ਰਹਿ ਸਾਡੇ ਦ੍ਰਿਸ਼ਟੀਕੋਣ ਤੋਂ ਆਪਣੇ ਤਾਰੇ ਦੇ ਸਾਹਮਣੇ ਤੋਂ ਲੰਘਦਾ ਹੈ। ਤਾਰਾ-ਰੋਸ਼ਨੀ ਦਾ ਇੱਕ ਛੋਟਾ ਜਿਹਾ ਹਿੱਸਾ ਸਾਡੇ ਤੱਕ ਪਹੁੰਚਣ ਲਈ ਇੱਕ ਗ੍ਰਹਿ ਦੇ ਵਾਯੂਮੰਡਲ ਵਿੱਚੋਂ ਲੰਘਦਾ ਹੈ, ਅਤੇ ਸਪੈਕਟਰਾ ਦਾ ਵਿਸ਼ਲੇਸ਼ਣ ਕਰਕੇ ਅਸੀਂ ਗ੍ਰਹਿ ਦੇ ਵਾਯੂਮੰਡਲ ਵਿੱਚ ਮੌਜੂਦ ਅਣੂਆਂ ਨੂੰ ਨਿਰਧਾਰਤ ਕਰ ਸਕਦੇ ਹਾਂ, ਜਿਵੇਂ ਕਿ ਪਾਣੀ, ਕਾਰਬਨ ਡਾਈਆਕਸਾਈਡ, ਅਤੇ ਆਕਸੀਜਨ। ਉਦਾਹਰਣ ਵਜੋਂ , ਜੇਮਜ਼ ਵੈੱਬ ਸਪੇਸ ਟੈਲੀਸਕੋਪ (JWS") ਨੇ ਕਈ ਐਕਸੋਪਲੈਨੇਟ ਵਾਯੂਮੰਡਲ 'ਤੇ ਡਾਟਾ ਇਕੱਠਾ ਕੀਤਾ ਹੈ।

ਪਰ ਕਈ ਵਾਰ ਅਸੀਂ ਜੋ ਟਰਾਂਜਿਟ ਡੇਟਾ ਇਕੱਠਾ ਕਰ ਸਕਦੇ ਹਾਂ ਉਹ ਨਿਰਣਾਇਕ ਹੁੰਦਾ ਹੈ। ਉਦਾਹਰਨ ਲਈ, ਜਦੋਂ ਝ"" ਨੇ "R1PP9S"-1 ਸਿਸਟਮ ਦੇ ਗ੍ਰਹਿਆਂ 'ਤੇ ਵਾਯੂਮੰਡਲ ਦੀ ਖੋਜ ਕੀਤੀ, ਤਾਂ ਇਹ ਜਾਪਦਾ ਸੀ ਕਿ ਗ੍ਰਹਿ ਹਵਾ ਰਹਿਤ ਸਨ, ਪਰ ਡੇਟਾ ਇੰਨਾ ਮਜ਼ਬੂਤ ਨਹੀਂ ਹੈ ਕਿ ਵਾਯੂਮੰਡਲ ਦੀ ਮੌਜੂਦਗੀ ਨੂੰ ਰੱਦ ਕੀਤਾ ਜਾ ਸਕੇ। ਪਤਲੇ ਵਾਯੂਮੰਡਲ ਹੋ ਸਕਦੇ ਹਨ ਜਿਨ੍ਹਾਂ ਵਿੱਚ ਸਪੈਕਟਰਲ ਲਾਈਨਾਂ ਬਹੁਤ ਘੱਟ ਹਨ ਜੋ JWS" ਲਈ ਦੇਖਣ ਲਈ ਬਹੁਤ ਘੱਟ ਹਨ। 5" ਦੀ ਵਧੇਰੇ ਸੰਵੇਦਨਸ਼ੀਲਤਾ ਇਸ ਸਵਾਲ ਦਾ ਹੱਲ ਕਰਨ ਦੇ ਯੋਗ ਹੋਣੀ ਚਾਹੀਦੀ ਹੈ।

4 ਛੋਟੇ, ਧਰਤੀ ਵਰਗੇ ਗ੍ਰਹਿ ਸਾਡੇ ਦੂਜੇ ਸਭ ਤੋਂ ਨੇੜੇ ਦੇ ਤਾਰਾ ਮੰਡਲ ਦੇ ਚੱਕਰ ਲਗਾਉਂਦੇ ਹੋਏ ਮਿਲੇ ਹਨ — ਅਤੇ ਭਵਿੱਖ ਦੀਆਂ ਮਨੁੱਖੀ ਪੀੜ੍ਹੀਆਂ ਦੁਆਰਾ ਇਹਨਾਂ ਦਾ ਦੌਰਾ ਕੀਤਾ ਜਾ ਸਕਦਾ ਹੈ। ਅਜਿਹਾ ਲਗਦਾ ਹੈ ਕਿ ਜੇਕਰ ਜੀਵਨ ਨੇੜਲੇ ਤਾਰਾ ਪ੍ਰਣਾਲੀ ਵਿੱਚ ਮੌਜੂਦ ਹੈ, ਤਾਂ 5" ਇਸਦਾ ਪਤਾ ਲਗਾਉਣ ਦੇ ਯੋਗ ਹੋਣਾ ਚਾਹੀਦਾ ਹੈ। ਮਨੁੱਖੀ ਇਤਿਹਾਸ ਦੇ ਸ਼ਾਇਦ ਸਭ ਤੋਂ ਵੱਡੇ ਸਵਾਲ ਦਾ ਜਵਾਬ ਕੁਝ ਸਾਲਾਂ ਵਿੱਚ ਮਿਲ ਸਕਦਾ ਹੈ।

# ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ 4300 ਗਾਹਕਾਂ ਨੂੰ ਆਰ-21 ਵੀਜ਼ਾ ਦੇਣ ਸਮੇਂ ਕੀਤੀ ਗਲਤੀ ਲਈ ਮੰਗੀ ਮੁਆਫ਼ੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–**ਵੈਸੇ ਤਾਂ ਇਮੀਗ੍ਰੇਸ਼ਨ ਦੇ ਕੰਮਕਾਰ ਬੜੇ ਉਚ ਪੱਧਰ ਦੇ ਹੁੰਦੇ ਹਨ, ਪਰ ਥੋਕ ਵਿਚ ਗਲਤੀਆਂ ਕਰਨ ਦਾ ਉਲਾਂਭਾ ਨਿਊਜ਼ੀਲੈਂਡ ਇਮੀਗ੍ਰੇਸ਼ਨ ਨੂੰ ਆਇਆ ਹੀ ਰਹਿੰਦਾ ਹੈ। ਇਮੀਗ੍ਰੇਸ਼ਨ ਨੇ ਹੁਣ ਕਿਹਾ ਹੈ ਕਿ ''ਸਾਨੂੰ ਪਤਾ ਲੱਗਿਆ ਹੈ ਕਿ ਕੁਝ 2021 ਰੈਜ਼ੀਡੈਂਟ ਵੀਜ਼ਾ ਗਲਤ ਯਾਤਰਾ ਸ਼ਰਤਾਂ ਨਾਲ ਜਾਰੀ ਕੀਤੇ ਗਏ ਸਨ, ਅਤੇ ਅਸੀਂ ਇਹ ਦਰੁਸਤ ਕਰ ਦਿੱਤੇ ਹਨ। ਲਗਭਗ 4,300 ਗਾਹਕਾਂ ਨੂੰ ਗਲਤ ਯਾਤਰਾ ਸ਼ਰਤਾਂ ਜਾਂ ਤਰੀਕਾਂ ਮਿਲੀਆਂ ਸਨ ਜਦੋਂ ਉਨ੍ਹਾਂ ਨੂੰ ਨਿਊਜ਼ੀਲੈਂਡ ਵਿਚ ਪਹਿਲੀ ਵਾਰ ਪ੍ਰਵੇਸ਼ ਕਰਨ ਦੀ ਲੋੜ ਸੀ। ਅਸੀਂ ਗਲਤੀ ਲਈ ਮਾਫੀ ਮੰਗਦੇ ਹਾਂ ਅਤੇ ਗਾਹਕਾਂ 'ਤੇ ਹੋਣ ਵਾਲੇ ਪ੍ਰਭਾਵ ਲਈ ਖੇਦ ਪ੍ਰਗਟ ਕਰਦੇ ਹਾਂ। ਇਸ ਸਮੱਸਿਆ ਦਾ ਹੱਲ ਕਰਨ ਲਈ, ਅਸੀਂ ਇਹ ਰੈਜ਼ੀਡੈਂਟ ਵੀਜ਼ਾ ਦੀਆਂ ਯਾਤਰਾ ਸ਼ਰਤਾਂ ਵਿੱਚ ਤਬਦੀਲੀ ਕੀਤੀ ਹੈ ਅਤੇ ਅਸੁਵਿਧਾ ਲਈ ਰਿਆਇਤਾਂ ਦਿੱਤੀਆਂ ਹਨ। ਗਾਹਕਾਂ (ਜਾਂ ਉਨ੍ਹਾਂ ਦੇ ਪ੍ਰਤੀਨਿਧੀਆਂ) ਨਾਲ ਸੰਪਰਕ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਵੀਆਂ ਯਾਤਰਾ ਸ਼ਰਤਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਹ ਸ਼ਰਤਾਂ ਉਹਨਾਂ ਨਾਲ ਮੇਲ ਖਾਂਦੀਆਂ ਹਨ ਜੋ ਉਹਨਾਂ ਨੂੰ ਮਿਲਣੀਆਂ ਚਾਹੀਦੀਆਂ ਸਨ ਅਤੇ ਉਨ੍ਹਾਂ ਨੂੰ ਵਾਧੂ ਸਮਾਂ ਪ੍ਰਦਾਨ ਕਰਦੀਆਂ ਹਨ।"




-ਜਿਹੜੇ ਗਾਹਕ 2021 ਰੈਜ਼ੀਡੈਂਟ ਵੀਜ਼ਾ ਮੰਜ਼ੂਰ ਹੋਣ ਦੇ ਬਾਅਦ ਨਿਊਜ਼ੀਲੈਂਡ ਵਿਚ ਰਹਿ ਰਹੇ ਹਨ, ਅਸੀਂ ਉਨ੍ਹਾਂ ਨੂੰ 2 ਸਾਲ ਦੀਆਂ ਯਾਤਰਾ ਸ਼ਰਤਾਂ 27 ਮਾਰਚ 2025 ਤੋਂ ਸ਼ੁਰੂ ਕਰ ਕੀਤੀਆਂ ਹਨ।

-ਜਿਨਾਂ ਗਾਹਕਾਂ ਨੇ ਹੁਣ ਤੱਕ ਨਿਊਜ਼ੀਲੈਂਡ ਦਾ ਦੌਰਾ ਨਹੀਂ ਕੀਤਾ ਹੈ ਅਤੇ ਉਨ੍ਹਾਂ ਦੇ ਵੀਜ਼ਾ ਸ਼ਰਤਾਂ ਹਾਲੇ ਵੀ ਮਾਨਤਾ ਦੇ ਵਿਚ ਹਨ, ਅਸੀਂ ਉਨ੍ਹਾਂ ਨੂੰ 12 ਮਹੀਨੇ ਦਾ ਸਮਾਂ ਦਿੱਤਾ ਹੈ ਕਿ ਉਹ ਨਿਊਜ਼ੀਲੈਂਡ ਵਿਚ ਪ੍ਰਵੇਸ਼ ਕਰਨ, ਜੋ 27 ਮਾਰਚ 2025 ਤੋਂ ਸ਼ੁਰੂ ਹੁੰਦਾ ਹੈ। ਇਸ ਦਾ ਅਰਥ ਹੈ ਕਿ ਉਨ੍ਹਾਂ ਕੋਲ 26 ਮਾਰਚ 2026 ਤੱਕ ਨਿਊਜ਼ੀਲੈਂਡ ਵਿਚ ਆਉਣ ਦਾ ਸਮਾਂ ਹੈ। ਜੇਕਰ ਉਹ ਇਸ ਸਮੇਂ ਦੌਰਾਨ ਨਿਊਜ਼ੀਲੈਂਡ ਵਿਚ ਪ੍ਰਵੇਸ਼ ਕਰਦੇ ਹਨ, ਉਨ੍ਹਾਂ ਨੂੰ 2 ਸਾਲ ਦੀਆਂ ਯਾਤਰਾ ਸ਼ਰਤਾਂ ਪ੍ਰਦਾਨ ਕੀਤੀਆਂ ਜਾਣਗੀਆਂ।''

# ਚੀਨ ਨੇ ਬਣਾਇਆ ਸੁਪਰਫਾਸਟ ਚਾਰਜਰ-6 ਮਿੰਟਾਂ 'ਚ ਇਲੈਕਟ੍ਰਿਕ ਕਾਰ ਦੀ ਬੈਟਰੀ ਰੀਚਾਰਜ ਹੋਏਗੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–**ਚੀਨ ਦੀ ਸੁਪਰਫਾਸਟ ਚਾਰਜਿੰਗ ਤਕਨਾਲੋਜੀ ਟੇਸਲਾ ਨਾਲੋਂ ਦੁੱਗਣੀ ਤੇਜ਼ ਬਣਾ ਦਿੱਤੀ ਗਈ ਹੈ। ਇਹ ਸਿਰਫ਼ 6 ਮਿੰਟਾਂ ਵਿੱਚ ਈ ਵੀ (ਇਲੈਕਟ੍ਰਿਕ ਵਹੀਕਲ) ਨੂੰ ਪੂਰੀ ਤਰ੍ਹਾਂ ਰੀਚਾਰਜ ਕਰ ਸਕਦੀ ਹੈ। ਹੁਣ ਬੀ। ਵਾਈ.ਡੀ ਆਟੋ (BYD) ਦਾ ਈ-ਪਲੇਟਫਾਰਮ ਟੇਸਲਾ ਦੇ ਸੁਪਰਚਾਰਜਰਾਂ ਨਾਲੋਂ ਦੁੱਗਣੀ ਤੇਜ਼ੀ ਨਾਲ ਚਾਰਜ ਹੁੰਦਾ ਹੈ, ਭਾਵ ਇਸ ਦੀਆਂ ਕਾਰਾਂ ਪੰਜ ਮਿੰਟ ਦੇ ਚਾਰਜ 'ਤੇ 250 ਮੀਲ ਤੱਕ ਦੀ ਯਾਤਰਾ ਕਰ ਸਕਦੀਆਂ ਹਨ।

ਇੱਕ ਚੀਨੀ ਵਾਹਨ ਨਿਰਮਾਤਾ ਨੇ ਇੱਕ ਅਜਿਹੀ ਬੈਟਰੀ ਵਿਕਸਤ ਕੀਤੀ ਹੈ ਜੋ ਇਲੈਕਟ੍ਰਿਕ ਵਾਹਨਾਂ (EVs) ਨੂੰ ਇੱਕ ਆਮ ਕਾਰ ਦੇ ਗੈਸ ਟੈਂਕ ਨੂੰ ਭਰਨ ਵਿੱਚ ਜਿੰਨੀ ਜਲਦੀ ਚਾਰਜ ਕਰਦੀ ਹੈ, ਨੀ ਹੀ ਜਲਦੀ ਚਾਰਜ ਕਰਨ ਦੇ ਯੋਗ ਬਣਾਏਗੀ। ਨਵੀਂ ਬੈਟਰੀ, ਜਿਸਨੂੰ ਈ-ਪਲੇਟਫਾਰਮ ਕਿਹਾ ਜਾਂਦਾ ਹੈ, ਨੂੰ ਬੀ। ਵਾਈ।ਡੀ ਦੁਆਰਾ ਵਿਕਸਤ ਕੀਤਾ ਗਿਆ ਹੈ, ਜੋ ਕਿ ਇੱਕ ਚੀਨੀ ਫਰਮ ਹੈ ਜੋ ਟੈਸਲਾ ਨੂੰ ਪਛਾੜ ਕੇ ਦੁਨੀਆ ਦੇ ਸਭ ਤੋਂ ਵੱਧ ਇਲੈਕਟ੍ਰਿਕ ਵਾਹਨ ਵੇਚਣ ਵਾਲੀ ਕੰਪਨੀ ਬਣ ਰਹੀ ਹੈ।




ਬੈਟਰੀ ਨੂੰ 10 ਸੀ-ਰੇਟਿੰਗ ਦਿੱਤੀ ਗਈ ਹੈ - ਭਾਵ ਬੈਟਰੀ ਆਪਣੀ ਨਾਮਾਤਰ ਸਮਰੱਥਾ ਦੇ ਦਸ ਗੁਣਾ ਤੇਜ਼ੀ ਨਾਲ ਚਾਰਜ ਕਰ ਸਕਦੀ ਹੈ। ਈ-ਪਲੇਟਫਾਰਮ ਰਾਹੀਂ ਸਿਰਫ ਛੇ ਮਿੰਟਾਂ ਵਿੱਚ ਪੂਰਾ ਚਾਰਜ ਹੋ ਸਕਦਾ ਹੈ। 1,000 ਕਿਲੋਵਾਟ ਦੀ ਆਪਣੀ ਪੀਕ ਚਾਰਜਿੰਗ ਪਾਵਰ 'ਤੇ , ਬੈਟਰੀ ਦੀ ਚਾਰਜਿੰਗ ਦਰ ਟੈਸਲਾ ਦੇ 500 ਕਿਲੋਵਾਟ ਸੁਪਰਚਾਰਜਰਾਂ ਨਾਲੋਂ ਦੁੱਗਣੀ ਤੇਜ਼ ਹੈ। ਇਸਦਾ ਮਤਲਬ ਹੈ ਕਿ ਬੈਟਰੀ ਦੀ ਵਰਤੋਂ ਕਰਨ ਵਾਲੇ ਦੋ ਨਵੇਂ ਮਾਡਲ - BYD ਦਾ ਹਾਨ ਐਲ ਸੈਲੂਨ ਅਤੇ ਇਸਦਾ ਟੈਂਗ ਐਲ SUV- ਸਿਰਫ ਪੰਜ ਮਿੰਟ ਦੇ ਚਾਰਜ 'ਤੇ 250 ਮੀਲ (400 ਕਿਲੋਮੀਟਰ) ਤੱਕ ਦਾ ਸਫ਼ਰ ਤੈਅ ਕਰ ਸਕਦੇ ਹਨ।

ਕੰਪਨੀ ਨੇ ਕਿਹਾ ਹੈ ਕਿ ''ਅਸੀਂ ਇਲੈਕਟ੍ਰਿਕ ਵਾਹਨਾਂ ਦੇ ਚਾਰਜਿੰਗ ਸਮੇਂ ਨੂੰ ਪੈਟਰੋਲ ਵਾਹਨਾਂ ਦੇ ਰਿਫਿਊਲਿੰਗ ਸਮੇਂ ਜਿੰਨਾ ਛੋਟਾ ਬਣਾਉਣ ਦੇ ਟੀਚੇ 'ਤੇ ਚੱਲ ਰਹੇ ਹਾਂ, ਇਸ ਉਦਯੋਗ ਵਿੱਚ ਪਹਿਲੀ ਵਾਰ ਹੈ ਜਦੋਂ ਚਾਰਜਿੰਗ ਪਾਵਰ 'ਤੇ ਮੈਗਾਵਾਟ ਦੀ ਇਕਾਈ ਪ੍ਰਾਪਤ ਕੀਤੀ ਗਈ ਹੈ।''

ਇੰਨੀ ਤੇਜ਼ ਗਤੀ ਨਾਲ ਚਾਰਜ ਕਰਨ ਲਈ, ਈ-ਪਲੇਟਫਾਰਮ ਇੱਕੋ ਸਮੇਂ ਇੱਕ ਉੱਚ ਵੋਲਟੇਜ ਬਣਾ ਕੇ ਅਤੇ ਚਾਰਜਿੰਗ ਕਾਰ ਨੂੰ ਇੱਕ ਵੱਡਾ ਕਰੰਟ ਪਹੁੰਚਾ ਕੇ ਕੰਮ ਕਰਦਾ ਹੈ। ਪਰ ਉੱਚ ਕਰੰਟ ਵੀ ਗਰਮੀ ਪੈਦਾ ਕਰਦੇ ਹਨ ਜੋ 5ੜ ਬੈਟਰੀਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਤੋਂ ਬਚਣ ਲਈ, BYD ਦਾ ਕਹਿਣਾ ਹੈ ਕਿ ਇਸਨੇ ਬੈਟਰੀ ਦੇ ਅੰਦਰ ਅੰਦਰੂਨੀ ਵਿਰੋਧ ਨੂੰ ਬਹੁਤ ਘਟਾ ਦਿੱਤਾ ਹੈ। ਕੰਪਨੀ ਦੇ ਨਵੇਂ ਸਿਲੀਕਾਨ ਕਾਰਬਾਈਡ ਪਾਵਰ ਚਿਪਸ ਨੂੰ ਵੀ ਉੱਚ ਵੋਲਟੇਜ ਦਾ ਸਾਹਮਣਾ ਕਰਨ ਲਈ ਤਿਆਰ ਕੀਤਾ ਗਿਆ ਹੈ।

ਕਾਰਾਂ ਦੀ ਸ਼ੁਰੂਆਤ ਨੂੰ ਸੁਚਾਰੂ ਬਣਾਉਣ ਲਈ, BYD ਨੇ ਕਿਹਾ ਕਿ ਉਹ ਪੂਰੇ ਚੀਨ ਵਿੱਚ 4,000 ਫਲੈਸ਼ ਚਾਰਜਿੰਗ ਸਟੇਸ਼ਨਾਂ ਦਾ ਇੱਕ ਨੈੱਟਵਰਕ ਸਥਾਪਤ ਕਰੇਗਾ। ਇਹ ਤਕਨਾਲੋਜੀ ਵਰਤਮਾਨ ਵਿੱਚ ਸਿਰਫ ਚੀਨ ਵਿੱਚ ਉਪਲਬਧ ਹੈ, ਅਤੇ ਕੰਪਨੀ ਨੇ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਹੈ ਕਿ ਕੀ ਇਹ ਇਸਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਉਪਲਬਧ ਕਰਵਾਏਗੀ। ਸੋ ਤਕਨਾਲੋਜੀ ਦੀ ਦੌੜ ਲੱਗੀ ਹੋਈ ਹੈ ਅਤੇ ਘੰਟਿਆਂ ਦਾ ਕੰਮ ਮਿੰਟਾਂ ਵਿਚ ਹੋ ਰਿਹਾ ਹੈ।

# ਐਸ.ਸੀ. ਬੀ.ਸੀ. ਕਰਮਚਾਰੀ ਫੈਡਰੇਸ਼ਨ ਪੰਜਾਬ ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਪਰਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ

**ਫਗਵਾੜਾ–** ਐਸ.ਸੀ. ਬੀ.ਸੀ. ਕਰਮਚਾਰੀ ਫੈਡਰੇਸ਼ਨ ਪੰਜਾਬ ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਪਰਵਿੰਦਰ ਕੁਮਾਰ ਦੀ ਰਹਿਨੁਮਾਈ ਹੇਠ ਹੋਈ। ਜਿਸ ਵਿੱਚ ਜ਼ਿਲ੍ਹਾ ਪਟਿਆਲਾ ਦੀ ਚੋਣ ਕਰਵਾਉਣ ਅਤੇ ਹੋਰ ਮੁੱਦਿਆਂ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਜ਼ਿਲ੍ਹਾ ਪ੍ਰਧਾਨ ਸ਼ਿਵ ਚਰਨ ਵਲੋਂ ਜ਼ਿਲ੍ਹਾ ਪਟਿਆਲਾ ਯੂਨਿਟ ਨੂੰ ਭੰਗ ਕਰਨ ਉਪਰੰਤ ਜ਼ਿਲ੍ਹਾ ਪਟਿਆਲਾ ਦੀ ਚੋਣ ਕਰਵਾਉਣ ਲਈ ਬੇਨਤੀ ਸੂਬਾ ਕਮੇਟੀ ਨੂੰ ਕੀਤੀ ਜਿਸ ਵਿਚ ਸੂਬਾ ਕਮੇਟੀ ਵਲੋਂ ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਵਿਭਾਗਾਂ ਤੋਂ ਆਏ ਹੋਏ ਸਾਥੀਆਂ ਤੋਂ ਸਹਿਮਤੀ ਲੈਣ ਉਪਰੰਤ ਜ਼ਿਲ੍ਹਾ ਪਟਿਆਲਾ ਯੂਨਿਟ ਦੀ ਸਰਬਸੰਮਤੀ ਨਾਲ ਚੋਣ ਕਰਵਾਈ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸ੍ਰੀ ਗੁਰਪਾਲ ਸਿੰਘ ਸੋਨੀ, ਸ੍ਰੀ ਗੁਰਵਿੰਦਰ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਮਹਿੰਦਰ ਪਾਲ ਵਾਈਸ ਪ੍ਰਧਾਨ , ਵਿੱਤ ਸਕੱਤਰ ਸ੍ਰੀਮਤੀ ਪਰਵਿੰਦਰ ਕੌਰ,ਲੇਡੀਜ਼ ਵਿੰਗ ਪ੍ਰਧਾਨ ਸੁਖਵਿੰਦਰ ਕੌਰ ਪੀ ਡਬਲਯੂ ਡੀ ਪਟਿਆਲਾ ਨਿਯੁਕਤ ਕੀਤਾ ਗਿਆ ਅਤੇ ਬਾਂਕੀ ਹੋਰ ਆਹੁਦੇਦਾਰਾਂ ਦੀ ਨਿਯੁਕਤੀ ਕਰਨ ਦਾ ਅਖਤਿਆਰ ਜ਼ਿਲ੍ਹਾ ਬਾਡੀ ਨੂੰ ਦਿੱਤਾ ਗਿਆ। ਇਸ ਮੌਕੇ 'ਤੇ ਸੂਬਾ ਪ੍ਰਧਾਨ ਪਰਵਿੰਦਰ ਕੁਮਾਰ, ਦਵਿੰਦਰ ਕੁਮਾਰ ਸੂਬਾ ਸਕੱਤਰ ਜਨਰਲ, ਸਰਪ੍ਰਸਤ ਜਸਵਿੰਦਰ ਸਿੰਘ ਚੱਪੜ,ਜ਼ਿਲ੍ਹਾ ਜਲੰਧਰ ਪ੍ਰਧਾਨ ਸੁਖਦੇਵ ਬਸਰਾ, ਜ਼ਿਲ੍ਹਾ ਸਰਪ੍ਰਸਤ ਕੁਲਦੀਪ ਸਿੰਘ ਮੋਗਾ, ਜ਼ਿਲ੍ਹਾ ਪ੍ਰਧਾਨ ਅੰਗਰੇਜ਼ ਸਿੰਘ ਮੋਗਾ,ਜਗਰਾਜ ਸਿੰਘ ਮੋਗਾ ਹਾਜਰ ਹੋਏ ਅਤੇ ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਬੋਲਦੇ ਹੋਏ ਸਰਕਾਰ ਤੋਂ ਮੰਗ ਕੀਤੀ ਹੈ ਪੰਜਾਬ ਦੀਆਂ ਸਮੇਂ ਸਮੇਂ ਸਿਰ ਰਾਜ ਕਰਦੀਆਂ ਸਰਕਾਰਾਂ ਨੂੰ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਕਰਮਚਾਰੀ ਵਿੰਗ ਦੇ ਨਾਲ ਨਾਲ ਇਸ ਵਰਗ ਦੇ ਲੋਕਾਂ ਨਾਲ ਵੀ ਜੋ ਬਾਬਾ ਸਾਹਿਬ ਅੰਬੇਡਕਰ ਜੀ ਨੇ ਸਾਨੂੰ ਸੰਵਿਧਾਨਿਕ ਹੱਕ ਦਿੱਤੇ ਸਨ ਉਹਨਾਂ ਦੀ ਪਾਲਣਾ ਕਰਨ ਵਿੱਚ ਬਹੁਤ ਜਿਆਦਾ ਕੁਤਾਹੀਆਂ ਵਰਤੀਆਂ ਹਨ। ਜੇਕਰ ਮੇਨ ਗੱਲ ਕਰੀਏ ਤਾਂ ਪੰਜਾਬ ਵਿੱਚ 85ਵੀਂ ਸੋਧ ਅਜੇ ਤੱਕ ਕਿਸੇ ਵੀ ਸਰਕਾਰ ਨੇ ਲਾਗੂ ਨਹੀਂ ਕੀਤੀ ਇਸ ਦੇ ਨਾਲ ਹੀ 10-10- 2014 ਦਾ ਗੈਰ ਸੰਵਿਧਾਨਿਕ ਪੱਤਰ ਜੋ ਕਿ ਹਰ ਰਾਜਨੀਤਿਕ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿੱਚ ਜਿਸ ਦਾ ਜ਼ਿਕਰ ਕਰਦੀ ਹੈ ਉਸ ਵੱਲ ਵੀ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਪੰਜਾਬ ਵਿੱਚ ਭਾਰਤ ਸਰਕਾਰ ਵੱਲੋਂ ਲਿਆਂਦਾ ਗਿਆ ਰਾਈਟ ਟੂ ਐਜੂਕੇਸ਼ਨ ਐਕਟ 2009 ਜੋ ਕਿ ਭਾਰਤ ਦੇ ਸਾਰੇ ਸੂਬਿਆਂ ਵਿੱਚ ਲਾਗੂ ਹੈ ਸਿਵਾਏ ਪੰਜਾਬ ਦੇ, ਸੰਨ 2009 ਵਿੱਚ ਲਿਆਂਦੇ ਗਏ ਇਸ ਐਕਟ ਨੂੰ ਲਾਗੂ ਨਾ ਕਰਨ ਕਾਰਨ ਪੰਜਾਬ ਦੀਆਂ ਕਈ ਪੀੜੀਆਂ ਜਿਨਾਂ ਵਿੱਚ ਲਗਭਗ 12 ਤੋਂ 14 ਲੱਖ ਗਰੀਬ ਬੱਚਿਆਂ ਦੀ ਤਾਲੀਮ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਪਹਿਲਾਂ ਦੀ ਤਰ੍ਹਾਂ ਤਰਸ ਦੇ ਆਧਾਰ ਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਵੀ ਕਾਫੀ ਪਿਛਲੇ ਲੰਬੇ ਸਮੇਂ ਤੋਂ ਨਹੀਂ ਕੀਤੀਆਂ ਜਾ ਰਹੀਆਂ ਇਸ ਲਈ ਸਰਕਾਰ ਨੂੰ ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਤਰਸ ਦੇ ਆਧਾਰ ਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਪਹਿਲਾਂ ਦੀ ਤਰ੍ਹਾਂ ਹੀ ਛੇਤੀ ਤੋਂ ਛੇਤੀ ਕਰਨ ਦੀਆਂ ਹਦਾਇਤਾਂ ਸਾਰੇ ਹੀ ਵਿਭਾਗਾਂ ਨੂੰ ਦਿੱਤੀਆਂ ਜਾਣ। ਪੁਰਾਣੀ ਪੈਨਸ਼ਨ ਸਕੀਮ ਦਾ ਕੇਸ ਪਹਿਲ ਦੇ ਅਧਾਰ ਤੇ ਲਾਗੂ ਕੀਤਾ ਜਾਵੇ। ਅਨੁਸੂਚਿਤ ਵਰਗ ਦੇ ਲੋਕਾਂ ਲਈ ਸਰਕਾਰੀ ਸਹੂਲਤਾਂ ਉੱਚੇਰੀ ਸਿੱਖਿਆ ਲਈ ਢਾਈ ਲੱਖ ਸਲਾਨਾ ਆਮਦਨ ਦੀ ਹੱਦ ਵਧਾ ਕੇ 10 ਲੱਖ ਰੁਪਏ ਸਲਾਨਾ ਕੀਤੀ ਜਾਵੈਂ ਤੇ ਵੱਖ ਵੱਖ ਵਿਭਾਗਾਂ ਵਿੱਚ ਰੋਸਟਰਡ ਰਜਿਸਟਰਾਂ ਲਗਾਉਣ ਲਈ ਸਬੰਧਿਤ ਡਾਇਰੈਕਟਰ ਨੂੰ ਹਦਾਇਤ ਕੀਤੀ ਜਾਵੇ।



# 52 ਕਵੀਆਂ ਵਿਚੋਂ ਇਕ ਭਾਈ ਨੰਦ ਲਾਲ ਗੋਯਾ



ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦਸਿੰਘ ਜੀ ਦੇ ਬੜੇ ਸ਼ਰਧਾਵਾਨ ਸ਼ਰਧਾਲੂ ਸਨ। ਉਹ ਪੰਜਾਬ ਖੇਤਰ ਵਿਚ ਸਤਾਰਵੀਂ ਸਦੀ ਦੇ ਇਕ ਪੰਜਾਬੀ, ਫਾਰਸੀ ਅਤੇ ਅਰਬੀ ਦੇ ਕਵੀ ਸਨ। ਉਹਨਾਂ ਆਪਣੇ ਪਿਤਾ ਪਾਸੋਂ ਇਹ ਭਾਸ਼ਾਵਾਂ ਸਿੱਖ ਲਈਆਂ ਸਨ। ਉਨ੍ਹਾਂ 12 ਸਾਲ ਦੀ ਉਮਰ ਵਿਚ 'ਗੋਯਾ' ਤਖੱਲਸ ਹੇਠ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਗੁਰੂ ਸਾਹਿਬ ਜੀ ਦੀ ਸਿੱਖਿਆ ਤੇ ਸਿਧਾਂਤ ਦੇ ਖੋਜੀ ਸਨ। ਉਸਦੀ ਕਵਿਤਾ 'ਜੋਤ ਵਿਗਾਸ' ਪੰਜਾਬੀ ਵਿਚ ਹੈ ਤੇ ਪ੍ਰਵਾਨਿਤ ਸਿੱਖ ਸਿਧਾਂਤ ਦਾ ਹਿੱਸਾ ਹੈ ਅਤੇ ਸਿੱਖ ਧਾਰਮਿਕ ਦੀਵਾਨਾਂ ਵਿਚ ਸ਼ਾਸਤਰੀ ਬਾਣੀ ਨਾਲ ਸੁਣਾਈ ਜਾ ਸਕਦੀ ਹੈ। ਉਨ੍ਹਾਂ ਦੀ ਰਚਨਾ ਵਿਚ ਸੰਗੀਤਕ ਪੇਸ਼ਕਾਰੀ ਵੀ ਹੈ। ਬਾਕੀ ਦੀ ਕਵਿਤਾ ਫਾਰਸੀ ਵਿਚ ਹੈ।

ਗੋਯਾ ਦਾ ਜਨਮ 1633 ਈਸਵੀ ਵਿਚ ਅਫਗਾਨਿਸਤਾਨ ਦੇ ਗਜ਼ਨੀ ਕਸਬੇ ਵਿਚ ਖੱਤਰੀ ਪਰਿਵਾਰ ਵਿਚ ਹੋਇਆ। ਇਨ੍ਹਾਂ ਦਾ ਵਰਗ ਮੁਗਲ ਕਾਲ ਵਿਚ ਫਾਰਸੀ, ਜੋ ਕਿ ਸਰਕਾਰੀ ਭਾਸ਼ਾ ਸੀ, ਨੂੰ ਸਿੱਖਣ ਵਿਚ ਵਿਵਹਾਰਿਕ ਮੁਹਾਰਤ ਰੱਖਣ ਲਈ ਵੱਖਰਾ ਸੀ। ਉਨ੍ਹਾਂ ਦੇ ਪਿਤਾ ਛੱਜੂ ਮੱਲ ਜੀ ਗਜ਼ਨੀ ਦੇ ਨਵਾਬ ਕੋਲ ਮੀਰ ਮੁਨਸ਼ੀ ਸਨ। ਨਵਾਬ ਉਨ੍ਹਾਂ ਤੇ ਬੜਾ ਵਿਸ਼ਵਾਸ ਕਰਦਾ ਸੀ, ਇਸ ਲਈ ਕਈ ਮਹੱਤਵਪੂਰਨ ਮਹਿਕਮੇ ਜਿਵੇਂ ਲੋਕ ਸੇਵਾ, ਰਾਜ ਸੇਵਾ, ਸੈਨਾ, ਆਬਕਾਰੀ ਆਦਿ। ਕਈ ਮਹਿਕਮੇ ਮਿਲੇ ਹੋਏ ਸਨ। ਉਸਦੀ 50 ਸਾਲ ਦੀ ਉਮਰ ਤੱਕ ਕੋਈ ਔਲਾਦ ਨਹੀਂ ਸੀ ਕਿਉਂਕਿ ਹਰ ਬੱਚਾ 2-3 ਸਾਲ ਦੀ ਉਮਰ ਵਿਚ ਮਰ ਜਾਂਦਾ ਸੀ। ਤਦ 51 ਸਾਲ ਦੀ ਉਮਰ ਵਿਚ ਪੁੱਤਰ ਨੰਦ ਲਾਲ ਪੈਦਾ ਹੋਇਆ। ਪਰ ਕੋਈ ਖੁਸ਼ੀ ਦੀ ਰਸਮ ਨਾ ਕੀਤੀ ਗਈ ਕਿਉਂਕਿ ਪੁੱਤਰ ਦੇ ਬਚਣ ਦੀ ਵੀ ਕੋਈ ਉਮੀਦ ਨਹੀਂ ਸੀ।

ਜਦੋਂ ਨੰਦ ਲਾਲ 6 ਸਾਲ ਦਾ ਹੋਇਆ ਤਾਂ ਮੌਲਵੀ ਕੋਲੋਂ ਫਾਰਸੀ ਪੜ੍ਹਨੀ ਸ਼ੁਰੂ ਕੀਤੀ, ਜੋ ਸਰਕਾਰੀ ਭਾਸ਼ਾ ਸੀ। ਉਸਨੇ ਅਰਬੀ ਵੀ ਸਿੱਖ ਲਈ ਉਹ ਬਚਪਨ ਤੋਂ ਹੀ ਇਕ ਹੁਸ਼ਿਆਰ ਚਿੰਤਕ ਸੀ। ਦੀਵਾਨ ਛੱਜੂ ਰਾਮ ਬੈਰਾਗੀ ਮੱਤ ਦੇ ਬਾਨੀ ਗੋਸੈਨ ਰਾਮਾਨੰਦ ਦੇ ਸ਼ਰਧਾਲੂ ਸੀ। ਜਦੋਂ ਨੰਦ ਲਾਲ 12 ਸਾਲ ਦਾ ਹੋਇਆ ਤਾਂ ਪਿਤਾ ਨੇ 'ਕੈਂਠੀ' ਦੀ ਰਸਮ ਅਦਾ ਕਰਨ ਲਈ ਆਪਣੇ ਗੁਰੂ ਨੂੰ ਬੁਲਾਇਆ ਅਤੇ ਭੰਡਾਰਾ ਚਲਾਇਆ। ਗੁਰੂ ਜੀ ਨੇ 'ਕੈਂਠੀ' ਦੀ ਰਸਮ ਲਈ ਨੰਦ ਲਾਲ ਨੂੰ 'ਕੈਂਠੀ' ਪਾਉਣ ਲਈ ਕਿਹਾ। ਨੰਦ ਲਾਲ ਨੇ ਨਾਂਹ ਕਰ ਦਿੱਤੀ ਕਿ ਇਹ ਤਾਂ ਲੱਕੜੀ ਉਤੇ ਵਲੇਟੇ ਧਾਗੇ ਦੀ ਬਣੀ ਹੈ ਕਦੇ ਵੀ ਟੁੱਟ ਸਕਦੀ ਹੈ। ਮੈਨੂੰ ਤਾਂ ਰੱਬ ਦੇ ਨਾਮ ਦੀ ਮਾਲ਼ਾ ਚਾਹੀਦੀ ਹੈ, ਜੋ ਮੇਰੇ ਨਾਲ ਨਿੱਭੇ। ਪਿਤਾ ਬੜੇ ਨਰਾਜ਼ ਹੋਏ ਤੇ ਮੁੜ ਵਿਚਾਰ ਕਰਨ ਲਈ ਕਿਹਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਤਿੰਨ ਦਿਨ ਬਾਅਦ ਫਿਰ ਪਿਤਾ ਗੁਰੂ ਕੋਲ ਗਿਆ ਕਿ ਮੇਰੇ ਪੁੱਤਰ ਨੂੰ 'ਕੈਠੀ' ਪਾਓ। ਗੁਰੂ ਨੇ ਕਿਹਾ ਕਿ ਨੰਦ ਲਾਲ ਨੂੰ ਆਜ਼ਾਦ ਰਹਿਣ ਦਿਓ। ਪਿਤਾ ਨੇ ਇਹ'ਕੈਂਠੀ' ਪਾਉਣ ਦਾ ਖਿਆਲ ਹਮੇਸ਼ਾ ਲਈ ਛੱਡ ਦਿੱਤਾ। ਨੰਦ ਲਾਲ ਹੁਣ ਤੱਕ ਇਕ ਵਿਦਵਾਨ ਬਣ ਚੁੱਕਾ ਸੀ। ਉਸਦੀ ਕਵਿਤਾ ਦੀ ਮਹਿਕ ਦੂਰ-ਦੂਰ ਤੱਕ ਫੈਲ ਗਈ। ਉਸਦੇ ਚਰਚੇ ਹੋਣ ਲੱਗੇ। ਜਦੋਂ ਉਹ 17 ਸਾਲ ਦਾ ਸੀ, ਮਾਤਾ ਦਾ ਦੇਹਾਂਤ ਹੋ ਗਿਆ। ਫਿਰ ਜਦ 19 ਸਾਲ ਦਾ ਹੋਇਆ, ਪਿਤਾ ਦਾ ਵੀ ਦੇਹਾਂਤ ਹੋ ਗਿਆ।

ਆਪਣੇ ਪਿਤਾ ਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਬਾਅਦ ਉਹ ਨਵਾਬ ਕੋਲ ਗਿਆ ਕਿ ਮੈਨੂੰ ਮੇਰੇ ਪਿਤਾ ਦੀ ਨੌਕਰੀ 'ਤੇ ਰੱਖ ਲਓ। ਨਵਾਬ ਨੇ ਕਿਹਾ ਕਿ ਤੇਰੇ ਪਿਤਾ ਕੋਲ ਤਜਰਬਾ ਸੀ। ਤੇਰੇ ਕੋਲ ਅਜੇ ਉਹ ਤਜਰਬਾ ਨਹੀਂ ਹੈ। ਇਸ ਲਈ ਤੂੰ ਹੇਠਲੇ ਦਰਜੇ ਦੀ ਨੌਕਰੀ ਕਰ ਲੈ। ਨੰਦ ਲਾਲ ਨੇ ਨੌਕਰੀ ਤੋਂ ਨਾਹ ਕਰ ਦਿੱਤੀ। ਉਸਨੇ ਗਜ਼ਨੀ ਨੂੰ ਛੱਡਣ ਦਾ ਇਰਾਦਾ ਬਣਾ ਲਿਆ।

ਦੀਵਾਨ ਛੱਜੂ ਰਾਮ ਨੇ ਆਪਣੀ ਜਾਇਦਾਦ ਬਣਾਈ ਹੋਈ ਸੀ। ਗੋਯਾ ਨੇ ਸਾਰੀ ਜਾਇਦਾਦ ਦਾ ਮੁੱਲ ਵੱਟ ਲਿਆ। ਉਸਨੇ ਦੋ ਨੌਕਰ ਰੱਖ ਲਏ। ਤਦ ਪਠਾਣਾਂ ਦਾ ਇਕ ਕਾਫਲਾ ਵੀ ਮੁਲਤਾਨ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸਦਾ ਮੁਖੀਆ ਗੋਯਾ ਦੇ ਪਿਤਾ ਦਾ ਦੋਸਤ ਸੀ। ਉਸਨੇ ਕਿਹਾ ਕਿ ਉਹ ਤੈਨੂੰ ਆਪਣੇ ਨਾਲ ਮੁਲਤਾਨ ਲੈ ਜਾਵੇਗਾ।

ਇਕ ਮਹੀਨੇ ਬਾਅਦ ਕਾਫਲਾ ਤੁਰਨ ਲਈ ਤਿਆਰ ਸੀ। ਮੁਲਤਾਨ ਜਾਣ ਲਈ ਗੋਯਾ ਨੇ ਦੋ ਖੱਚਰਾਂ ਲੈ ਲਈਆਂ। ਇਕ ਤੇ ਆਪਣਾ ਸਮਾਨ ਅਤੇ ਦੂਸਰੀ ਤੇ ਨੌਕਰਾਂ ਦਾ ਸਮਾਨ ਲੱਦ ਲਿਆ।

ਯਾਤਰਾ ਤੋਂ ਬਾਅਦ ਗੋਯਾ ਮੁਲਤਾਨ ਪਹੁੰਚ ਗਿਆ। ਉਹ ਮੁਲਤਾਨ ਕਸਬੇ ਵਿਚ ਆਪਣੇ ਨੌਕਰਾਂ ਸਮੇਤ ਰਹਿਣ ਲੱਗਾ। ਪਰ ਕਸਬਾ ਸੰਘਣੀ ਆਬਾਦੀ ਦਾ ਸੀ। ਉਸਨੂੰ ਜਗ੍ਹਾ ਪਸੰਦ ਨਾ ਆਈ। ਇਕ ਦਿਨ ਉਹ ਘੁੰਮਣ ਲਈ ਨਿਕਲਿਆ ਤਾਂ ਦਿੱਲੀ ਗੇਟ ਦੇ ਇਲਾਕੇ ਵਿਚ ਪਹੁੰਚ ਗਿਆ। ਨੇੜੇ ਹੀ ਉਸਨੇ ਇਕ ਖੂਹ ਵੇਖਿਆ। ਉਥੇ 2-3 ਖੱਤਰੀਆਂ ਦੇ ਘਰ ਸਨ। ਉਹ ਉਹਨਾਂ ਨੂੰ ਮਿਲਿਆ, ਉਥੇ ਰਹਿਣ ਦਾ ਮਨ ਬਣਾ ਲਿਆ। ਉਸਨੇ ਕੁਝ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਇਕ ਸੁੰਦਰ ਮਕਾਨ ਬਣਾ ਲਿਆ। ਉਸਨੇ ਹੋਰ ਲੋਕਾਂ ਨੂੰ ਵੀ ਉਥੇ ਆ ਕੇ ਵੱਸਣ ਲਈ ਪ੍ਰੇਰਿਆ। ਲੋੜਵੰਦਾਂ ਨੂੰ ਮਕਾਨ ਬਣਾਉਣ ਲਈ ਕਰਜ਼ਾ ਵੀ ਦਿੱਤਾ। ਇਸ ਤਰ੍ਹਾਂ ਕਈ ਹਿੰਦੂ ਮੁਸਲਮਾਨਾਂ ਨੇ ਉਥੇ ਘਰ ਬਣਾ ਲਏ। ਜਦੋਂ ਆਬਾਦੀ ਵੱਧ ਗਈ ਤਾਂ ਜਗ੍ਹਾ ਦਾ ਨਾਂ ਉਸਨੇ 'ਆਗਾਪੁਰ' ਰੱਖ ਦਿੱਤਾ। ਉਸਦੇ ਨੌਕਰ ਉਸਨੂੰ ਆਗਾ ਬੁਲਾਉਂਦੇ ਸਨ।

ਉਥੇ ਦਾ ਇਕ ਖੱਤਰੀ ਵੇਖ ਰਿਹਾ ਸੀ ਕਿ ਇਹ ਨੌਜਵਾਨ ਚੰਗਾ ਹੈ, ਪੜ੍ਹਿਆ-ਲਿਖਿਆ ਹੈ, ਪੈਸੇ ਵਾਲਾ ਵੀ ਹੈ। ਉਸਨੇ ਆਪਣੀ ਧੀ ਦਾ ਵਿਆਹ ਗੋਯਾ ਨਾਲ ਕਰ ਦਿੱਤਾ। ਉਸਦੀ ਘਰਵਾਲੀ ਚੰਗੀ ਘਰੇਲੂ ਸਵਾਣੀ ਸੀ।

ਆਪਣੀ 21 ਸਾਲ ਦੀ ਉਮਰ ਤੱਕ ਗੋਯਾ ਕਿਸੇ ਧਰਮ ਦਾ ਸ਼ਰਧਾਲੂ ਨਹੀਂ ਸੀ। ਪਰ ਉਸਦੀ ਘਰਵਾਲੀ ਗੁਰੂ ਨਾਨਕ ਦੀ ਬਾਣੀ ਵਿਚ ਵਿਸ਼ਵਾਸ ਰੱਖਣ ਵਾਲੇ ਪਰਿਵਾਰ ਵਿਚੋਂ ਸੀ। ਉਹ ਸਾਰੇ ਗੁਰਬਾਣੀ ਗਾਉਂਦੇ ਸਨ। ਨੇੜੇ ਹੀ ਬੇਦੀ ਸਿੱਖਾਂ ਦਾ ਗੁਰਦੁਆਰਾ ਸੀ, ਜਿਸਦਾ ਨਾਂ ਬਾਅਦ ਵਿਚ ਧਰਮਸ਼ਾਲਾ ਬਾਣਾ ਕਾਹਨਪੱਤ ਸੀ। ਉਹ ਵੀ ਪਰਿਵਾਰ ਨਾਲ ਗੁਰਦੁਆਰਾ ਜਾਣ ਲੱਗੇ। ਗੁਰਮੁਖੀ ਵੀ ਸਿੱਖ ਲਈ ਤੇ ਬਹੁਤ ਸਾਰੀ ਗੁਰਬਾਣੀ ਹਿਰਦੇ ਵਿਚ ਵਸਾ ਲਈ।

ਉਹ ਉਸ ਸਮੇਂ ਸਾਹਿਤ ਨਾਲ ਜੁੜ ਗਿਆ ਤੇ ਫਾਰਸੀ ਵਿਚ ਪੁਸਤਕਾਂ ਲਿਖੀਆਂ। ਬਹੁਤ ਸਾਰੇ ਲੋਕਾਂ ਨੇ ਉਸਦੀਆਂ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕੀਤਾ। ਉਸ ਦੀਆਂ ਪੁਸਤਕਾਂ ਮਸ਼ਹੂਰ ਹੋ ਗਈਆਂ ਕਿ ਲੋਕ ਉਸ ਕੋਲੋਂ ਫਾਰਸੀ ਸਿੱਖਣ ਆਉਣ ਲੱਗੇ। ਉਸਦੇ ਬਾਅਦ ਵੀ ਉਸ ਦੇ ਉਤਰਾਧਿਕਾਰੀਆਂ ਨੇ ਅੰਗਰੇਜ਼ ਰਾਜ ਵਿਚ ਫਾਰਸੀ ਪੜ੍ਹਾਉਣੀ ਜਾਰੀ ਰੱਖੀ। ਹਿੰਦੂਆਂ ਨੇ ਵੀ ਸਿੱਖਿਆ ਪ੍ਰਾਪਤ ਕੀਤੀ, ਜਿੱਥੇ ਉਹ ਪੜ੍ਹਾਇਆ ਕਰਦੇ ਸਨ, ਲੋਕ ਉਸ ਜਗ੍ਹਾ ਤੇ ਸਿਰ ਝੁਕਾਉਂਦੇ ਸਨ।

ਉਹਨਾਂ ਦਿਨਾਂ ਵਿਚ ਮੁਲਤਾਨ ਕਾਬਲ ਦਾ ਹਿੱਸਾ ਸੀ ਤੇ ਇਕ ਰਾਜਪਾਲ ਨਿਯੁਕਤ ਸੀ। ਜਦੋਂ ਰਾਜਪਾਲ ਨੇ ਗੋਯਾ ਬਾਰੇ ਸੁਣਿਆ ਤੇ ਉਸਨੂੰ ਬੁਲਾ ਲਿਆ ਤੇ ਆਪਣਾ ਸੀਰ ਮੁਨਸ਼ੀ ਨਿਯੁਕਤ ਕਰ ਲਿਆ। ਜਿਵੇਂ ਕਿ ਗੋਯਾ ਇਕ ਸਿੱਖਿਅਤ ਦਾਰਸ਼ਨਿਕ ਸੀ ਤਾਂ ਰਾਜਪਾਲ ਉਸਦੇ ਕੰਮ ਤੋਂ ਬਹੁਤ ਖੁਸ਼ ਸੀ। ਉਹ ਗੋਯਾ ਦਾ ਬੜਾ ਸਤਿਕਾਰ ਕਰਦਾ ਸੀ। ਇਹ ਵੇਖਕੇ ਦੂਸਰੇ ਅਹਿਲਕਾਰ ਗੋਯਾ ਨਾਲ ਈਰਖਾ ਕਰਨ ਲੱਗੇ। ਉਸ ਬਾਰੇ ਝੂਠੀਆਂ ਸ਼ਿਕਾਇਤਾਂ ਕਰਨ ਲੱਗੇ ਤਾਂ ਗੋਯਾ ਨੇ 6 ਕੁ ਸਾਲ ਦੀ ਨੌਕਰੀ ਛੱਡ ਦਿੱਤੀ।

40 ਸਾਲ ਦੀ ਉਮਰ ਵਿਚ ਉਸਦੇ ਘਰ ਪੁੱਤਰ ਪੈਦਾ ਹੋਇਆ। ਜਿਸਦਾ ਨਾਂ ਲੱਖਪਤ ਰਾਏ ਰੱਖਿਆ। ਦੋ ਸਾਲ ਬਾਅਦ ਦੂਜਾ ਪੁੱਤਰ ਜਨਮਿਆ। ਉਸਦਾ ਨਾਂ ਲੀਲਾ ਰਾਮ ਰੱਖਿਆ। ਜਦੋਂ ਵੱਡਾ ਪੁੱਤਰ 5 ਸਾਲ ਅਤੇ ਛੋਟਾ ਤਿੰਨ ਸਾਲ ਦਾ ਹੋਇਆ ਤਾਂ ਉਸਨੇ ਆਪਣੇ ਪਰਿਵਾਰ ਨੂੰ ਆਪਣੇ ਸੁਹਰਿਆਂ ਦੇ ਭੇਜ ਦਿੱਤਾ। ਉਹਨਾਂ ਨੂੰ ਕਾਫੀ ਜਾਇਦਾਦ ਦੇ ਕੇ ਆਪ ਮੁਲਤਾਨ ਛੱਡ ਦਿੱਤਾ। ਇਕ ਨੌਕਰ ਆਪਣੇ ਪਰਿਵਾਰ ਨੂੰ ਦੇ ਆਇਆ, ਇਕ ਨਾਲ ਰੱਖ ਲਿਆ। ਉਹ ਲਾਹੌਰ ਪਹੁੰਚ ਗਿਆ, ਕੁਝ ਦਿਨ ਉਥੇ ਰਿਹਾ। ਅੰਮ੍ਰਿਤਸਰ ਅਤੇ ਕੁਝ ਹੋਰ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ। ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਉਹ ਆਗਰਾ ਚਲਾ ਗਿਆ।

ਉਹਨਾਂ ਦਿਨਾਂ ਵਿਚ ਔਰੰਗਜੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਆਗਰਾ ਦਾ ਰਾਜਪਾਲ ਸੀ। ਗੋਯਾ ਨੇ ਬਾਦਸ਼ਾਹ ਦੀ ਸਿਫਤ ਵਿਚ ਇਕ ਲੰਬੀ ਕਵਿਤਾ ਦਰਬਾਰ ਵਿਚ ਸੁਣਾਈ। ਬਹਾਦਰ ਸ਼ਾਹ ਸ਼ਹਿਜ਼ਾਦਾ ਬਹੁਤ ਪ੍ਰਸੰਨ ਹੋਇਆ, ਉਸਨੇ ਗੋਯਾ ਨੂੰ ਅਗਲੇ ਦਿਨ ਬੁਲਾ ਕੇ ਬੜੇ ਸਤਿਕਾਰ ਨਾਲ ਬਿਠਾਇਆ। ਸੰਖੇਪ ਗੱਲਬਾਤ ਕਰਨ ਤੋਂ ਬਾਅਦ ਸ਼ਹਿਜ਼ਾਦੇ ਨੇ ਗੋਯਾ ਨੂੰ ਮੀਰ ਮੁਨਸ਼ੀ ਨਿਯੁਕਤ ਕਰ ਲਿਆ।

ਉਸਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਕਿ ਉਸਦੇ ਕੰਮ ਦੇ ਚਰਚੇ ਦਿੱਲੀ ਤੱਕ ਹੋਣ ਲੱਗੇ। ਇਕ ਵਾਰ ਮੁਗਲ ਬਾਦਸ਼ਾਹ ਔਰੰਗਜੇਬ ਨੇ ਆਗਰਾ ਦਾ ਦੌਰਾ ਕੀਤਾ। ਸ਼ਾਹੀ ਦਰਬਾਰ ਸਜਿਆ, ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਵਿਚਾਰ ਰੱਖੇ। ਹਰ ਇਕ ਨੇ ਧਾਰਮਿਕ ਤੌਰ 'ਤੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੁਰਾਨ ਦੀ ਇਕ ਆਇਤ ਦੇ ਢੁਕਵੇਂ ਅਰਥ ਜਾਨਣਾ ਚਾਹੁੰਦੇ ਸੀ। ਉਸਨੇ ਬਹੁਤ ਸਾਰੇ ਵਿਦਵਾਨਾਂ ਨਾਲ ਮਸ਼ਵਰਾ ਕੀਤਾ, ਪਰ ਤਸੱਲੀ ਬਖਸ਼ ਜਵਾਬ ਨਾ ਮਿਲਿਆ। ਉਸਨੇ ਆਪਣੇ ਸ਼ਹਿਜਾਦੇ ਬਹਾਦਰ ਸ਼ਾਹ ਨੂੰ ਵੀ ਪੁੱਛਿਆ। ਬਹਾਦਰ ਸ਼ਾਹ ਨੇ ਕੁਝ ਸਮਾਂ ਮੰਗਿਆ, ਬਾਦਸ਼ਾਹ ਨੇ 8 ਦਿਨਾਂ ਦਾ ਸਮਾਂ ਦਿੱਤਾ।

ਬਹਾਦਰ ਸ਼ਾਹ ਨੇ ਆਇਤ ਤੇ ਖੋਜ ਕੀਤੀ ਪਰ ਸਫਲ ਨਾ ਹੋਇਆ। ਕਾਜ਼ੀ ਮੁਲਾਂ ਦੀ ਵੀ ਸਲਾਹ ਲਈ। ਪਰ ਗੱਲ ਨਾ ਬਣੀ। ਉਸਨੇ ਗੋਯਾ ਨਾਲ ਗੱਲ ਕੀਤੀ। ਗੋਯਾ ਨੇ ਬੜੇ ਚੰਗੇ ਤਰੀਕੇ ਨਾਲ ਆਇਤ ਦੇ ਅਰਥ ਕਰ ਦਿੱਤੇ। ਬਹਾਦਰ ਸ਼ਾਹ ਦਰਬਾਰ ਹਾਜ਼ਰ ਹੋਇਆ। ਬਹੁਤ ਸਾਰੇ ਵਿਦਵਾਨ ਵੀ ਬੈਠੇ ਸਨ। ਬਹਾਦਰ ਸ਼ਾਹ ਨੇ ਅਰਥ ਦੱਸੇ। ਬਾਦਸ਼ਾਹ ਦੀ ਤਸੱਲੀ ਹੋ ਗਈ। ਬਾਦਸ਼ਾਹ ਨੇ ਪੁੱਛਿਆ ਕਿ ਇਹ ਅਰਥ ਤੇਰੇ ਕੀਤੇ ਹਨ ਤਾਂ ਬਹਾਦਰ ਸ਼ਾਹ ਨੇ ਕਿਹਾ ਕਿ ਇਸਦਾ ਸਿਹਰਾ ਗੋਯਾ ਮੀਰ ਮੁਨਸ਼ੀ ਨੂੰ ਜਾਂਦਾ ਹੈ। ਬਾਦਸ਼ਾਹ ਨੇ ਗੋਯਾ ਨੂੰ 500 ਰੁਪਏ ਦਾ ਇਨਾਮ ਦਿੱਤਾ। ਪਰ ਨਾਲ ਹੀ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਵਿਦਵਾਨ ਹਿੰਦੂ ਧਰਮ ਵਿਚ ਨਹੀਂ ਰਹਿਣਾ ਚਾਹੀਦਾ। ਇਸਨੂੰ ਤੁਰੰਤ ਇਸਲਾਮ ਵਿਚ ਲਿਆਓ।

ਬਹਾਦਰ ਸ਼ਾਹ ਨੇ ਆਪਣੀ ਕੋਸ਼ਿਸ਼ ਵਿਚ ਗੋਯਾ ਨੂੰ ਲਾਲਚ ਦੇਣ ਦੇ ਇਰਾਦੇ ਵਿਚ ਉਸਦੀ ਤਨਖਾਹ ਵਧਾ ਦਿੱਤੀ ਤੇ ਹੋਰ ਵੀ ਇੱਜਤ ਮਾਣ ਦੇਣ ਲੱਗਾ। ਕੁਝ ਦਿਨਾਂ ਬਾਅਦ ਭੇਦ ਖੁੱਲ੍ਹਿਆ ਕਿ ਬਾਦਸ਼ਾਹ ਤੈਨੂੰ ਤੁਰੰਤ ਇਸਲਾਮ ਵਿਚ ਲਿਆਉਣਾ ਚਾਹੁਦੇ ਹਨ। ਗੋਯਾ ਹੈਰਾਨ ਸੀ ਤੇ ਚੁੱਪ ਰਿਹਾ, ਫਿਰ ਕਿਹਾ ਕੁਝ ਦਿਨ ਦਾ ਸਮਾਂ ਚਾਹੀਦਾ ਹੈ।

ਪ੍ਰੇਸ਼ਾਨ ਹੋਏ ਗੋਯਾ ਨੇ ਇਹ ਗੱਲ ਕੋਤਵਾਲ ਗਿਆਸ-ਓ-ਦੀਨ ਨਾਲ ਕੀਤੀ ਕਿ ਉਹ ਇਸਲਾਮ ਕਬੂਲ ਕਰਨਾ ਨਹੀਂ ਚਾਹੁੰਦਾ। ਗਿਆਸ-ਉ-ਦੀਨ ਨੇ ਕਿਹਾ ਕਿ ਮੈਂ ਤੈਨੂੰ ਇੱਥੋਂ ਜਾਣ ਵਿਚ ਪੂਰੀ ਮਦਦ ਕਰਾਂਗਾ। ਆਪਾਂ ਦੋਵੇਂ ਇੱਥੋਂ ਨਿਕਲ ਜਾਵਾਂਗੇ। ਗੋਯਾ ਨੇ ਕਿਹਾ ਕਿ ਜੇ ਦੋਵੇਂ ਇਕੱਲੇ ਨਿਕਲੇ ਤਾਂ ਫੜੇ ਜਾਵਾਂਗੇ। ਮੈਂ ਪਹਿਲਾਂ ਨਿਕਲਦਾ ਹਾਂ, ਤੂੰ ਕੁਝ ਦਿਨ ਬਾਅਦ ਮੇਰੀ ਮਦਦ ਲਈ ਆ ਜਾਵੀਂ। ਆਪਾਂ ਲਾਹੌਰ ਵਿਚ ਮਿਲਾਂਗੇ ਪਰ ਤੂੰ ਛੁੱਟੀ ਲੈ ਕੇ ਆਵੀਂ।

ਇਸ ਤਰ੍ਹਾਂ ਗੋਯਾ ਇਕ ਰਾਤ ਬਚ ਨਿਕਲਿਆ। ਲਾਹੌਰ ਪਹੁੰਚ ਗਿਆ। ਇਕ ਸਰਾਂ ਵਿਚ ਠਹਿਰ ਗਿਆ। ਉਪਰ ਸ਼ਹਿਜ਼ਾਦੇ ਨੂੰ ਪਤਾ ਲੱਗਾ ਕਿ ਗੋਯਾ ਗਾਇਬ ਹੈ, ਉਸਨੇ ਗੋਯਾ ਦੀ ਤਲਾਸ਼ ਕੀਤੀ। ਕੁਝ ਦਿਨਾਂ ਬਾਅਦ ਗਿਆਸ-ਉ-ਦੀਨ ਵੀ ਇਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਗੋਯਾ ਨੂੰ ਜਾ ਮਿਲਿਆ। ਉਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ 29 ਮਾਰਚ, 1682 ਵਿਸਾਖੀ ਵਾਲੇ ਦਿਨ ਆ ਗਏ। ਗੁਰੂ ਸਾਹਿਬ ਨੇ ਉਹਨਾਂ ਦੀ ਰਿਹਾਇਸ਼ ਦਾ ਚੰਗਾ ਪ੍ਰਬੰਧ ਕੀਤਾ ਅਤੇ ਉਹਨਾਂ ਨੂੰ ਸੰਗਤਾਂ ਅਤੇ ਦਰਬਾਰ ਦੀ ਸੇਵਾ ਵਿਚ ਜੁਟ ਜਾਣ ਲਈ ਕਿਹਾ। ਗਿਆਸ-ਓ-ਦੀਨ ਇਕ ਮਹੀਨਾ ਰਹਿ ਕੇ ਆਗਰਾ ਪਰਤ ਗਿਆ। ਗੋਯਾ ਸੇਵਾ ਕਰਨ ਦਾ ਆਦੀ ਹੋ ਗਿਆ ਅਤੇ ਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਲੱਗਾ।

ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਬੰਦਗੀ ਨਾਮਾ' (ਇਤਿਹਾਸ ਦੀ ਕਿਤਾਬ) ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਇਸਦਾ ਨਾਮ 'ਬੰਦਗੀ ਨਾਮਾ' ਤੋਂ ਬਦਲ ਕੇ 'ਜਿੰਦਗੀ ਨਾਮਾ' (ਜੀਵਨ ਦੀ ਕਿਤਾਬ) ਵਿਚ ਜਵਾਬ ਫਾਰਸੀ ਆਇਤ ਵਿਚ ਦਿੱਤਾ।

ਅਬ-ਏ-ਹੈਵਨ ਪੁਰ ਸ਼ੁਦ ਚੁਨ ਜਮ ਏਉ
ਜਿੰਦਗੀ ਨਾਮਾ-ਸੁਦ ਬੰਦਗੀ ਨਾਮਾ-ਓ'

(ਜਦੋਂ ਉਸਦਾ ਗਮਲਾ ਜੀਵਨ ਦੇ ਪਾਣੀ ਨਾਲ ਭਰ ਗਿਆ ਤਾਂ ਉਸਦਾ ਬੰਦਗੀ ਨਾਮਾ ਜ਼ਿੰਦਗੀ ਨਾਮਾ ਬਣ ਗਿਆ।) ਗੋਯਾ ਨੇ ਗੁਰੂ ਸਾਹਿਬ ਜੀ ਨਾਲ ਰਹੱਸਵਾਦੀ ਚਿੰਤਨ ਵਿਚ ਆਪਣੇ ਦਿਨ ਬਿਤਾਏ, ਕਵਿਤਾ ਦੀ ਰਚਨਾ ਕੀਤੀ। ਜਿਸ ਵਿਚ ਉਸਦਾ ਅਧਿਆਤਮਕ ਅਨੁਭਵ ਪ੍ਰਮੁੱਖ ਤੱਤ ਹੈ। ਇਸ ਸਮੇਂ ਦੀ ਉਸਦੀ ਫਾਰਸੀ ਕਵਿਤਾ ਸਿੱਖ ਪ੍ਰੰਪਰਾ ਵਿਚ ਬੜੇ ਸਤਿਕਾਰ ਨਾਲ ਗਾਈ ਜਾਂਦੀ ਹੈ। ਉਦੋਂ ਹੋਰ ਕਵੀਆਂ ਨੇ ਵੀ ਗੁਰਾਂ ਦੀ ਸੰਗਤ ਕੀਤੀ, ਜਿਹਨਾਂ ਨੇ ਬ੍ਰਿਜ ਭਾਸ਼ਾ ਵਿਚ ਲਿਖਿਆ, ਜਿਸਨੂੰ ਸ਼ਾਸਤਰੀ ਮਾਧਿਅਮ ਦਾ ਦਰਜਾ ਪ੍ਰਾਪਤ ਸੀ। ਨੰਦ ਲਾਲ ਗੁਰੂ ਸਾਹਿਬ ਦਾ ਫਾਰਸੀ ਕਵੀ ਵਜੋਂ ਉਭਰਿਆ। ਭਾਈ ਨੰਦ ਲਾਲ ਗੋਯਾ ਦੀਆਂ ਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:-

1. ਜਿੰਦਗੀ ਨਾਮਾ: ਇਸਦਾ ਵਿਸ਼ਾ ਪ੍ਰਮਾਤਮਾ ਨਾਲ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਇਸ ਵਿਚ 519 ਛੰਦ ਹਨ।
2. ਦੀਵਾਨ-ਏ-ਗੋਯਾ: ਇਹ 63 ਗਜ਼ਲਾਂ, 18 ਕਵਿਤਾਵਾਂ ਅਤੇ 126 ਬਾਤਾਂ ਦਾ ਸੰਗ੍ਰਹਿ ਹੈ।
3. ਤੌਸੀਫ਼-ਓ-ਸਾਨਾ: ਇਹ ਵਾਰਤਕ ਵਿਚ ਹੈ, ਪਰ ਅੰਤ ਵਿਚ ਕੁਝ ਛੰਦ ਸ਼ਾਮਲ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤੱਤ ਵਿਚ ਹੈ। ਇਸ ਵਿਚ ਅਰਬੀ ਅਤੇ ਫਾਰਸੀ ਦੇ ਸ਼ਬਦ ਹਨ।
4. ਗੰਜ ਨਾਮਾ: ਇਹ ਸਾਰੇ ਦਸ ਗੁਰੂਆਂ 'ਤੇ ਵਿਅਕਤੀਗਤ ਤੌਰ 'ਤੇ ਵਿਅੰਗਮਈ ਹੈ। ਇਹ ਵਾਰਤਕ ਅਤੇ ਕਵਿਤਾ ਦੋਹਾਂ ਵਿਚ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਪਿਆਰ ਨਾਲ ਭਰਪੂਰ ਹੈ।
5. ਜੋਤ ਵਿਗਾਸ: ਇਹ ਹਿੰਦੀ ਵਿਚ ਹੈ, ਇਸ ਵਿਚ 43 ਦੋਹੇ ਹਨ। ਇਹ ਮੁੱਖ ਤੌਰ ਤੇ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਜੈਤਸਰੀ ਕੀ ਵਾਰ ਦੀ ਵਿਆਖਿਆ ਕਰਨ ਲਈ ਸਮਰਪਿਤ ਹੈ। ਖਾਸ ਤੌਰ ਤੇ ਦਸ ਗੁਰੂਆਂ ਦੇ ਕੇਵਲ ਇਕ ਆਤਮਾ ਅਤੇ ਇਕ ਪ੍ਰਕਾਸ਼ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਖਸੀਅਤ ਦਾ ਪਿਆਰਾ ਪ੍ਰਗਟਾਵਾ ਹੈ। ਇਹ ਰਚਨਾ ਹਿੰਦੀ ਅਤੇ ਪੰਜਾਬੀ ਦੋਹਾਂ ਵਿਚ ਹੈ।
6. ਜੋਤ ਵਿਗਾਸ: ਇਹ ਫਾਰਸੀ ਵਿਚ ਹੈ। ਇਹ 179 ਫਾਰਸੀ ਦੇ ਦੋਹੇ ਵਿਚ 43 ਹਿੰਦੀ ਦੋਹੜਿਆਂ ਦੀ ਵਿਆਖਿਆ ਹੈ।
7. ਰਹਿਤਨਾਮਾ: ਇਹ ਪੰਜਾਬੀ ਵਿਚ ਦਸੰਬਰ 1695 ਵਿਚ ਅਨੰਦਪੁਰ ਵਿਖੇ ਲਿਖਿਆ ਗਿਆ ਸੀ। ਇਹ ਪੂਰਵ ਖਾਲਸਾ ਸਿੱਖਾਂ ਲਈ ਰਹਿਤ ਮਰਿਆਦਾ ਹੈ। ਖਾਲਸੇ ਦੇ ਆਚਰਣ ਨਿਯਮਾਂ ਬਾਰੇ ਸੰਵਾਦ ਹੈ।
8. ਤਨਖਾਹ ਨਾਮਾ: ਇਹ ਖਾਲਸੇ ਦੀ ਸਿਰਜਣਾ ਤੋਂ ਬਾਅਦ ਪੰਜਾਬੀ ਵਿਚ ਲਿਖਿਆ ਗਿਆ ਸੀ। ਇਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਹਨਾਂ ਦੇ ਖਾਲਸੇ ਦੇ ਅਨੇਕ ਹਵਾਲੇ ਦਿੱਤੇ ਗਏ ਹਨ। ਜੋ ਖਾਲਸੇ ਲਈ ਅਨੁਸ਼ਾਸਨ ਦੀ ਇਕ ਨਿ-ਯਮਾਂਵਲੀ ਵਜੋਂ ਕੰਮ ਕਰਦਾ ਹੈ।
9. ਦਸਤੂਰ-ਉਲ-ਇੰਸ਼ਾਂ: ਇਹ ਉਸਦੇ ਦੋਸਤਾਂ ਰਿਸ਼ਤੇਦਾਰਾਂ ਨੂੰ ਫਾਰਸੀ ਵਾਰਤਕ ਚਿੱਠੀਆਂ ਦਾ ਸੰਗ੍ਰਹਿ ਹੈ। ਉਹ ਪੱਤਰ ਲਿਖਣ ਦੇ ਨਮੂਨੇ ਵਜੋਂ ਕੰਮ ਕਰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸਥਿਤੀਆਂ ਬਾਰੇ ਕੀਮਤੀ ਇਤਿਹਾਸਕ ਜਾਣਕਾਰੀ ਹੈ।
10. ਅਰਜ਼-ਉਲ-ਐਫਜ਼: ਇਹ ਫਾਰਸੀ ਕਵਿਤਾ ਵਿਚ ਹੈ। ਇਸ ਵਿਚ ਪ੍ਰਮਾਤਮਾ ਅਤੇ ਸਿੱਖ ਗੁਰੂਆਂ ਦੀ ਉਸਤੱਤ ਅਤੇ ਕਈ ਧਾਰਮਿਕ ਫਲਸਫੇ ਸ਼ਾਮਲ ਹਨ। ਉਹ ਸਿੱਖ ਸਿਧਾਂਤਾਂ ਦੀ ਆਪਣੀ ਵਿਆਖਿਆ ਦੱਸਦਾ ਹੈ।

ਗੋਯਾ ਦੀ ਕੋਮਲ ਕਵਿਤਾ ਪ੍ਰੇਰਨਾਦਾਇਕ ਹੈ। ਸਪਸ਼ਟ ਬਿਆਨਬਾਜ਼ੀ ਹੈ। ਇਸ ਦੀ ਕਲਪਨਾ ਦਿਲ ਨੂੰ ਲੱਗਦੀ ਹੈ। ਉਸਦੀ ਰਚਨਾ ਵਿਚ ਤਿੱਖੀ ਬੁੱਧੀ ਅਤੇ ਡੂੰਘੇ ਵਿਚਾਰ ਦਿਖਾਈ ਦਿੰਦੇ ਹਨ। ਗੁਰੂ ਵਾਸਤੇ ਪੂਰਨ ਸਮਰਪਣ ਹੈ।

ਗੋਯਾ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਇੰਨਾ ਮਗਨ ਹੋ ਗਿਆ ਕਿ ਉਸਨੇ ਮੁੜ ਕੇ ਆਪਣਾ ਪਰਿਵਾਰ ਤੱਕ ਵੀ ਨਾ ਵੇਖਿਆ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਪਰਿਵਾਰ ਦੀ ਮਦਦ ਲਈ ਸਿੱਖਾਂ ਨੂੰ ਕਹਿ ਦਿੰਦੇ ਹਾਂ। ਗੋਯਾ ਨੇ ਕਿਹਾ ਕਿ ਅਸੀਂ ਨੌਕਰੀ ਪੇਸ਼ਾਂ ਹਾਂ ਕਮਾ ਲੈਂਦੇ ਹਾਂ। ਸਾਨੂੰ ਸਿਰਫ ਆਪ ਜੀ ਦੀ ਮਿਹਰ ਚਾਹੀਦੀ ਹੈ। ਆਨੰਦਪੁਰ ਵਿਖੇ ਚਲਦੇ ਲੰਗਰਾਂ ਵਿਚ ਗੋਯਾ ਨੇ ਇਕ ਮਿਸਾਲੀ ਸੇਵਾ ਨਿਭਾਈ।

ਗੋਯਾ ਦਸੰਬਰ 1704 ਤੱਕ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਸੀ। ਸਰਸਾ ਨਦੀ ਦੀ ਜੰਗ ਵਿਚ ਗੁਰੂ ਸਾਹਿਬ ਜੀ ਦਾ ਪਰਿਵਾਰ ਉਹਨਾਂ ਤੋਂ ਵੱਖ ਹੋ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਦੋ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਸਦੇ ਪਿੰਡ ਖੇੜੀ ਪਹੁੰਚ ਗਏ। ਗੁਰੂ ਸਾਹਿਬ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਛੇਤੀ ਹੀ ਗੋਯਾ ਉਨ੍ਹਾਂ ਨਾਲ ਮਿਲ ਗਿਆ। ਸੰਨ 1707 ਵਿਚ ਔਰੰਗਜੇਬ ਦੀ ਮੌਤ ਤੋਂ ਬਾਅਦ ਗੋਯਾ ਬਾਦਸ਼ਾਹ ਬਹਾਦਰ ਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਵਿਚੋਲੇ ਸਨ। ਗੋਯਾ 1707-1712 ਤੱਕ ਬਹਾਦਰ ਸ਼ਾਹ ਦੇ ਡੇਰੇ ਰਿਹਾ। ਸਕੱਤਰ ਵਜੋਂ ਕੰਮ ਕੀਤਾ। ਗੋਯਾ 1710 ਵਿਚ ਬੰਦਾ ਬਹਾਦਰ ਵਿਰੁੱਧ ਬਾਦਸ਼ਾਹ ਦੀ ਲੋਹਗੜ੍ਹ ਮੁਹਿੰਮ ਵਿਚ ਹਾਜ਼ਰ ਸੀ। ਉਹ ਬਾਦਸ਼ਾਹ ਦੇ ਨਾਲ ਲਾਹੌਰ ਗਿਆ। ਤਦ 1712 ਵਿਚ ਲਾਹੌਰ ਵਿਖੇ ਬਹਾਦਰ ਸ਼ਾਹ ਦੀ ਮੌਤ ਹੋਣ ਤੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਨਾਲ ਮਿਲ ਕੇ ਦਿੱਲੀ ਆ ਗਿਆ। ਫਿਰ 1713 ਵਿਚ ਜਹਾਂਦਾਰ ਨੂੰ ਫਾਰੁਖ ਸਈਅਰ ਨੇ ਹਰਾ ਕੇ ਮਾਰ ਦਿੱਤਾ।

ਗੋਯਾ ਦਿੱਲੀ ਤੋਂ ਭੱਜ ਕੇ ਮੁਲਤਾਨ ਚਲਾ ਗਿਆ। ਉਥੇ ਉਸਨੇ ਫਾਰਸੀ ਅਤੇ ਅਰਬੀ ਦੀ ਸਿੱਖਿਆ ਲਈ ਉੱਚ ਸਕੂਲ ਖੋਲ੍ਹਿਆ। 1715 ਵਿਚ ਗੋਯਾ ਦੀ ਮੁਲਤਾਨ ਵਿਖੇ ਮੌਤ ਹੋ ਗਈ। ਸੰਨ 1849 ਵਿਚ ਪੰਜਾਬ ਦੇ ਕਬਜ਼ੇ ਵਿਚ ਅੰਗਰੇਜਾਂ ਨੇ ਇਸ ਸਕੂਲ ਨੂੰ ਗੋਯਾ ਦੇ ਵੰਸ਼ਜਾਂ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਪਾਇਆ।

ਉਸਦੇ ਦੋ ਪੁੱਤਰਾਂ ਵਿਚੋਂ ਦੀਵਾਨ ਲਖਪਤ ਰਾਏ ਬੇ-ਔਲਾਦ ਹੀ ਮਰ ਗਿਆ। ਜਦਕਿ ਦੀਵਾਨ ਲੀਲਾ ਰਾਮ ਦੇ ਵੰਸ਼ਜ਼ ਆਗਾਪੁਰਾ ਵਿਚ ਰਹਿੰਦੇ ਸਨ, ਜੋ ਬਹਾਵਲਪੁਰ ਰਾਜ ਦੀਆਂ ਸਰਕਾਰੀ ਨੌਕਰੀਆਂ ਤੇ ਸਨ।

'ਗੋਯਾ' ਤਖਲਸ ਦਾ ਮਤਲਬ ਹੈ ਬੁਲਾਰਾ। ਉਸ ਕਿਹਾ ਕਿ ਜਿਵੇਂ ਪ੍ਰਮਾਤਮਾ ਮੈਨੂੰ ਬੋਲਾਂਦਾ ਹੈ ਮੈਂ ਬੋਲਦਾ ਹਾਂ। ਮੈਂ ਇਸ ਵਿਚ ਕੁਝ ਨਹੀਂ ਕੀਤਾ। ਉਸ ਦੀਆਂ ਰਚਨਾਵਾਂ ਵਿਚੋਂ:-

ਅੰਤਿਕਾ: ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ,
ਜੁਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ।

ਦੋਹਾਂ ਜਹਾਂ ਉਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਦਾ ਹੱਥ ਹੈ। ਸਾਰੇ ਫਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਤੁੱਛ ਹਨ।

ਸੰਸਾਰ ਵਿਚ ਜਦ ਖੁਦਾ ਦੇ ਭਗਤ ਆਉਂਦੇ ਹਨ,
ਉਹ ਭੁੱਲੜਾਂ ਨੂੰ ਰਾਹ ਦੱਸਣ ਆਉਂਦੇ ਹਨ,
ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ
ਤਾਂ ਸਮਝ ਕਿ ਰੱਬ ਦੇ ਭਗਤ ਰੱਬ ਨੂੰ ਵਿਖਾਉਣ ਆਉਂਦੇ ਹਨ।

××××××

ਬਾਦ ਜਾਨਸ ਫਿਦਾਇ ਗੁਰੂ ਗੋਬਿੰਦ ਸਿੰਘ।
ਫਰਕਿ ਉ ਬਰ ਪਾਇ ਗੁਰੂ ਗੋਬਿੰਦ ਸਿੰਘ।

ਰੱਬ ਕਰੇ ਇਸ ਨੰਦ ਲਾਲ ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ ਉਸਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਟਿਕਿਆ ਰਹੇ।

××××××

# ਦਮਦਮੀ ਟਕਸਾਲ ਦਾ ਕੈਲੰਡਰ ਵਿਗਿਆਨ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਦਮਦਮੀ ਟਕਸਾਲ ਵੱਲੋਂ ਸਾਂਝੀ ਕੀਤੀ ਗਈ ਕਥਾਂ ਦੀ ਵੀ ਡੀ ਦਾ ਪੋਸਟਰ, "ਗੁਰਤਾ ਪਾਤਿਸਾਹੀ ਸਤਵੀਂ ਗੁਰੂ ਹਰਿਰਾਇ ਸਾਹਿਬ ਜੀ ੧੬੯੫ ਬਿਕ੍ਰਮੀ ਚੇਤਰ ਸੁਦੀ ਤਰੌਦਸੀ" ਵੇਖ ਕੇ ਸੋਚਿਆ ਕਿ, ਪੋਸਟਰ ਬਣਾਉਣ ਵਾਲੇ ਦੀ ਅਣਗਹਿਲੀ ਕਾਰਨ, ਪੋਸਟਰ ਉੱਪਰ ਗਲਤਤਾਰੀਖ ਲਿਖੀ ਗਈ ਹੋਏਗੀ। ਆਪਣੀ ਤਸੱਲੀ ਲਈ ਜਦੋਂ ਮੈਂ 'ਗੁਰਬਾਣੀ ਪਾਠ ਦਰਪਣ' ਵੇਖੀ ਤਾਂ ਉਥੇ ਵੀ ਚੇਤਰ ਸੁਦੀ ਤਰੌਦਸੀ ਸੰਮਤ 1695 ਬ੍ਰਿਕਮੀ ਹੀ ਲਿਖਿਆ ਹੋਇਆ ਹੈ।

"ਗੱਦੀ ਸਮਾਂ- ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੯ ਈ:" (ਪੰਨਾ 17, ਦਸੰਬਰ 1998)

'ਗੁਰਬਾਣੀ ਪਾਠ ਦਰਪਣ' (ਪੰਜਵੀਂ ਵਾਰ ਫਰਵਰੀ 2007, ਪੰਨਾ 17), ਅਤੇ 'ਗੁਰਮਤਿ ਰਹਿਤ ਮਰਯਾਦਾ' (ਜਨਵਰੀ 1977 ਪੰਨਾ 40) ਵਿੱਚ ਵੀ ਇਹੀ ਤਾਰੀਖ ਦਰਜ ਹੈ। ਇਸ ਲਈ ਪੋਸਟਰ ਬਣਾਉਣ ਵਾਲੇ ਸੱਜਣ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਉਸ ਨੇ ਤਾਂ ਉਹੀ ਤਾਰੀਖ ਲਿਖੀ ਹੈ ਜੋ ਕਿਤਾਬਾਂ ਵਿੱਚ, "ਸ੍ਰੀ ਮਾਨ ਪੰਥ ਰਤਨ ਵਿੱਦਿਆ ਮਾਰਤੰਡ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲਿਆਂ ਨੇ ਲਿਖੀ ਹੈ। ਹੁਣ ਜਦੋਂ ਅਸੀਂ, "ਗੁਰਗੱਦੀ ਪਾਤਸ਼ਾਹੀ ਸਤਵੀਂ" ਦੀ ਤਾਰੀਖ "੧੬੯੫ ਬਿ: ਚੇਤਰ ਸੁਦੀ ਤਰੌਦਸੀ, ੨੨ ਮਾਰਚ ੧੬੩੯ ਈ:" ਦੀ ਪੜਤਾਲ ਕਰਦੇ ਹਾਂ ਤਾਂ, ਚੇਤਰ ਸੁਦੀ ਤਰੌਦਸੀ ਸੰਮਤ ੧੬੯੫ ਬਿਕ੍ਰਮੀ (20 ਚੇਤ) ਦਿਨ ਸ਼ਨਿਚਰਵਾਰ ਨੂੰ 17 ਮਾਰਚ 1638 ਈ: (ਜੂਲੀਅਨ) ਬਣਦੀ ਹੈ। ਜੇ ੨੨ ਮਾਰਚ ੧੬੩੯ ਈ: ਨੂੰ ਸਹੀ ਮੰਨੀਏ ਤਾਂ ਇਹ ਵੈਸਾਖ ਵਦੀ ਤੀਜ, (25 ਚੇਤ) ਸੰਮਤ 1695 ਬਿਕ੍ਰਮੀ, ਦਿਨ ਵੀਰਵਾਰ ਬਣਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵਦੀ-ਸੁਦੀ ਨੂੰ ਤਾਰੀਖਾਂ ਵਿੱਚ ਬਦਲੀ ਕਰਨ ਵੇਲੇ ਗੜਬੜ ਹੋਈ ਹੈ।

ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਗੁਰਗੱਦੀ ਦਿਵਸ ਦੀਆਂ ਕਈ ਤਾਰੀਖਾਂ ਬਾਰੇ ਤਾਂ ਮੱਤ-ਭੇਦ ਹਨ। ਪਰ ਗੁਰੂ ਸਹਿਬਾਨ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਤਾਂ ਕੋਈ ਮੱਤ-ਭੇਦ ਨਹੀਂ ਹੈ। ਪਰ ਦਮਦਮੀ ਟਕਸਾਲ ਦੇ ਬ੍ਰਹਮ ਗਿਆਨੀ ਨੇ ਇਥੇ ਵੀ ਘਾਲਾਂ-ਮਾਲਾ ਕਰ ਦਿੱਤਾ ਹੈ। 'ਗੁਰਬਾਣੀ ਪਾਠ ਦਰਪਣ' ਅਤੇ 'ਗੁਰਮਤਿ ਰਹਿਤ ਮਰਯਾਦਾ' ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣਾ ਦੀ ਤਾਰੀਖ, "੧੬੯੫ ਬਿ:, ਚੇਤ ਸੁਦੀ ਪੰਚਮੀ, ੨੯ ਮਾਰਚ ੧੬੩੯ ਈ: ਦਰਜ ਹੈ। ਇਸੇ ਪੰਨੇ ਉੱਪਰ ਇਹ ਟਿੱਪਣੀ ਵੀ ਦਰਜ ਹੈ,

"ਭਾਈ ਮਨੀ ਸਿੰਘ ਜੀ ਵਾਲੀ ਬੀੜ ਜੋ ਸ੍ਰੀ ਹਜ਼ੂਰ ਸਾਹਿਬ ਜੀ ਵਿੱਚ ਹੈ, ਇਸ ਵਿੱਚ ੧੭੦੧ ਬਿਕ੍ਰਮੀ ਨੂੰ ਜੋਤੀ ਜੋਤ ਮਨਾਉਣਾ ਲਿਖਿਆ ਹੈ। ਪਰ ਗੁਰ ਬਿਲਾਸ ਵਿੱਚ ਤੇ ਸੂਰਜ ਪ੍ਰਤਾਪ ਗ੍ਰੰਥ ਵਿੱਚ ੧੬੯੫ ਬਿਕ੍ਰਮੀ ਹੈ। ਤਵਾਰੀਖ਼ ਗੁਰੂ ਖਾਲਸਾ ਅਤੇ ਸ੍ਰੀ ਗੁਰਪੰਥ ਪ੍ਰਕਾਸ਼ (ਅੰਮ੍ਰਿਤਸਰ ਐਡੀਸ਼ਨ) ਵਿੱਚ ਵੀ ਜੋਤੀ ਜੋਤ ਸਮਾਉਣਾ ੧੭੦੧ ਬਿ: ਹੀ ਲਿਖਿਆ ਹੈ"। (ਗੁਰਮਤਿ ਰਹਿਤ ਮਰਯਾਦਾ, ਪੰਨਾ 38)

ਹੁਣ ਸਵਾਲ ਪੈਦਾ ਹੁੰਦਾ ਹੈ, ਜਦੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਦੋ ਵੱਖ-ਵੱਖ ਸਾਲ, ਸੰਮਤ 1695 ਬਿਕ੍ਰਮੀ ਅਤੇ ਸੰਮਤ 1701 ਬਿਕ੍ਰਮੀ ਮਿਲਦੇ ਹਨ ਤਾਂ ਪੜਤਾਲ ਕਰਕੇ ਸਹੀ ਸੰਮਤ ਕਿਉਂ ਨਹੀਂ ਲਿਖਿਆ ਗਿਆ? ਦਮਦਮੀ ਟਕਸਾਲ ਦੇ ਮੁਖੀਆਂ ਨੇ, ਸੂਰਜ ਪ੍ਰਕਾਸ਼ ਗ੍ਰੰਥ ਤੇ ਅੰਨਾ ਯਕੀਨ ਕਰਕੇ ਹੀ ਇਹ ਸੰਮਤ ਲਿਖਿਆ ਹੈ। ਕਵੀ ਸੰਤੋਖ ਸਿੰਘ ਦਾ ਵਸੀਲਾ ਹੈ 'ਗੁਰ ਬਿਲਾਸ ਪਾਤਸ਼ਾਹੀ ੬'। ਇਹ 1718 ਈ: ਵਿੱਚ ਲਿਖੀ ਗਈ ਮੰਨੀ ਜਾਂਦੀ ਹੈ।




"ਸੰਮਤ ਸੋਰਹ ਸੈ ਪਾਚਾਨਵ , ਚੇਤ ਸੁਦੀ ਥਿਤਿ ਪੰਚਮ ਗਾਵਨ" (ਪੰਨਾ 797, ਵੇਦਾਂਤੀ ਵਾਲੀ)

ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਕੀਤੀ ਗਈ ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ) ਵਿੱਚ ਸੰਮਤ ਤਾਂ 1695 ਬਿ: ਹੀ ਹੈ ਪਰ ਥਿਤਿ "ਚੇਤ ਸੁਦੀ ਦਸਮੀ' ਹੈ। (ਪੰਨਾ 102)

ਬੰਸਾਵਲੀਨਾਮਾ (1769 ਈ:) ਤੋਂ ਕੁਝ ਸਾਲ ਪਿਛੋਂ(1776 ਈ:) , ਬਾਬਾ ਤੋਲਾ ਸਿੰਘ ਭੱਲਾ ਵੱਲੋਂ ਲਿਖੀ ਗਈ'ਗੁਰਰਤਨਾਵਲੀ' ਵਿੱਚ ਵੀ ਸੰਮਤ 1695 ਬਿ: ਅਤੇ ਥਿਤਿ "ਦਸਮੀ ਥਿਤਿ ਸੁਦੀ ਚੇਤ" ਦਰਜ ਹੈ। (ਡਾ ਮਨਵਿੰਦਰ ਸਿੰਘ,ਪੰਨਾ 107)

ਆ ਹੁਣ ਤਸਵੀਰ ਦਾ ਦੂਜਾ ਪਾਸਾ ਵੇਖੀਏ;

"ਸੰਮਤ ੧੭੦੧ ਚੇਤ ਸੁਦੀ ੫, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰੱਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿ ਗੋਬਿੰਦ ਜੀ ਸਮਾਣੇਕੀਰਤਿਪੁਰ" (ਕਰਤਾਰਪੁਰੀ ਬੀੜ ਦੇ ਦਰਸ਼ਨ) ਜੇ ਇਸ ਨੂੰ ਸੂਰਜੀ ਤਾਰੀਖਾਂ ਵਿੱਚ ਬਦਲੀ ਕਰੀਏ ਤਾਂ ਇਹ 6 ਚੇਤ ਸੰਮਤ 1700 ਬਿ:, 3 ਮਾਰਚ 1644 ਈ: (ਜੂਲੀਅਨ) ਬਣਦੀ ਹੈ। ਇਹ ਹੈ ਪ੍ਰਮਾਣਿਤ ਤਾਰੀਖ।

"Sri Guru Hargobind Sahib ji, before his departure for heavenly abode, nominated his grandson, Har Rai ji at the tender age of, as his successor (Seventh Nanak) on 3rd March,1644" (SGPC.Net)

ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਚੇਤ ਸੁਦੀ 5, ਸੰਮਤ 1701 ਬਿਕ੍ਰਮੀ, 6 ਚੇਤ, ਸੰਮਤ 1700 ਬਿਕ੍ਰਮੀ, 3 ਮਾਰਚ 1644 ਈ: (ਜੂਲੀਅਨ) ਤੋਂ ਸਪੱਸ਼ਟ ਹੈ ਕਿ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਵੀ ਸੰਮਤ 1700 ਦੇ ਅਖੀਰ ਜਾਂ 1701 ਬਿਕ੍ਰਮੀ (1644 ਈ:) ਦੇ ਆਰੰਭ ਵਿੱਚ ਹੀ ਦਿੱਤੀ ਗਈ ਹੋਵੇਗੀ ਨਾ ਕੇ ਸੰਮਤ 1695 ਬਿਕ੍ਰਮੀ (1638 ਈ:), ਜਿਵੇ ਕਿ ਟਕਸਾਲ ਦੀਆਂ ਕਿਤਾਬਾਂ ਵਿੱਚ ਦਰਜ ਹੈ।

"੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੯ ਈ:"।

ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਰਾਇ ਜੀ ਦੀ ਗੁਰਗੱਦੀ ਦਿਵਸ ਦੀਆਂ ਵੱਖ-ਵੱਖ ਥਿੱਤਾਂ, ਚੇਤ ਵਦੀ 13, ਚੇਤ ਵਦੀ 15 (ਚੇਤ ਦੀ ਮੱਸਿਆ), ਚੇਤ ਸੁਦੀ 10 ਅਤੇ ਚੇਤ ਸੁਦੀ 13 ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਕਿਹੜੀ ਥਿੱਤ ਸਹੀ ਹੈ, ਇਹ ਪਰਖ ਨਾ ਕਰਦੇ ਹੋਏ, ਸੰਮਤ (ਸਾਲ) ਬਾਰੇ ਤੱਥਾਂ ਦੇ ਅਧਾਰ ਤੇ ਨਿਰਨਾ ਕਰਦੇ ਹਾਂ। ਇਥੇ ਇਕ ਤਕਨੀਕੀ ਘੁੰਡੀਬਾਰੇ ਜਾਣਕਾਰੀ ਸਾਂਝੀ ਕਰਨੀ ਬਹੁਤ ਜਰੂਰੀ ਹੈ। ਉਹ ਇਹ ਕਿ ਅੰਗਰੇਜੀ ਸਾਲ ਦਾ ਆਰੰਭ 1 ਜਨਵਰੀ ਤੋਂ ਹੁੰਦਾ ਹੈ। ਇਸ ਲਈ ਉਹ 1644 ਈ: ਹੀ ਰਹੇਗਾ। ਚੰਦ ਦੇ ਕੈਲੰਡਰ ਮੁਤਾਬਕ ਚੇਤ ਮਹੀਨੇ ਦਾ ਆਰੰਭ ਤਾਂ ਚੇਤ ਵਦੀ 1 ਤੋਂ ਹੁੰਦਾ ਹੈ।

ਪਰ ਨਵੇ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਚੇਤ ਦਾ ਵਦੀ ਪੱਖ ਦਾ ਸੰਮਤ 1700 ਹੋਵੇਗਾ ਅਤੇ ਸੁਦੀ ਪੱਖ ਦਾ ਸੰਮਤ 1701 ਬਿਕ੍ਰਮੀ ਹੋਵੇਗਾ। ਇਸੇ ਤਰ੍ਹਾਂ ਹੀ ਸੂਰਜੀ ਸਾਲ ਦਾ ਆਰੰਭ ਇਕ ਵੈਸਾਖ ਤੋਂ ਹੁੰਦਾ ਹੈ ਨਾਕਿ 1 ਚੇਤ ਤੋਂ। 30 ਚੇਤ ਤੀਕ ਸੰਮਤ 1700 ਬਿਕ੍ਰਮੀ ਅਤੇ 1 ਵੈਸਾਖ ਤੋਂ ਸੰਮਤ 1701 ਬਿਕ੍ਰਮੀ ਆਰੰਭ ਹੋਵੇਗਾ। ਤਾਰੀਖਾਂ ਨੂੰ ਅਦਲਾ-ਬਦਲੀ ਕਰਨ ਵਿੱਚ ਹੋਈਆਂ ਢੇਰ ਸਾਰੀਆਂ ਗਲਤੀ ਦਾ ਸਭ ਤੋਂ ਵੱਡਾ ਕਾਰਨ, ਇਹ ਅਤੇ ਅਜੇਹੀਆਂ ਕਈ ਹੋਰ ਤਕਨੀਕੀ ਗੁੰਝਲਾਂ ਹਨ।

ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਥਿੱਤ ਚੇਤ ਸੁਦੀ 5, ਸੰਮਤ 1701 ਬਿਕ੍ਰਮੀ ਸਬੰਧੀ ਕੋਈ ਮੱਤ-ਭੇਦ ਨਹੀਂ ਹੈ, ਇਸ ਲਈ ਗੁਰੂ ਹਰਿਰਾਇ ਜੀ ਦਾ ਗੁਰਗੱਦੀ ਦਿਵਸ ਇਸ ਤੋਂ ਪਹਿਲਾ ਭਾਵ ਚੇਤ ਮਹੀਨੇ ਦੇ ਵਦੀ ਪੱਖ ਵਿੱਚ ਹੀ ਹੋਵੇਗਾ। ਜੇ ਅਸੀਂ ਚੇਤ ਵਦੀ 13 (ਸੰਮਤ 1700 ਬਿ:) ਨੂੰ ਸਹੀ ਮੰਨੀਏ ਤਾਂ ਇਹ 29 ਫੱਗਣ ਸੰਮਤ 1700 ਬਿਕ੍ਰਮੀ (25 ਫਰਵਰੀ 1644 ਈ:) ਬਣਦੀ ਹੈ। ਜੇ ਅਸੀਂ ਚੇਤ ਵਦੀ 15 (ਚੇਤ ਦੀ ਮੱਸਿਆ) ਨੂੰ ਸਹੀ ਮੰਨੀਏ ਤਾਂ ਇਹ 1 ਚੇਤ, ਸੰਮਤ 1700 ਬਿ:, 27 ਫਰਵਰੀ 1644 ਈ: ਦਿਨ ਮੰਗਲਵਾਰ ਬਣਦਾ ਹੈ।

ਟਕਸਾਲ ਦੇ ਮੁੱਖੀਆਂ ਵੱਲੋਂ ਲਿਖੀ ਤਾਰੀਖ ਕਿਸੇ ਵੀ ਫਾਰਮੂਲੇ ਮੁਤਾਬਕ " ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੯ ਈ:" (ਗੁਰਬਾਣੀ ਪਾਠ ਦਰਪਣ) ਸਹੀ ਸਾਬਿਤ ਨਹੀਂ ਹੁੰਦੀ। ਇਥੇ; ਜੇ ਅਸੀਂ ਸੰਮਤ (ਸਾਲ) ਨੂੰ ਛੱਡ ਵੀ ਦੇਈਏ ਤਾਂ ਵੀ, ਪਹਾੜ ਜਿੱਡਾ ਸਵਾਲ ਸਾਹਮਣੇ ਆ ਖੜਦਾ ਹੈ। ਉਹ ਇਹ ਕਿ ਦਮਦਮੀ ਟਕਸਾਲ ਦੇ ਪਹਿਲੇ ਮੁੱਖੀਆਂ ਵੱਲੋਂ ਤਾਂ ਆਪਣੀਆਂ ਲਿਖਤਾਂ ਵਿੱਚ 'ਚੇਤ ਸੁਦੀ ਤਰੌਦਸੀ' ਲਿਖਿਆ ਹੋਇਆ ਹੈ ਪਰ, ਮੌਜੂਦਾ ਮੁਖੀ ਦੀ ਦੇਖ-ਰੇਖ ਹੇਠ ਛਪਵਾਏ ਗਏ ਕੈਲੰਡਰਾਂ ਵਿੱਚ 'ਚੇਤ ਵਦੀ ਤਰੌਦਸੀ' ਨੂੰ ਇਹ ਦਿਹਾੜਾ ਦਰਜ ਕੀਤਾ ਗਿਆ ਹੈ। ਸੁਦੀ ਨੂੰ ਵਦੀ ਲਿਖਣ ਨਾਲ 15 ਦਿਨ੍ਹਾਂ ਦਾ ਫ਼ਰਕ ਪੈ ਜਾਂਦਾ ਹੈ। ਚੇਤ ਵਦੀ ਤਰੌਦਸੀ, 14 ਚੇਤ/27 ਮਾਰਚ ਦਿਨ ਵੀਰਵਾਰ ਨੂੰ ਸੀ। ਚੇਤਰ ਸੁਦੀ ਤਰੌਦਸੀ, 28 ਚੇਤ 10 ਅਪ੍ਰੈਲ ਦਿਨ ਵੀਰਵਾਰ ਨੂੰ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਪਾਠਕ ਸੋਚੇਗਾ ਕਿ ਲਿਖਿਆ ਤਾਂ 15 ਦਿਨਾਂ ਦਾ ਫਰਕ ਹੈ ਪਰ ਅਸਲ ਵਿਚ ਤਾਂ 14 ਦਿਨਾਂ ਦਾ ਫ਼ਰਕ ਹੈ। ਇਸ ਦਾ ਕਾਰਨ ਇਹ ਹੈ ਕਿ ਚੇਤ ਸੁਦੀ 2 ਅਤੇ ਚੇਤ ਸੁਦੀ 3, ਦੋਵੇਂ ਇਕੋ ਦਿਨ (18 ਚੇਤ/31 ਮਾਰਚ) ਹੀ ਹਨ। ਜਾਂ ਇਹ ਕਹਿ ਸਕਦੇ ਹਾਂ ਕਿ ਚੇਤ ਸੁਦੀ 3, ਗਿਣੀ ਨਹੀਂ ਜਾਵੇਗੀ।

ਕੀ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦਾ ਮੈਂਬਰ, ਦਮਦਮੀ ਟਕਸਾਲ ਅਤੇ ਸੰਤ ਸਮਾਜ ਦਾਮੌਜੂਦਾ ਮੁੱਖੀ, ਜਾਂ ਉਨ੍ਹਾਂ ਦਾ ਕੋਈ ਨੁਮਾਇੰਦਾ, ਉਪ੍ਰੋਕਤ ਨੁਕਤਿਆਂ ਬਾਰੇ ਟਕਸਾਲ ਦਾ ਪੱਖ ਸਪੱਸ਼ਟ ਕਰਨ ਦੀ ਖੇਚਲ ਕਰੇਗਾ?



# ਸੱਤਾਧਾਰੀ ਤਾਕਤਵਰ ਪਰ ਜਵਾਬਦੇਹੀ ਗਾਇਬ



ਗੁਰਮੀਤ ਪਲਾਹੀ
91-98158-02070

ਸੱਤਾ ਪ੍ਰਾਪਤ ਕਰਕੇ ਨੇਤਾਵਾਂ ਨੂੰ ਹੱਦੋਂ ਵੱਧ ਤਾਕਤਾਂ ਮਿਲ ਜਾਂਦੀਆਂ ਹਨ ਅਤੇ ਸੱਤਾ ਦੇ ਨਸ਼ੇ 'ਚ ਉਹ ਜਵਾਬਦੇਹੀ ਵੀ ਭੁੱਲ ਜਾਂਦੇ ਹਨ। ਕੋਈ ਵੀ ਉਹ ਸਿਧਾਂਤ,ਉਹਨਾਂ ਲਈ ਨਿਰਾਰਥਕ ਹੋ ਜਾਂਦਾ ਹੈ, ਜਿਸ ਅਧਿਕਾਰ ਸਿਧਾਂਤ ਦੀ ਵਰਤੋਂ ਨਾਲ ਉਹ ਸੱਤਾ ਹਥਿਆਉਂਦੇ ਹਨ। ਲੋਕਤੰਤਰ,ਗਣਤੰਤਰ ਅਤੇ ਸੰਵਿਧਾਨ ਦੀ ਆਤਮਾ ਨੂੰ ਉਹ ਸਮਝਣ ਦਾ ਯਤਨ ਹੀ ਨਹੀਂ ਕਰਦੇ। ਇਹ ਅੱਜ ਦੇ ਭਾਰਤ ਦਾ ਵੱਡਾ ਸੱਚ ਹੈ।

ਸੰਵਿਧਾਨ ਦੇ ਤਿੰਨ ਮੁੱਖ ਥੰਮ੍ਹ ਹਨ- ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਇਹਨਾਂ ਤਿੰਨਾਂ ਥੰਮ੍ਹਾਂ ਦੇ ਸੁਚਾਰੂ ਰੂਪ ਨਾਲ ਕੰਮ ਕਰਨ ਨਾਲ ਹੀ ਦੇਸ਼ ਦਾ ਰਾਜ ਪ੍ਰਬੰਧ ਸਹੀ ਢੰਗ ਨਾਲ ਚੱਲ ਸਕਦਾ ਹੈ। ਇਸ ਅਧਾਰ ਉੱਤੇ ਇਮਾਨਦਾਰੀ ਨਾਲ ਚੱਲਣ ਵਾਲਾ ਸ਼ਾਸਨ ਹੀ ਲੋਕ ਹਿਤੈਸ਼ੀ ਹੋ ਸਕਦਾ ਹੈ। ਸ਼ਾਸਕ ਅਤੇ ਸ਼ਾਸਿਤ ਦਾ ਆਪਸੀ ਵਿਸ਼ਵਾਸ ਅਸਲ ਅਰਥਾਂ 'ਚ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਦਾ ਹੈ। ਨੇਤਾਵਾਂ ਦਾ ਜਨਤਾ ਨਾਲ ਸੰਪਰਕ, ਸੰਬੰਧ ਅਤੇ ਸੰਵਾਦ ਜੋ ਅਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੇਖਣ ਨੂੰ ਮਿਲਿਆ ਕਰਦਾ ਸੀ,ਉਹ ਅਜ਼ਾਦੀ ਤੋਂ ਬਾਅਦ ਗਾਇਬ ਹੋ ਗਿਆ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਸੱਤਾਧਾਰੀਆਂ ਹੱਥ ਹੱਦੋਂ-ਵੱਧ ਤਾਕਤਾਂ ਆ ਗਈਆਂ ਤੇ ਉਹਨਾਂ ਦੀ ਜਵਾਬਦੇਹੀ ਘੱਟ ਹੁੰਦੀ-ਹੁੰਦੀ ਅੱਜ ਗ਼ਾਇਬ ਹੀ ਹੋ ਗਈ ਹੈ।

ਅਜ਼ਾਦੀ ਤੋਂ ਬਾਅਦ ਚੋਣ-ਦੌਰ ਚੱਲਿਆ। ਸਾਫ਼ - ਸੁਥਰੀਆਂ ਚੋਣਾਂ ਕਰਾਉਣ ਦੇ ਦਾਅਵੇ ਹੋਏ। ਸੱਤਾਧਾਰੀਆਂ ਹੱਥੋਂ ਜਦੋਂ ਤਾਕਤ ਖੁਸਦੀ ਰਹੀ, ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਰਹੀਆਂ। ਚੋਣਾਂ 'ਚ ਬਾਹੂਬਲ,ਪੈਸੇ ਦਾ ਬੋਲਬਾਲਾ ਵਧਿਆ। ਸੰਵਿਧਾਨ ਦੀ ਮੂਲ ਭਾਵਨਾ ਹਰ ਇੱਕ ਨੂੰ ਬੋਲਣ ਦੀ ਅਜ਼ਾਦੀ ਦੇ ਖ਼ਾਤਮੇ ਦਾ ਦੌਰ ਚੱਲਿਆ। ਦੇਸ਼ 'ਚ ਐਮਰਜੈਂਸੀ ਲਾਉਣ ਜਿਹੇ ਕਾਲੇ ਦਿਨ ਦੇਸ਼ ਨੂੰ ਵੇਖਣੇ ਪਏ। ਕਾਨੂੰਨ-ਘਾੜੀਆਂ ਸੰਸਥਾਵਾਂ ਵਿਧਾਨ-ਸਭਾਵਾਂ ਤੇ ਲੋਕ-ਸਭਾ ਵਿੱਚ ਧਨ-ਕੁਬੇਰਾਂ ਅਤੇ ਅਪਰਾਧਿਕ ਲੋਕਾਂ ਦੀ ਭਰਮਾਰ ਹੋਈ। ਕਾਰਪੋਰੇਟਾਂ ਨੇ ਹੌਲੀ-ਹੌਲੀ ਸੱਤਾਧਾਰੀਆਂ 'ਤੇ ਗਲਬਾ ਪਾ ਲਿਆ ਅਤੇ ਦੇਸ਼ ਦੇ "ਕੁਦਰਤੀ ਸਾਧਨ ਲੁੱਟਣ ਦਾ ਦੌਰ" ਇਸੇ ਦਾ ਸਿੱਟਾ ਹੈ। ਦੇਸ਼ 'ਚ ਮੱਧ ਵਰਗੀ ਲੋਕਾਂ ਦੀ ਹਾਹਾਕਾਰ, ਕਿਸਾਨਾਂ, ਮਜ਼ਦੂਰਾਂ ਦਾ ਸ਼ੋਸ਼ਣ ਇਸੇ ਦਾ ਨਤੀਜਾ ਹੈ। ਇਸੇ ਲਈ ਕਿਸਾਨ ਮਜ਼ਦੂਰ ਅੱਜ ਸੜਕਾਂ 'ਤੇ ਹਨ। ਸੱਤਾ ਧਿਰ ਅੱਜ ਵਿਰੋਧੀ ਧਿਰ ਦੀ ਨਹੀਂ ਸੁਣਦੀ। ਆਪਣੇ ਤੋਂ ਉਲਟ ਵਿਚਾਰਾਂ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ 'ਚ ਸੁੱਟਿਆ ਜਾ ਰਿਹਾ ਹੈ।

ਕਦੇ ਸਮਾਂ ਸੀ ਕਿ ਦੇਸ਼ ਵਿੱਚ ਸੱਤਾ ਧਿਰ ਅਤੇ ਵਿਰੋਧੀ ਧਿਰ ਜਾਣਦੇ ਅਤੇ ਮੰਨਦੇ ਸਨ ਕਿ ਉਹਨਾਂ ਦਾ ਮੁੱਖ ਕੰਮ ਅਤੇ ਜਵਾਬਦੇਹੀ ਰਾਸ਼ਟਰ ਹਿਤ ਹੈ। ਜਿਸ ਲਈ ਮਿਲ ਕੇ ਕੰਮ ਕਰਨਾ ਹੈ। ਸੰਸਦ 'ਚ ਤਸੱਲੀ, ਦਲੀਲਬਾਜ਼ੀ ਦਾ ਬੋਲਬਾਲਾ ਸੀ। ਵਿਚਾਰ ਪ੍ਰਧਾਨ ਸੀ। ਅੱਜ ਵਿਚਾਰ ਗੁੰਮ ਹੈ। ਰੌਲਾ-ਰੱਪਾ ਹੈ। ਇਥੋਂ ਤੱਕ ਕਿ ਗਾਲੀ ਗਲੋਚ ਅਤੇ ਡਾਂਗ ਸੋਟਾ ਹੈ। ਸੰਵਿਧਾਨ ਉੱਤੇ ਸੱਤਾਧਾਰੀ ਧਿਰ ਦੇ ਹਮਲੇ ਪਰੇਸ਼ਾਨ ਕਰਨ ਵਾਲੇ ਹਨ। ਉਹ ਵਿਚਾਰ ਗਾਇਬ ਹੋ ਰਹੇ ਹਨ,ਜੋ ਦੇਸ਼ ਦੇ ਸੰਘੀ ਢਾਂਚੇ ਦੀ ਸੁਰੱਖਿਆ ਲਈ ਕਦੇ ਅਹਿਮ ਸਨ।

ਭਾਰਤੀ ਸੱਭਿਆਚਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਇਥੋਂ ਦੇ ਲੋਕਾਂ ਨੇ ਲੋਕਤੰਤਰ ਦੀ ਮੂਲ ਭਾਵਨਾ ਮਿਲ-ਬਹਿ ਕੇ ਹੱਲ ਕੱਢਣਾ,ਹਜ਼ਾਰਾਂ ਸਾਲ ਪਹਿਲਾਂ ਸਿੱਖ ਲਿਆ ਸੀ। ਉਸੇ ਨੂੰ ਯਾਦ ਕਰਕੇ ਅਸੀਂ ਕਹਿੰਦੇ ਹਾਂ ਕਿ ਲੋਕਤੰਤਰ ਦਾ ਜਨਮਦਾਤਾ ਭਾਰਤ ਹੈ। ਪਰੰਤੂ ਅੱਜ ਆਪਸੀ ਸੰਵਾਦ ਲਗਭਗ ਬੰਦ ਹੈ। ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਹੈ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਿਲ ਬੈਠਣ ਲਈ ਕੋਈ ਸਾਰਥਕ ਯਤਨ ਹੀ ਨਹੀਂ ਹੋ ਰਹੇ। ਇਸੇ ਕਰਕੇ ਸੰਵੇਦਨਹੀਣਤਾ ਵਧ ਰਹੀ ਹੈ। ਫਿਰਕਿਆਂ 'ਚ ਪਾੜਾ ਪੈ ਰਿਹਾ ਹੈ। ਨਿੱਤ ਫਿਰਕੂ ਦੰਗੇ ਹੋ ਰਹੇ ਹਨ।

ਨੇਤਾਵਾਂ ਦੀ ਮਨਮਾਨੀ ਅਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਦਾ ਵਧਣਾ ਪ੍ਰਤੱਖ ਦਿਸਣ ਲੱਗਾ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਧਾਰਮਿਕ ਸੰਕੀਰਣਤਾ ਦਾ ਵਧਣਾ ਇਸਦਾ ਪ੍ਰਤੱਖ ਸਬੂਤ ਹੈ। ਦੇਸ਼ 'ਚ ਸੈਂਕੜੇ ਸਕੀਮਾਂ ਇਹੋ-ਜਿਹੀਆਂ ਚਲਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੇ ਟੈਕਸ ਦੀ ਵੱਡੀ ਦੁਰਵਰਤੋ ਹੈ। ਦੇਸ਼ ਦੇ ਚੁਣੇ ਸੰਸਦ ਮੈਂਬਰਾਂ ਨੂੰ ਮਿਲਦੇ 5 ਕਰੋੜ ਰੁਪਏ ਸਲਾਨਾ ਅਤੇ ਉਹਨਾਂ ਨੂੰ ਖਰਚਣ ਸੰਬੰਧੀ ਸਾਂਸਦਾਂ ਦੇ ਇੱਕ ਗਰੁੱਪ 'ਚ ਕਮਿਸ਼ਨ ਤੈਅ ਕਰਨ ਦੀਆਂ ਖ਼ਬਰਾਂ ਨੇ, "ਦੇਸੀ ਸ਼ਾਸਕਾਂ" ਦੇ "ਕਾਲੇ ਚਿਹਰੇ" ਨੰਗੇ ਕੀਤੇ ਹਨ।



2014 'ਚ ਬਣੀ ਮੋਦੀ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਸਕੀਮ ਦੇਸ਼ ਚ ਗੱਜ-ਵੱਜ ਕੇ ਸ਼ੁਰੂ ਕੀਤੀ ਗਈ। ਇਸ ਸਕੀਮ ਨੂੰ ਹੁਣ ਖ਼ਤਮ ਕਰ ਦਿੱਤਾ ਗਿਆ। ਨਾ ਕੋਈ ਸ਼ਹਿਰ ਸਮਾਰਟ ਬਣ ਸਕਿਆ, ਨਾ ਕੋਈ ਸਿਟੀ ਮਿਸ਼ਨ 'ਚ ਕੰਮ ਪੂਰਾ ਹੋ ਸਕਿਆ। ਹਾਂ, ਸਿਰਫ਼ 16 ਸ਼ਹਿਰਾਂ 'ਚ ਕੰਮ ਪੂਰਾ ਹੋਇਆ। ਪਰ 14000 ਕਰੋੜ ਰੁਪਏ ਦੇ ਕੰਮ ਅਧੂਰੇ ਪਏ ਰਹੇ। ਸ਼ਹਿਰ ਪਹਿਲਾਂ ਨਾਲੋਂ ਵੀ ਗੰਦੇ ਹੋਏ। ਪ੍ਰਦੂਸ਼ਣ ਵਧਿਆ । ਗੰਦਗੀ ਵਧੀ ਹੈ।

ਨੇਤਾਵਾਂ ਦੀ ਨਿੱਜੀ ਸੁਰੱਖਿਆ ਦੇ ਨਾਂ 'ਤੇ ਕਰੋੜਾਂ ਖਰਚੇ ਜਾ ਰਹੇ ਹਨ। ਬੁਲਟ ਪਰੂਫ਼ ਜੈਕਟਾਂ, ਕਾਰਾਂ,ਹਵਾਈ ਖ਼ਜ਼ਾਨੇ, ਨੇਤਾ ਦੀ ਕਿਸ ਤੋਂ ਸੁਰੱਖਿਆ ਲਈ ਹਨ? ਨੇਤਾ ਤਾਂ ਲੋਕਾਂ ਦਾ ਨੁਮਾਇੰਦਾ ਹੈ। ਜੇਕਰ ਉਸ ਨੂੰ ਲੋਕਾਂ ਤੋਂ ਹੀ ਖ਼ਤਰਾ ਭਾਸਦਾ ਹੈ ਤਾਂ ਆਖਰ ਉਹ ਨੇਤਾ ਕਿਸ ਦਾ ਹੈ ? ਮੌਜੂਦਾ ਭਾਰਤੀ ਪ੍ਰਧਾਨ ਮੰਤਰੀ ਦੀ ਸ਼ਾਨੋ ਸ਼ੌਕਤ, ਡਰੈਸ ਖਰਚੇ, ਸ਼ਾਹੀ ਠਾਠ- ਬਾਠ, ਉਸਦੇ ਸ਼ਖਸ਼ੀ ਉਭਾਰ ਲਈ ਖਰਚੇ ਜਾ ਰਹੇ ਕਰੋੜਾਂ ਰੁਪਏ, ਆਖਰ ਲੋਕਾਂ ਦੇ ਗਾੜ੍ਹੇ ਖ਼ੂਨ ਪਸੀਨੇ ਦੀ ਕਮਾਈ 'ਚ ਉਡਾਏ ਜਾ ਰਹੇ ਹਨ। ਜਵਾਬਦੇਹੀ ਕਿੱਥੇ ਹੈ? ਰਾਜਧਾਨੀ ਦਿੱਲੀ 'ਚ ਪੁਰਾਣੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਵੱਡੇ ਚਰਚੇ ਰਹੇ। ਰਾਜਭਾਗ ਦੀਆਂ ਪ੍ਰਾਪਤੀਆਂ ਨੂੰ ਪ੍ਰੈਸ, ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਲਈ ਅਰਬਾਂ ਰੁਪਏ, ਡਾਲਰ ਖਰਚੇ ਜਾਂਦੇ ਹਨ। ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਲਗਾਇਆ ਜਾਂਦਾ ਹੈ। ਇਹ ਆਖਰ ਸੱਤਾ ਦੇ ਗਲਿਆਰਿਆਂ 'ਚ ਬੈਠੇ ਢੁੱਠਾਂ ਵਾਲੇ ਨੇਤਾਵਾਂ ਦੀ ਨਾਦਰਸ਼ਾਹੀ ਸੋਚ ਕਾਰਨ ਹੀ ਨਹੀਂ ਵਾਪਰ ਰਿਹਾ? ਲੋਕ ਬੇਰੁਜ਼ਗਾਰੀ ਤੋਂ ਦੁਖੀ ਹਨ। ਮਹਿੰਗਾਈ ਤੋਂ ਪਰੇਸ਼ਾਨ ਹਨ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਬਿਤਾ ਰਹੇ ਹਨ। ਭ੍ਰਿਸ਼ਟਾਚਾਰ ਨਾਲ ਦੇਸ਼ ਪਰੁੰਨਿਆਂ ਪਿਆ ਹੈ। ਆਖਰ ਇਹ ਜਵਾਬਦੇਹੀ ਕਿਸ ਦੀ ਹੈ? ਜੇਕਰ ਨੇਤਾ,ਸਿਆਸੀ ਪਾਰਟੀਆਂ ਲੋਕਾਂ ਨੂੰ ਸੁੱਖ ਆਰਾਮ ਨਹੀਂ ਦੇ ਸਕਦੀਆਂ ,ਸਹੂਲਤਾਂ ਨਹੀਂ ਦੇ ਸਕਦੀਆਂ, ਰੁਜ਼ਗਾਰ ਨਹੀਂ ਦੇ ਸਕਦੀਆਂ, ਚੰਗੀ ਪੜ੍ਹਾਈ ਅਤੇ ਚੰਗਾ ਵਾਤਾਵਰਣ ਪ੍ਰਦਾਨ ਕਰਨ 'ਚ ਅਸਮਰੱਥ ਹਨ ਤਾਂ ਕੀ ਉਹ ਨੇਤਾ ਹੋਣ ਤੇ ਅਖਵਾਉਣ ਦਾ ਹੱਕ ਨਹੀਂ ਗਵਾ ਲੈਂਦੇ?

ਦੇਸ਼ 'ਚ ਚੋਣ ਪ੍ਰਬੰਧ ਵਿਗੜਿਆ। ਦੇਸ਼ ਦੀਆਂ ਖ਼ੁਦ ਮੁਖ਼ਤਿਆਰ ਏਜੰਸੀਆਂ ਇੱਕ ਪਾਸੜ ਫੈਸਲੇ ਲੈਣ ਲੱਗੀਆਂ। ਨਿਆਂ ਪ੍ਰਬੰਧ ਉੱਤੇ ਸਵਾਲ ਖੜੇ ਹੋਣ ਲੱਗੇ। ਕਾਰਜ ਪਾਲਿਕਾ ਆਪਣੇ ਫਰਜ਼ ਨਿਭਾਉਣ ਤੋਂ ਕੁਤਾਹੀ ਕਰਨ ਲੱਗੀ। ਦੇਸ਼ ਦੀ ਵਾਗਡੋਰ ਚੁਣੇ ਹੋਏ ਨੇਤਾਵਾਂ ਹੱਥ ਨਹੀਂ, ਮਾਫੀਏ ਹੱਥ ਫੜਾ ਦਿੱਤੀ ਗਈ ਤਾਂ ਦੇਸ਼ ਦੇ ਨੇਤਾ ਮਦਹੋਸ਼ ਪੰਜ ਵਰ੍ਹੇ ਐਸ਼ ਕਰਕੇ ਸਿਰਫ਼ ਚੋਣ ਜਿੱਤਣ ਲਈ ਹਰ ਹੀਲਾ ਵਰਤਣ ਲੱਗੇ। ਲੋਕਾਂ ਨੂੰ ਮੁੱਠੀ ਭਰ ਅਨਾਜ ਬਖਸ਼ ਕੇ, ਲੋਕਾਂ ਨੂੰ ਧਰਮ ਦੇ ਨਾਂ ਤੇ ਲੜਾ ਕੇ, ਵੋਟਾਂ ਕਾਬੂ ਕਰਨੀਆਂ, ਕਿਹੜੀ ਰਾਜਨੀਤੀ ਹੈ?ਇਸ ਦੇਸ਼ ਨੂੰ ਫ਼ਿਰੰਗੀਆਂ ਤੋਂ, ਵਿਦੇਸ਼ੀਆਂ ਤੋਂ ਮੁਕਤੀ ਦਿਵਾਉਣ ਲਈ ਅਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਪੂਰੀ ਸਦੀ ਸੰਘਰਸ਼ ਕਰਨਾ ਪਿਆ। ਇਸ ਨੂੰ ਨਫ਼ਰਤੀ ਰਾਜਨੀਤੀ ਨਾਲ ਕੁਝ ਦਹਾਕਿਆਂ ਵਿੱਚ ਹੀ ਤਹਿਸ-ਨਹਿਸ ਕਰਨ ਦੀਆਂ ਤਰਕੀਬਾਂ ਘੜੀਆਂ ਜਾ ਚੁੱਕੀਆਂ ਹਨ। ਧਰਮ,ਭਾਸ਼ਾ ਤੇ ਜਾਤ ਦੇ ਨਾਵਾਂ 'ਤੇ ਵੰਡੀਆਂ, ਦੇਸ਼ ਨੂੰ ਆਖਰ ਕਿੱਧਰ ਲੈ ਕੇ ਜਾਣਗੀਆਂ? ਕਿਸ ਦੀ ਹੈ ਜਵਾਬਦੇਹੀ? ਸਮਾਜ ਬਿਖਰ ਰਿਹਾ ਹੈ। ਇਸ ਦਾ ਤਾਣਾ-ਬਾਣਾ ਵਿਗਾੜਿਆ ਜਾ ਰਿਹਾ ਹੈ।

ਦੇਸ਼ 'ਚ ਆਖਰੀ ਕਤਾਰ 'ਚ ਖੜਾ ਵਿਅਕਤੀ ਕਈ ਵਰ੍ਹਿਆਂ ਤੋਂ ਇਹ ਸਭ ਕੁਝ ਦੇਖ ਰਿਹਾ ਹੈ। ਪਰ ਉਸ ਨੂੰ ਇਸ ਸਥਿਤੀ ਨੂੰ ਸਮਝਣ ਲਈ ਸਮਾਂ ਲੱਗ ਰਿਹਾ ਹੈ। ਉਸ ਦੀ ਬੇਚੈਨੀ ਵੱਧ ਰਹੀ ਹੈ। ਉਸ ਨੇ ਸੱਤਾ ਬਦਲਣੀ ਤਾਂ ਸਿੱਖ ਲਈ ਹੈ ਪਰ ਅੱਜ ਸਧਾਰਨ ਨਾਗਰਿਕ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਮੰਤਰੀ,ਜੱਜ, ਨੌਕਰਸ਼ਾਹ ਤੇ ਅਨੇਕਾਂ ਛੋਟੇ ਅਧਿਕਾਰੀਆਂ ਦੇ ਘਰ ਤਾਂ ਧਨ ਨਾਲ ਭਰੇ ਦਿਸਦੇ ਹਨ। ਅਨੇਕਾਂ ਖਬਰਾਂ ਕਰੋੜਾਂ ਦੀ ਰਿਸ਼ਵਤ ਲੈਣ ਦੀਆਂ ਲੋਕਤੰਤਰ ਦੇ ਚੌਥੇ ਥੰਮ੍ਹ ਉਸ ਪ੍ਰੈਸ ਛਪਦੀਆਂ ਹਨ,ਜਿਸ ਦਾ ਵੱਡਾ ਹਿੱਸਾ "ਗੋਦੀ ਮੀਡੀਆ" ਦਾ ਰੂਪ ਧਾਰਨ ਕਰ ਚੁੱਕਿਆ ਹੈ। ਆਖਰ ਦੇਸ਼ ਕਿੱਧਰ ਨੂੰ ਤੁਰਿਆ ਜਾ ਰਿਹਾ ਹੈ?

ਸੁਧਾਰ ਦੇ ਅਨੇਕਾਂ ਯਤਨ ਅਰੰਭੇ ਜਾਂਦੇ ਹਨ, ਪਰ ਬਹੁਤੀ ਵੇਰ ਇਹ ਯਤਨ ਦਿਖਾਵਾ ਮਾਤਰ ਹੀ ਰਹਿ ਜਾਂਦੇ ਹਨ। ਲੋਕਾਂ ਨੂੰ ਨੇਤਾਵਾਂ ਨੇ ਸਮੇਂ-ਸਮੇਂ ' "ਸਵਰਾਜ" ਦਾ ਸੁਪਨਾ ਦਿਖਾਇਆ। "ਗ਼ਰੀਬੀ ਹਟਾਓ" ਦੇ ਨਾਅਰੇ ਲੱਗੇ।"ਜੈ ਜਵਾਨ, ਜੈ ਕਿਸਾਨ" ਗੂੰਜਿਆ। "ਸਭ ਦਾ ਵਿਕਾਸ, ਸਭ ਦਾ ਸਾਥ" ਹਵਾ 'ਚ ਲਹਿਰਾਇਆ ਗਿਆ। ਪਰ ਲੋਕਾਂ ਦੀਆਂ ਬਰੂਹਾਂ 'ਤੇ ਸਿਰਫ਼ ਫੋਕੇ ਵਾਇਦੇ ਹੀ ਪੁੱਜ ਸਕੇ। ਕੀ ਭਾਰਤੀ ਲੋਕਤੰਤਰ ਦੇ ਨੇੜੇ ਜਾ ਰਹੇ ਹਨ ਜਾਂ ਇਸ ਤੋਂ ਦੂਰ ਭੇਜੇ ਜਾ ਰਹੇ ਹਨ? ਨਾਅਰੇ, ਵਾਅਦੇ ਤੇ ਸਿਰਫ਼ ਵਾਅਦੇ ਆਖਰ ਦੋ ਡੰਗ ਦੀ ਲੋਕਾਂ ਦੀ ਰੋਟੀ ਦਾ ਸਾਧਨ ਤਾਂ ਨਹੀਂ ਨਾ ਬਣ ਸਕਦੇ। ਲੋਕ ਲੱਭਦੇ ਹਨ -"ਰਾਮ ਰਾਜ"। ਲੋਕ ਭਾਲ 'ਚ ਹਨ -ਆਪਣੇ ਹੱਕਾਂ ਦੇ। ਪਰ ਇਹ ਸਾਰੇ ਤਾਂ ਨੇਤਾਵਾਂ ਨੇ ਆਪਣੇ ਹੱਥ ਵੱਸ ਕਰ ਲਏ ਹਨ। ਉਹਨਾਂ ਪੱਲੇ ਤਾਂ ਲਾਚਾਰੀ ਹੈ। ਅਵਿਸ਼ਵਾਸ ਹੈ।ਬੇਵਸੀ ਹੈ।

ਦੇਸ਼ ਦਾ ਨੇਤਾ ਅਮੀਰ ਹੈ, ਜਨਤਾ ਗ਼ਰੀਬ ਹੈ। ਮੁੱਠੀ ਭਰ ਦੇਸ਼ ਦੇ ਨੇਤਾਵਾਂ ਨੇ "ਜਨਤਾ"ਹਥਿਆ ਲਈ ਹੈ। ਅੱਜ ਦੇਸ਼ ਦੇ ਬਹੁਤੇ ਸਿਆਸੀ ਦਲ ਗੁਣ-ਦੋਸ਼, ਅਸੂਲ ਛੱਡ ਕੇ ਕੁਰਸੀ ਤੇ ਕਬਜ਼ੇ ਨੂੰ ਪਹਿਲ ਦੇਣ ਲੱਗੇ ਹਨ। ਉਹਨਾਂ ਲਈ ਲੋਕਤੰਤਰ ਦਾ ਅਰਥ "ਅਗਲੀ ਚੋਣ ਜਿੱਤਣਾ" ਹੈ। ਇਹ ਚੋਣ ਭਾਵੇਂ ਸਥਾਨਕ ਸਰਕਾਰ ਦੀ ਹੋਵੇ, ਸੂਬੇ ਦੀ ਹੋਵੇ, ਦੇਸ਼ ਦੀ ਵੱਡੀ ਕਾਨੂੰਨੀ ਘੜ੍ਹਨੀ ਸਭਾ ਸੰਸਦ ਦੀ ਹੋਵੇ ਜਾਂ ਫਿਰ ਟਰੱਕ ਯੂਨੀਅਨ ਦੇ ਨੇਤਾ ਦੀ। ਹਰ ਥਾਂ ਜੋੜ-ਤੋੜ,ਧਨ ਦੀ ਵਰਖਾ, ਨੇਤਾ ਲੋਕਾਂ ਦੀ ਅਦਲਾ ਬਦਲੀ, ਆਇਆ ਰਾਮ ਗਿਆ ਰਾਮ ਦੀ ਸਿਆਸਤ ਭਾਰੂ ਹੈ।

ਪੀੜ੍ਹੀਆਂ ਬਦਲ ਗਈਆਂ। ਸੱਤਾ ਵਿੱਚ ਜਾ ਕੇ ਲੋਕਾਂ ਨੇ ਦੇਖਿਆ ਕਿ ਸਿਆਸਤਦਾਨਾਂ ਦੀ ਤਾਕਤ ਅਸੀਮਤ ਹੋ ਗਈ ਹੈ। ਉਹ ਇਸ ਚਕਾਚੌਂਧ ਵਿੱਚ ਨਾ ਕੇਵਲ ਆਦਰਸ਼ ਭੁੱਲ ਗਏ ਹਨ, ਸਗੋਂ ਸਿਧਾਂਤ ਵੀ ਉਹਨਾਂ ਲਈ ਅਵਿਵਹਾਰਕ ਹੋ ਗਏ ਹਨ। ਉਹਨਾਂ ਦੀ ਮਾਨਸਿਕ ਅਵਸਥਾ ਤਾਂ ਇੱਥੇ ਤੱਕ ਪੁੱਜ ਗਈ ਹੈ ਕਿ ਉਹ ਲੋਕਾਂ ਨੂੰ ਭੁੱਲ ਗਏ ਹਨ।

ਸੈਕੂਲਰ ਸ਼ਬਦ ਦਾ ਗੁੰਮ ਹੋ ਜਾਣਾ ,ਰਾਸ਼ਟਰਵਾਦ ਦਾ ਬੋਲਬਾਲਾ ਅੱਜ ਦੇ ਸੱਤਾਧਾਰੀ ਨੇਤਾਵਾਂ ਦਾ ਆਦਰਸ਼ ਹੈ। ਅਮਰੀਕਾ ਦਾ ਟਰੰਪ,ਭਾਰਤ ਦਾ ਮੋਦੀ, ਰੂਸ ਦਾ ਪੁਤਿਨ ਅਤੇ ਕਈ ਦੇਸ਼ਾਂ ਦੇ ਹੋਰ ਵੱਡੇ ਨੇਤਾ ਧਰਮ ਨਿਰਪੱਖਤਾ, ਲੋਕਤੰਤਰ ਨੂੰ ਹੀ ਨਹੀਂ ਭੁੱਲ ਰਹੇ, ਸਹੀ ਗਲਤ ਦੀ ਪਰਿਭਾਸ਼ਾ ਨੂੰ ਵੀ ਨੁੱਕਰੇ ਲਾ ਬੈਠੇ ਹਨ। ਇਹ ਸਭ ਤਾਕਤ ਦਾ ਨਸ਼ਾ ਹੈ। ਇਹ ਸੱਤਾ ਦੀ ਮਗ਼ਰੂਰੀ ਹੈ।

ਲੋਕਾਂ ਨੂੰ ਕੀੜੇ-ਮਕੌੜੇ ਸਮਝਣਾ ਅਤੇ ਇੱਕ ਵੋਟਰ ਸਮਝ ਕੇ ਉਹਨਾਂ ਨਾਲ ਵਿਵਹਾਰ ਕਰਨਾ, ਅੱਜ ਦੇ ਸਮੇਂ ਦਾ ਵੱਡਾ ਦੁਖਾਂਤ ਹੈ। ਦੇਸ਼ ਦੇ ਨੇਤਾਵਾਂ ਦਾ ਇਹ ਵਿਵਹਾਰ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ। ਇਹ ਲੋਕਾਂ ਪ੍ਰਤੀ ਸੰਵੇਦਨਹੀਣਤਾ ਹੈ। ਲੋਕ ਬਹੁਤਾ ਚਿਰ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰਨਗੇ।

ਫ਼ਿਰਕੂ ਟੀਕੇ, ਮੁਫ਼ਤ ਦਾ ਰਾਸ਼ਨ, ਲੋਕਾਂ ਦੀਆਂ ਰਗਾਂ 'ਚ ਜ਼ਹਿਰ ਤੇ ਸੁਸਤੀ ਤਾਂ ਭਰ ਰਿਹਾ ਹੈ। ਪਰ ਸੁਚੇਤ ਸੋਚ ਉਸਨੂੰ ਥਾਂ ਸਿਰ ਕਰਨ ਲਈ ਅੱਗੇ ਵਧ ਰਹੀ ਹੈ, ਜਿਹੜੀ ਸੱਤਾ ਦੇ ਭੁੱਖੇ, ਲੂੰਬੜ-ਚਾਲਾਂ ਚੱਲਣ ਵਾਲੇ ਨੇਤਾਵਾਂ ਦਾ ਅਸਲ ਚਿਹਰਾ ਦੁਨੀਆਂ ਸਾਹਮਣੇ ਲਿਆਏਗੀ।


ਸੱਤਾ ਦਾ ਸੁੱਖ ਮਾਣ ਰਹੇ ਤਾਕਤਵਰ ਨੇਤਾਵਾਂ ਨੂੰ ਆਖਰ ਲੋਕ ਕਚਹਿਰੀ 'ਚ ਆਪਣੇ ਗ਼ਲਤ ਕੰਮਾਂ ਲਈ ਜਵਾਬਦੇਹ ਹੋਣਾ ਪਵੇਗਾ।

# ਆਦਰਸ਼ਵਾਦੀ ਅਤੇ ਨੈਤਿਕ ਜੀਵਨ ਜੀਣ ਲਈ ਪ੍ਰੇਰਦੀ ਹੈ- ਮਿਨੀ ਕਹਾਣੀ ਸੰਗ੍ਰਹਿ ਕੁਰਬਾਨੀ ਦਾ ਮੁੱਲ

**ਲੇਖਕ : ਡਾ. ਗੁਰਬਚਨ ਸਿੰਘ ਰਾਹੀ**
**ਪੁਸਤਕ:ਕੁਰਬਾਨੀ ਦਾ ਮੁੱਲ (ਲਘੂ ਕਥਾ ਸੰਗ੍ਰਹਿ)**
**ਪੰਨੇ : 74, ਮੁੱਲ : 120/-ਰੁਪਏ**
**ਪ੍ਰਕਾਸ਼ਕ: ਵੋਹਰਾ ਪਬਲੀਕੇਸ਼ਨ, ਪਟਿਆਲਾ**

ਸਾਹਿਤ ਦੀ ਵੰਨਗੀ ਮਿੰਨੀ ਕਹਾਣੀ ਦਾ ਸਾਹਿਤਕ ਖੇਤਰ ਵਿੱਚ ਅੱਜ ਵਿਸ਼ੇਸ਼ ਯੋਗਦਾਨ ਹੈ। ਪਾਠਕਾਂ ਵਿੱਚ ਲੰਮੇ ਲੰਮੇ ਨਾਵਲ, ਲੇਖ ਜਾਂ ਕਹਾਣੀਆਂ ਪੜਨ ਦੀ ਰੁਚੀ ਵਿੱਚ ਘਾਟ ਨੇ ਮਿੰਨੀ ਕਹਾਣੀ ਨੂੰ ਉਤਸ਼ਾਹਿਤ ਕੀਤਾ ਹੈ। ਇੰਟਰਨੈੱਟ ਜ਼ਮਾਨੇ ਵਿਚ ਸੋਸ਼ਲ ਮੀਡੀਆ ਦੀ ਚਕਾਚੌਂਧ ਨੇ ਪਾਠਕਾਂ ਨੂੰ ਸਾਹਿਤ ਪੜਨ ਦੀ ਰੌਚਕਤਾ ਤੋਂ ਹਾਸ਼ੀਏ ਤੇ ਧਕੇਲ ਦਿੱਤਾ ਹੈ। ਜ਼ਿਆਦਾਤਰ ਪਾਠਕ ਥੋੜੇ ਜਿਹੇ ਸਮੇਂ ਵਿੱਚ ਜ਼ਿਆਦਾ ਪੜ੍ਹਨ ਨੂੰ ਤਰਜੀਹ ਦੇਣ ਲੱਗੇ ਹਨ। ਸੋ ਮਿੰਨੀ ਕਹਾਣੀ ਨੇ ਇਸ ਦੌਰ ਵਿੱਚ ਆਪਣਾ ਵਿਲੱਖਣ ਅਤੇ ਵਿਸ਼ੇਸ਼ ਰੁਤਬਾ ਹਾਸਲ ਕਰ ਲਿਆ ਹੈ। ਸਾਹਿਤਕਾਰਾਂ ਵਿਚ ਵੀ ਲਘੂ ਕਥਾਵਾਂ ਲਿਖਣ ਦੀ ਪ੍ਰਵਿਰਤੀ ਨੇ ਜ਼ੋਰ ਫੜ ਲਿਆ ਹੈ। ਇਸੇ ਸੰਦਰਭ ਵਿੱਚ ਪੰਜਾਬੀ ਸਾਹਿਤ ਦੇ ਵਗਦੇ ਦਰਿਆ ਡਾ. ਗੁਰਬਚਨ ਸਿੰਘ ਰਾਹੀ ਨੇ "ਕੁਰਬਾਨੀ ਦਾ ਮੁੱਲ" ਲਘੂ ਕਥਾ ਸੰਗ੍ਰਹਿ ਪੰਜਾਬੀ ਪਾਠਕਾਂ ਅਤੇ ਸਾਹਿਤ ਦੀ ਝੋਲੀ ਪਾਇਆ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਅਜੋਕੇ ਮਨੁੱਖ ਨੂੰ ਸਦਾਚਾਰਕ ਅਤੇ ਨੈਤਿਕ ਜੀਵਨਸ਼ੈਲੀ ਵਾਲੇ ਜੀਵਨ ਜਿਉਣ ਲਈ ਪ੍ਰੇਰਦੀਆਂ ਹਨ। ਸਮਾਜਿਕ, ਸੱਭਿਆਚਾਰਕ, ਪਰਿਵਾਰਕ ਰਿਸ਼ਤਿਆਂ ਨੂੰ ਸਾਂਝੀਵਾਲਤਾ ਦੇ ਪ੍ਰਤੀਕ ਬਣਾ ਕੇ ਦੂਜਿਆਂ ਲਈ ਰਾਹ ਦਸੇਰਾ ਬਣਨ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਸਮਾਜਿਕ ਕਦਰਾਂ ਕੀਮਤਾਂ ਦੇ ਘਾਣ, ਮੁਖੌਟਾਧਾਰੀ




ਕਾਰਜਾਂ, ਸਮਾਜਿਕ ਕੁਰੀਤੀਆਂ ਨੂੰ ਹੁਲਾਰਾ ਦੇਣ ਵਾਲੀਆਂ ਸ਼ਕਤੀਆਂ ਵਿਰੁੱਧ ਇਕਜੁੱਟ ਹੋ ਕੇ ਵਿਰੋਧ ਕਰਨ ਲਈ ਜ਼ਿੰਮੇਵਾਰ ਅਤੇ ਜੁਹਰਤਮੰਦ ਇਸ਼ਨਾਨ ਬਣਨ ਨੂੰ ਉਭਾਰਿਆ ਗਿਆ ਹੈ। ਦੇਸ਼ ਭਗਤੀ ਦੀ ਭਾਵਨਾ ਨੂੰ ਹੁਲਾਰਾ ਦੇਣ ਲਈ ਨੌਜਵਾਨਾਂ ਨੂੰ ਸਹੀ ਸੇਧ ਪ੍ਰਦਾਨ ਕਰਨ ਦੇ ਮਕਸਦ ਲਈ ਸ਼ਹੀਦਾਂ ਦੀਆਂ ਸ਼ਹਾਦਤਾਂ ਦੇ ਸੱਚੇ ਕਦਰਦਾਨ ਬਣਨ, ਕਿਰਤੀਆਂ ਦੀ ਕਿਰਤ ਪ੍ਰਤੀ ਇਮਾਨਦਾਰੀ ਦਿਖਾਉਣ, ਲੋੜਵੰਦਾਂ ਦੇ ਮੱਦਦਗਾਰ ਬਣਾਉਣ ਲਈ ਦਿਸ਼ਾ ਨਿਰਦੇਸ਼ ਅਪਣਾਉਣ ਦੀ ਲੋੜ ਵੱਲ ਇਸ਼ਾਰਾ ਕੀਤਾ ਗਿਆ ਹੈ।

ਉਹਨਾਂ ਆਪਣੀਆਂ ਰਚਿਤ ਕਹਾਣੀਆਂ ਵਿਚ ਨਿਰਾਰਥਕ ਨੂੰ ਵਿਸਾਰ ਸਾਰਥਿਕਤਾ ਵੱਲ ਰੁਚਿਤ ਹੋਣ ਵੱਲ ਪ੍ਰੇਰਿਤ ਕੀਤਾ ਹੈ। ਉਹਨਾਂ 'ਨਮਕ ਹਲਾਲ ਚੋਰ' ਕਹਾਣੀ ਵਿਚ ਬੁਰੇ ਕਰਮ ਤੋਂ ਤੌਬਾ ਕਰਨ ਦਾ ਸੁਨੇਹਾ ਦਿੱਤਾ ਹੈ ਅਤੇ ਇਸੇ ਤਰ੍ਹਾਂ ਕਹਾਣੀ 'ਕੁਰਬਾਨੀ ਦਾ ਮੁੱਲ' ਕਹਾਣੀ ਢੌਂਗੀ, ਝੂਠੇ, ਸੁਆਰਥੀ ਦੇਸ਼ ਭਗਤਾਂ ਦੇ ਦਿਖਾਵਿਆਂ ਤੇ ਕਰਾਰੀ ਚੋਟ ਮਾਰਦੀ ਹੈ।

ਇਸੇ ਤਰ੍ਹਾਂ 29 ਖੂਬਸੂਰਤ ਕਹਾਣੀਆਂ ਦਾ ਇਹ ਖੂਬਸੂਰਤ ਗੁਲਦਸਤਾ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪ੍ਰਸੰਸਾਯੋਗ ਉਪਰਾਲਾ ਹੈ।ਰਾਸ਼ਨ ਡਿਪੂ ਵਾਲਾ, ਭਗਤ ਸਿੰਹਾਂ..., ਖਾਨਦਾਨੀ ਘਰ,ਉਹ ਵੀ ਫੇਲ੍ਹ ਤੇ ਮੈਂ ਵੀ ਫੇਲ੍ਹ, ਚੋਰ ਤੇ ਕੁੱਤੀ, ਡਬਲ ਸਟੈਂਡਰਡ ਆਦਿ ਕਹਾਣੀਆਂ ਸਮਾਜਿਕ ਕੁਰੀਤੀਆਂ ਤੇ ਕਰਾਰੀ ਕਟਾਸ ਕਰਦੀਆਂ ਹਨ।

ਸਾਰੀਆਂ ਕਹਾਣੀਆਂ ਵਿਚ ਨੈਤਿਕਤਾ, ਸਮਾਜਵਾਦ, ਸਾਰਥਕਤਾ, ਮਾਨਵਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਮਾਸ਼ਾ ਅੱਲ੍ਹਾ, ਇਹ ਸ਼ਬਦਾਂ ਦਾ ਦਰਿਆ ਨਿਰੰਤਰ ਵਹਿੰਦਾ ਰਹੇ।

**ਰਿਵਿਊ ਇੰਜੀ ਸਤਨਾਮ ਸਿੰਘ ਮੱਟੂ**
**9779708257**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਅਕਾਲ ਤਖਤ ਸਾਹਿਬ ਵਲੋਂ ਅਕਾਲੀ ਦਲ ਦੀ ਭਰਤੀ ਲਈ ਬਣਾਈ ਕਮੇਟੀ ਨੂੰ ਸਿੱਖ ਪੰਥ ਵਲੋਂ ਉਲੱਰਵਾਂ ਹੁੰਗਾਰਾ

ਸਿੱਖ ਪੰਥ ਵਲੋਂ ਜਿਸ ਤਰਾਂ ਦਾ ਭਰਪੂਰ ਹੁੰਗਾਰਾ ਸ੍ਰੀ ਅਕਾਲ ਤਖਤ ਵਲੋਂ ਬਣਾਈ ਭਰਤੀ ਕਮੇਟੀ ਨੂੰ ਅਕਾਲੀ ਦਲ ਦੀ ਭਰਤੀ ਕਰਨ ਸਬੰਧੀ ਸਿਰਫ਼ ਪੰਜਾਬ ਵਿੱਚ ਹੀ ਨਹੀਂ ਬਲਕਿ ਹੋਰ ਪ੍ਰਾਂਤਾਂ ਵਿੱਚ ਮਿਲ ਰਿਹਾ ਹੈ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਸੱਚ ਮੁੱਚ ਅਕਾਲ ਤਖਤ ਮਹਾਨ ਹੈ ਤੇ ਉਹ ਸਿੱਖ ਪੰਥ ਦੀ ਸ਼ਾਨ ਵੀ ਹੈ।ਇਸ ਨੇ ਸ੍ਰ. ਸੁਖਬੀਰ ਸਿੰਘ ਬਾਦਲ ਤੇ ਉਸ ਦੀ ਢਾਣੀ ਦੇ ਮੈਂਬਰਾਂ ਦੀਆਂ ਅੱਖਾਂ ਵੀ ਖੋਲ੍ਹ ਕੇ ਰੱਖ ਦਿੱਤੀਆਂ ਹਨ ਕਿ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਹੋਰ ਸਿੰਘ ਸਾਹਿਬਾਨਾਂ ਨਾਲ ਗੁਰਮੱਤਾ ਕਰਕੇ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸੁਣਾਏ ਫੈਸਲਿਆਂ ਮੁਤਾਬਿਕ ਸ੍ਰ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਹੋਰ ਆਗੂਆਂ ਨੇ ਪਹਿਲਾਂ ਆਪਣੇ ਦਸ ਸਾਲ ਦੇ ਰਾਜ ਭਾਗ ਵਿੱਚ ਕੀਤੀਆਂ ਬਹੁਤ ਸਾਰੀਆਂ ਗਲਤੀਆਂ ਨੂੰ ਪ੍ਰਵਾਨ ਕਰਦਿਆਂ ਸਜਾ ਵੀ ਲਗਵਾਈ ਤੇ ਫਿਰ ਜਿਸ ਬੇਸ਼ਰਮੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਨਜ਼ਰ ਅੰਦਾਜ਼ ਕਰਕੇ ਜਿਸ ਤਰਾਂ ਸਿੰਘ ਸਾਹਿਬਾਨ ਨੇ ਅਕਾਲੀ ਦਲ ਦੀ ਭਰਤੀ ਕਰਨ ਲਈ ਅਦੇਸ਼ ਦਿੱਤੇ ਉਸ ਤੋਂ ਮੁਨਕਰ ਹੋ ਕੇ ਆਪਣੀ ਮਰਜ਼ੀ ਨਾਲ ਇਕ ਮਹੀਨੇ ਵਿੱਚ ਭਰਤੀ ਕਰਨ ਦੀਆ ਵੱਡੀਆਂ ਵੱਡੀਆਂ ਡੀਂਗਾਂ ਮਾਰ ਕੇ ਸਿੱਖ ਕੌਮ ਨੂੰ ਝੂਠਾ ਮੂਠਾ ਇਹ ਸੁਨੇਹਾ ਦਿੱਤਾ ਕਿ ਉਨ੍ਹਾਂ ਨੇ ਇਕ ਮਹੀਨੇ ਦੇ ਅੰਦਰ ਹੀ 32 -33 ਲੱਖ ਮੈਂਬਰਾਂ ਦੀ ਭਰਤੀ ਕਰ ਲਈ ਹੈ ਜਿਹੜੀ ਬਾਅਦ ਵਿੱਚ ਬਦਲ ਬਦਲ ਕੇ ਕਦੇ 20 ਲੱਖ ਹੋਈ ਦੱਸੀ ਜਾਂਦੀ ਸੀ ਤੇ ਇਕ ਵਾਰੀ ਤਾਂ ਇਹ ਭਰਤੀ ਦਸ ਲੱਖ ਦੀ ਹੋਈ ਵੀ ਦਸੀ ਗਈ ਸੀ। ਇਨ੍ਹਾਂ ਬਾਦਲ ਦਲੀਆਂ ਨੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਣਾਈ ਕਮੇਟੀ ਵਲੋਂ ਭਰਤੀ ਮੁਹਿੰਮ ਸ਼ੁਰੂ ਨਾ ਕਰਾਈ ਫਿਰ ਉਸ ਕਮੇਟੀ ਵਿੱਚੋਂ ਆਪਣੇ ਦੋ ਮੈਂਬਰਾਂ ਜਥੇ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਤੇ ਸਾਬਕਾ ਪ੍ਰਧਾਨ ਜਥੇ ਕਿਰਪਾਲ ਸਿੰਘ ਬਡੂੰਗਰ ਦਾ ਅਸਤੀਫ਼ਾ ਦੁਆਇਆ। ਉਪਰੰਤ ਸਿੰਘ ਸਾਹਿਬਾਨ ਦੇ ਫੈਸਲੇ ਤੋਂ ਮੁਨਕਰ ਹੋ ਕੇ ਆਪ ਹੁੱਦਰੇ ਢੰਗ ਨਾਲ ਛੇ ਮਹੀਨੇ ਦੀ ਥਾਂ ਤੇ ਇਕ ਮਹੀਨੇ ਵਿੱਚ ਆਪਣੀ ਹੀ ਕਮੇਟੀ ਬਣਾ ਕੇ ਉਸ ਵਲੋਂ ਇਕੱਲੇ ਤੌਰ ਤੇ ਲੱਖਾਂ ਦੀ ਗਿਣਤੀ ਵਿੱਚ ਭਰਤੀ ਕੀਤੀ ਦਸ ਕੇ ਸਿੱਖ ਪੰਥ ਵਿੱਚ ਭਾਰੀ ਦੁਬਿਧਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੇ ਇਹ ਕਹਿ ਲਿਆ ਜਾਵੇ ਕਿ ਇਸ ਪਾਰਟੀ ਦੇ ਆਗੂ. ਜਿਹੜੇ ਆਪ ਹੀ ਕਿਸੇ ਵੇਲੇ ਸਿੱਖਾਂ ਨੂੰ ਸ੍ਰੀ ਅਕਾਲ ਤਖਤ ਮਹਾਨ ਹੈ ਸਿੱਖ ਪੰਥ ਦੀ ਸ਼ਾਨ ਹੈ" ਕਹਿੰਦੇ ਨਹੀਂ ਸੀ ਥੱਕਦੇ ਇਸੇ ਪਾਰਟੀ ਦੇ ਆਗੂ.ਆਂ ਨੇ ਉਸ ਅਕਾਲ ਤਖਤ ਦੀ ਮਹਾਨਤਾ ਨੂੰ ਢਾਹ ਲਗਾਉਣ ਦੀ ਕੋਈ ਕਸਰ. ਨਹੀਂ ਛੱਡੀ। ਉਨ੍ਹਾਂ ਦੀ ਇਸ ਹੋਛੀ ਕਰਤੂਤ ਦਾ ਭਾਂਡਾ ਸਿੱਖ ਪੰਥ ਨੇ ਉਦੋਂ ਚੁਰਾਹੇ ਭੰਨਿਆ ਜਦੋਂ ਸ੍ਰੀ ਅਕਾਲ ਤਖਤ ਵਲੋਂ ਬਣਾਈ ਕਮੇਟੀ ਨੂੰ ਸਿੱਖ ਪੰਥ ਨੇ ਭਰਤੀ ਲਈ ਏਡੀ ਭਾਰੀ ਗਿਣਤੀ ਵਿੱਚ ਹੁੰਗਾਰਾ ਦਿੱਤਾ ਕਿ ਮੈਂਬਰਸ਼ਿਪ ਲੈਣ ਵਾਲਿਆਂ ਦਾ ਤਾਂ ਇਕ ਤਰਾਂ ਦਾ ਹੜ੍ਹ ਹੀ ਆ ਗਿਆ ਇਸ ਦੀਆਂ ਵੱਖ ਵੱਖ ਜ਼ਿਲਿਆਂ ਤੋਂ ਮਿਲੀਆਂ ਰੀਪੋਰਟਾਂ ਜਿਥੇ ਹੁਣ ਤਕ ਭਰਤੀ ਕੀਤੀ ਗਈ ਹੈ ਉਥੋਂ ਮਿਲੇ ਭਰਪੂਰ ਹੁੰਗਾਰੇ ਨੇ ਦੱਸ ਦਿੱਤਾ ਹੈ ਕਿ ਸਿੱਖ ਪੰਥ ਇਸ ਬਾਦਲ ਜੁੰਡਲੀ ਨਾਲ ਨਹੀਂ ਬਲਕਿ ਸ੍ਰੀ ਅਕਾਲ ਤਖਤ ਨਾਲ ਚਟਾਨ ਵਾਂਗ ਖੜ੍ਹਾ ਹੈ। ਜਿਹੜਾ ਕਿ ਹਕੀਕਤ ਵਿੱਚ ਸਿੱਖ ਪੰਥ ਲਈ ਮਹਾਨ ਵੀ ਹੈ ਤੇ ਉਸ ਦੀ ਸ਼ਾਨ ਵੀ। ਇਨ੍ਹਾਂ ਬਾਦਲ ਦਲੀਆਂ ਨੂੰ ਦੋ ਦਸੰਬਰ ਨੂੰ ਸੁਣਾਏ ਫੈਸਲੇ ਦੀ ਅਹਿਮੀਅਤ ਜਿਸ ਵਿੱਚ ਸਿੰਘ ਸਾਹਿਬਾਨ ਨੇ ਸਪਸ਼ਟ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਸਿੱਖ ਪੰਥ ਵਿੱਚੋਂ ਆਪਣਾ ਵਕਾਰ ਅਧਿਕਾਰਤ ਤੌਰ ਤੇ ਖਤਮ ਕਰ ਚੁੱਕੀ ਹੈ ਉਹ ਆਪਣੀਆਂ ਪਦਵੀਆਂ ਤੋਂ ਤਿੰਨ ਦਿਨਾਂ ਵਿੱਚ ਅਸਤੀਫ਼ੇ ਦੇ ਕੇ ਸ੍ਰੀ ਅਕਾਲ ਤਖਤ ਨੂੰ ਜਾਣੂ ਕਰਾਏ। ਪਹਿਲਾਂ ਤਾਂ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਾਫ਼ੀ ਚਿਰ ਪ੍ਰਧਾਨਗੀ ਤੋਂ ਅਸਤੀਫ਼ਾ ਹੀ ਨਹੀਂ ਦਿੱਤਾ ਜਦੋਂ ਹਾਲਤਾਂ ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਤਾਂ ਉਨ੍ਹਾਂ ਨੇ ਬੜੇ ਡਰਾਮਾਈ ਢੰਗ ਨਾਲ ਅਸਤੀਫ਼ਾ ਦਿੱਤਾ। ਪਰ ਨਾਲ ਹੀ ਇਕ ਹੋਰ ਬੜੀ ਹੁਸ਼ਿਆਰੀ ਤੇ ਚਲਾਕੀ ਵਰਤਦਿਆਂ ਆਪਣੀਆਂ ਉਂਗਲਾਂ ਤੇ ਨੱਚਣ ਵਾਲੇ ਇਕ ਆਗੂ. ਨੂੰ ਸ਼੍ਰੋਮਣੀ ਅਕਾਲੀ ਦਲ ਦਾ ਵਰਕਿੰਗ ਪ੍ਰਧਾਨ ਬਣਾ ਲਿਆ ਤਾਂ ਕਿ ਪਹਿਲਾਂ ਦੀ ਤਰਾਂ ਮਨਮਰਜ਼ੀ ਦੇ ਫੈਸਲੇ ਕਰਾਏ ਜਾ ਸਕਣ। ਉਸ ਨੇ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਇਕ ਕਮੇਟੀ ਰਾਹੀਂ ਸਿੰਘ ਸਾਹਿਬਾਨਾਂ ਨੂੰ ਹਟਾਇਆ ਗਿਆ ਕਹਿਣ ਦਾ ਭਾਵ ਕਿ ਪੂਰਾ ਟਿੱਲ ਲਗਾਇਆ ਗਿਆ ਕਿ ਕਿਸੇ ਨਾ ਕਿਸੇ ਤਰਾਂ ਆਪਣੀ ਹੋਂਦ ਦਰਸਾਈ ਜਾ ਸਕੇ ਪਰ ਸਿੱਖ ਪੰਥ ਨੇ ਇਨ੍ਹਾਂ ਬਾਦਲ ਦਲੀਆਂ ਦੀ ਢਾਣੀ ਨੂੰ ਦੱਸ ਦਿੱਤਾ ਹੈ ਕਿ ਉਹ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਨੂੰ ਕਦੇ ਵੀ ਸਵੀਕਾਰ ਕਰਨ ਵਾਲੇ ਨਹੀਂ। ਇਸ ਵੇਲੇ ਪੰਜ ਮੈਂਬਰੀ ਕਮੇਟੀ ਦੀ ਭਾਰੀ ਜ਼ਿੰਮੇਵਾਰੀ ਬਣ ਗਈ ਹੈ ਕਿ ਉਹ ਪੂਰੀ ਨਿਰਪੱਖਤਾ ਨਾਲ ਸਾਰੇ ਅਕਾਲੀ ਦਲਾਂ ਨਾਲ ਸੰਪਰਕ ਕਰਕੇ ਸਾਰਿਆਂ ਦੀ ਇਕੱਠੀ ਮੈਂਬਰਸ਼ਿਪ ਕਰਨ ਤਾਂ ਕਿ ਅਸਲੀਅਤ ਵਿੱਚ 'ਅਕਾਲੀ ਦਲ' ਦੀ ਸਥਾਪਨਾ ਹੋ ਸਕੇ।ਦੇਸ਼ ਦੇ ਮੌਜੂਦਾ ਹੁਕਮਰਾਨਾਂ ਦਾ ਪੂਰਾ ਜੋਰ ਲਗਾ ਹੋਇਆ ਕਿ ਕਿਸੇ ਵੀ ਤਰਾਂ ਅਕਾਲੀ ਦਲ ਨੂੰ ਮਜ਼ਬੂਤ ਤੌਰ ਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ।

ਉਨ੍ਹਾਂ ਨੇ ਬੜੀਆਂ ਹੋਰ ਵੀ ਰੁਕਾਵਟਾਂ ਖੜੀਆਂ ਕਰਨੀਆਂ ਹਨ ਜਿਸ ਤੋਂ ਚੌਕਸੀ ਰੱਖਣ ਦੀ ਜਰੂਰਤ ਹੈ। ਇਸ ਵੇਲੇ ਪੰਜਾਬ ਵਿੱਚ ਖੇਤਰੀ ਪਾਰਟੀ ਨਾ ਹੋਣ ਕਰਕੇ ਉਹ ਬੜੇ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ। ਪੰਜਾਬ ਤੇ ਸਿੱਖਾਂ ਦੇ ਜਾਇਜ਼ ਮਸਲੇ ਜਦੋਂ ਅਕਾਲੀ ਦਲ ਜਿਹੜੀ ਕਿ ਖੇਤਰੀ ਪਾਰਟੀ ਹੁੰਦੀ ਸੀ ਵਲੋਂ ਉਠਾਏ ਜਾਂਦੇ ਸਨ। ਉਨ੍ਹਾਂ ਨੂੰ ਉਠਾਉਣ ਵਾਲੇ ਬਾਦਲ ਦਲ ਦੇ ਸਾਰੇ ਆਗੂ. ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਆਪਣੇ ਘਰ ਭਰਨ ਵਾਲਿਆਂ ਤਕ ਹੀ ਸੀਮਤ ਹੋ ਗਏ ਸਨ ਇਹ ਆਗੂ. ਇੰਨੇ ਚਲਾਕ ਤੇ ਹੁਸ਼ਿਆਰ ਸਨ ਕਿ ਉਹ ਜਦੋਂ ਗੱਦੀ ਤੇ ਬਿਰਾਜਮਾਨ ਹੁੰਦੇ ਸਨ ਉਹਨਾਂ ਨੂੰ ਪੰਜਾਬ ਦਾ ਕੋਈ ਮਸਲਾ ਚੇਤੇ ਨਹੀਂ ਸੀ ਆਉਂਦਾ।

ਐਨ ਜਦੋਂ ਰਾਜ ਭਾਗ ਦੀ ਗੱਦੀ ਖੁੱਸ ਜਾਂਦੀ ਸੀ ਤਾਂ ਫਿਰ ਪੰਜਾਬ ਦੇ ਲੋਕਾਂ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਨੂੰ ਮੂਰਖ ਸਮਝ ਕੇ ਪੰਜਾਬ ਦੇ ਮਸਲੇ ਚੇਤੇ ਕਰ ਲਏ ਜਾਂਦੇ ਸਨ । ਇਹ ਸਿਲ ਸਿਲਾ ਕਾਫ਼ੀ ਦੇਰ ਤਕ ਚਲਦਾ ਰਿਹਾ ।ਪੰਜਾਬੀ ਦੀ ਅਖਾਉਤ ਹੈ ਕਿ 'ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜਦੀ'।ਜਿਸ ਦਾ ਨਤੀਜਾ ਅੱਜ ਅਕਾਲੀ ਦਲ ਨੂੰ ਸਿੱਖ ਪੰਥ ਨੇ ਇਸ ਮੁਹਾਣੇ ਤੇ ਲਿਆ ਖੜ੍ਹਾ ਕੀਤਾ ਹੈ ਕਿ ਉਨ੍ਹਾਂ ਦੀ ਲੀਡਰਸ਼ਿਪ ਨੂੰ ਉੱਕਾ ਹੀ ਪ੍ਰਵਾਨ ਨਹੀਂ ਕਰ ਰਿਹਾ। ਜਿਸ ਤਰਾਂ ਦਾ ਭਰਪੂਰ ਹੁੰਗਾਰਾ ਇਸ ਕਮੇਟੀ ਨੂੰ ਸਮੁੱਚੇ ਸਿੱਖ ਪੰਥ ਵਲੋਂ ਮਿਲ ਰਿਹਾ ਹੈ ਇਹ ਦਿੱਤੇ ਸਮੇਂ ਵਿੱਚ ਅਕਾਲੀ ਦਲ ਦੀ ਬੜੀ ਭਾਰੀ ਗਿਣਤੀ ਵਿੱਚ ਮੈਂਬਰਸ਼ਿਪ ਭਰਤੀ ਕਰਨ ਦੇ ਯੋਗ ਹੋ ਜਾਣਗੇ। ਕਿੰਨਾ ਹੀ ਚੰਗਾ ਹੋਵੇ ਕਿ ਇਹ ਕਮੇਟੀ ਇਸੇ ਢੰਗ ਨਾਲ ਇਹ ਭਾਰਤ ਦੇ ਨਾਲ ਵਿਦੇਸ਼ਾਂ ਵਿੱਚ ਵੀ ਅਕਾਲੀ ਦਲ ਦੀ ਭਰਤੀ ਕਰਕੇ ਅਕਾਲੀ ਦਲ ਦਾ ਨਿਰਮਾਣ ਵਿਸ਼ਵ ਭਰ ਵਿੱਚ ਕਰਨ। ਜਿਸ ਵਿੱਚ ਪੰਜਾਬ, ਭਾਰਤ ਦੇ ਹੋਰ ਸੂਬਿਆਂ ਅਤੇ ਵਿਦੇਸ਼ਾਂ ਦੇ ਅਕਾਲੀ ਦਲ ਦੇ ਮੈਂਬਰ ਵੀ ਸ਼ਾਮਲ ਹੋਣ। ਉਹ ਫਿਰ ਇਕੱਠੇ ਬਹਿ ਕੇ ਵਿਸ਼ਵ ਭਰ ਦਾ ਅਕਾਲੀ ਦਲ ਸਥਾਪਤ ਕਰਨ। ਜਿਸ ਵਿੱਚ ਪੰਜਾਬ ਦੀ ਇਕਾਈ, ਭਾਰਤ ਦੇ ਪ੍ਰਾਂਤਾਂ ਦੀ ਇਕਾਈ ਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੀ ਵੱਖਰੀ ਵੱਖਰੀ ਲੀਡਰਸ਼ਿਪ ਹੋਵੇ ਜੋ ਦੂਜੇ ਅਕਾਲੀ ਦਲਾਂ ਦੇ ਕੰਮਾਂ ਵਿੱਚ ਬੇਲੋੜੀ ਦਖਲ ਅੰਦਾਜ਼ੀ ਨਾ ਕਰਨ ਤੇ ਆਪਣੇ ਆਪਣੇ ਇਲਾਕਿਆ ਦੇ ਮਸਲੇ ਆਪ ਹੱਲ ਕਰਨ ਦੇ ਸਮਰੱਥ ਹੋਣ। ਹਾਂ ਜਦੋਂ ਕੋਈ ਸਿੱਖ ਪੰਥ ਦਾ ਸਾਂਝਾ ਮਸਲਾ ਹੋਵੇ ਤਾਂ ਸਾਰੇ ਅਕਾਲੀ ਦਲ ਇਕੱਠੇ ਹੋ ਕੇ ਸਾਂਝੀ ਰਣਨੀਤੀ ਬਣਾ ਕੇ ਸੰਘਰਸ਼ ਕਰਨ। ਅਕਾਲੀ ਦਲ ਦਾ ਪਿਛਲਾ ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਸਮੇਂ ਸਮੇਂ ਜਿਹੜੇ ਵੀ ਮਸਲੇ ਉਠਾਏ ਹਨ ਉਨ੍ਹਾਂ ਦਾ ਹੱਲ ਵੀ ਹੁੰਦਾ ਰਿਹਾ ਹੈ। ਅਕਾਲੀ ਦਲ ਦੀ ਲੀਡਰਸ਼ਿਪ ਦੇ ਨਾਲ ਨਾਲ ਉਸ ਨੂੰ ਆਪਣੇ ਵਿਦਿਆਰਥੀ ਵਿੰਗ, ਨੌਜਵਾਨ ਵਿੰਗ ਤੇ ਇਸਤਰੀ ਵਿੰਗ ਵੀ ਸਥਾਪਤ ਕਰਨੇ ਪੈਣੇ ਹਨ ਕਿਉਂਕਿ ਇਹ ਸਾਰੇ ਦੇ ਸਾਰੇ ਅਕਾਲੀ ਦਲ ਦਾ ਹਰਿਆਵਲ ਦਸਤਾ ਹਨ। ਇਸ ਕਰਕੇ ਇਨ੍ਹਾਂ ਦਾ ਨਿਰਮਾਣ ਕਰਨਾ ਵੀ ਬੇਹੱਦ ਜਰੂਰੀ ਹੈ।

ਇਸ ਲਈ ਇਹ ਸਾਰੇ ਕੰਮ ਸਹਿਜੇ ਸਹਿਜੇ ਨਾਲ ਨਾਲ ਕਰਨੇ ਪੈਣੇ ਹਨ ਤਾਂ ਕਿਧਰੇ ਜਾ ਕੇ ਪੰਜਾਬ ਦਾ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਬਣਨ ਦੇ ਸਮਰੱਥ ਹੋ ਸਕੇਗਾ। ਆਸ ਹੈ ਮੌਜੂਦਾ ਪੰਜ ਮੈਂਬਰੀ ਕਮੇਟੀ ਇਸ ਪੱਖੋਂ ਵੀ ਪੂਰੀ ਤਰਾਂ ਗੰਭੀਰ ਹੋਵੇਗੀ।



ਜੰਗ ਸਿੰਘ ਮਰਸੱਡ
+1 415 603 7380

## ਮੇਲਾ

ਕਿੱਧਰੇ ਵੱਜਿਆ ਢੋਲ ਅਵਾਜ਼ ਆਈ,
ਸੁਰਤ ਭੱਜ ਚੱਲੀ ਪਿੰਡ ਨੂੰ ਭਾਈ,
ਰੁੱਤ ਭਾਦੋਂ ਉੱਤੋਂ ਚੌਦੇਂ ਚੜ੍ਹ ਆਈ,
ਝੋਲੇ ਭਰ-ਭਰ ਖੇਡਾਂ ਲਿਆਵਾਂਗੇ,
ਮਾਏਂ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ ।

ਨੌਂ ਵਾਲੀ ਬੱਸ ਤੇ ਸਭ ਆਉਣਗੇ ਜੀ,
ਅੱਜ ਵਿਹੜੇ ਰੌਣਕ ਲਾਉਣਗੇ ਜੀ,
ਸੁੱਖ ਦਾ ਦਿਨ ਇਕੱਠੇ ਬਿਤਾਵਾਂਗੇ,
ਭਰ ਪਤੀਲਾ ਕੜ੍ਹੀ-ਚੌਲ ਬਣਾਵਾਂਗੇ,
ਮਾਏਂ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ ।

ਲੈ ਦੇਈਂ ਤਾਸ਼ ਖੇਡਣ ਲਈ ਸੀਪ,
ਨਾਲੇ ਫੌਜੀਆਂ ਵਾਲੀ ਜੀਪ,
ਇੱਕ ਬੱਸ ਵੱਡੀ ਹੋਵੇ ਖੁੱਲਦੀ ਬਾਰੀ,
ਮੂਹਰੇ ਸ਼ੀਸ਼ਾ ਲੱਗੀ ਅਲਮਾਰੀ,
ਹਾੜ੍ਹਾ ਇੱਕ ਮੱਝ ਨਾਲੇ ਹੋਵੇ ਕੱਟੀ,
ਸਮੋਸੇ ਨਾਲ ਖਾਵਾਂਗੇ ਚਟਨੀ ਖੱਟੀ,
ਪਕੌੜੇ-ਬਰਫ਼ੀ ਘਰ ਲਈ ਵੀ ਲੈ ਆਵਾਂਗੇ,
ਮਾਏਂ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ ।

ਸਕੂਲੋਂ ਛੁੱਟੀ ਬਾਅਦ ਬਾਪੂ ਜਾਊ,
ਚੇਤੇ ਹੁਣ ਬੈਠ ਸਕੀਮ ਲੜਾਊ,
ਟਰੈਕਟਰ-ਟਰਾਲੀ ਬਾਪੂ ਨਾਲ ਲੈ ਆਊ,
ਭਾਵੇਂ ਕਿੰਨੀਆਂ ਚੀਜਾਂ ਬੇਬੇ ਨਾਲ ਲੈ ਆਇਆ,
ਚੰਦਰੇ ਨੂੰ ਸਬਰ ਹਾਲੇ ਨਾ ਆਇਆ,
ਬਚੀ ਕਸਰ ਅੱਥਣੇ ਕੱਢ ਆਵਾਂਗੇ,
ਮਾਏਂ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ ।

**– ਚੇਤਨ ਬਿਰਧਨੋ,**
**96171-19111**



# ਮੇਰਾ ਜਲੂਸ ਨਿਕਲਣੋ ਬਚਾਇਆ ਇਕ ਬੀਬੀ ਨੇ !

ਬੀਤੇ 24 ਮਾਰਚ ਦੀ ਹੀ ਗੱਲ ਹੈ। ਮੈਂ ਸਵੇਰੇ ਗਿਆਰਾਂ ਕੁ ਵਜੇ ਘਰੋਂ ਤਿਆਰ ਹੋ ਕੇ ਮੈਂ ਆਪਣੇ ਗਵਾਂਢ ਪਿੰਡ ਸਜਾਵਲ ਪੁਰ (ਜ਼ਿਲ੍ਹਾ ਨਵਾਂ ਸ਼ਹਿਰ) ਜਾ ਪਹੁੰਚਾ,ਜਿੱਥੇ ਇੰਗਲੈਂਡ ਤੋਂ ਆਪਣੇ ਪਿੰਡ ਆਏ ਹੋਏ ਮੇਰੇ ਦੋਸਤ ਸਰਦਾਰ ਓਂਕਾਰ ਸਿੰਘ ਵਲੋਂ ਰਖਾਏ ਅਖੰਡ ਪਾਠ ਦੇ ਭੋਗ ਉਪਰੰਤ ਢਾਡੀ ਸਿੰਘ ਵਾਰਾਂ ਗਾ ਰਹੇ ਸਨ।ਗੁਰਦੁਆਰਾ ਸਾਹਿਬ ਦੀ ਛੱਤ ਉੱਪਰ ਸਮਾਗਮ ਚੱਲ ਰਿਹਾ ਸੀ ਹੇਠਾਂ ਚਾਹ-ਪਾਣੀ ਦਾ ਇੰਤਜਾਮ।

ਗੇਟ ਵੜਦਿਆਂ ਹੀ ਇਕ ਸੱਜਣ ਨੇ ਮੈਨੂੰ ਪਹਿਲਾਂ ਚਾਹ ਛਕਣ ਲਈ ਕਿਹਾ। ਜਦ ਮੈਂ ਟੇਬਲ ਤੋਂ ਪਲੇਟ ਚੁੱਕਣ ਲੱਗਾ ਤਾਂ ਇਕ ਬੀਬੀ ਮੇਰੇ ਵੱਲ ਦੇਖ ਕੇ ਮਿੰਨ੍ਹਾਂ ਜਿਹਾ ਹੱਸੀ ਤੇ ਪਰੇ ਨੂੰ ਚਲੇ ਗਈ! ਮੈਂ ਸੋਚਾਂ ਕਿ ਜਿਸ ਦੋਸਤ ਦਾ ਇਹ ਸਮਾਗਮ ਹੈ, ਇਹ ਬੀਬੀ ਉਹਦੀ ਘਰ ਵਾਲ਼ੀ ਤਾਂ ਹੈ ਨਹੀਂ, ਕਿਉਂ ਕਿ ਅਸੀਂ ਇਕ ਦੂਜੇ ਦੇ ਪ੍ਰਵਾਰਾਂ ਤੋਂ ਵਾਕਫ ਹਾਂ। ਫਿਰ ਇਹ ਬੀਬਾ ਜੀ ਕੌਣ ਹੋਣਗੇ ਤੇ ਮੇਰੇ ਵੱਲ੍ਹ ਨਜ਼ਰ ਜਿਹੀ ਮਾਰ ਕੇ ਹੱਸੇ ਕਿਉਂ ਹੋਣਗੇ?

ਇਵੇਂ ਹੀ ਇਕ ਵਾਰ ਫਿਰ ਉਸਨੇ ਮੇਰੇ ਵੱਲ੍ਹ ਆਉਣ ਦੀ ਕੋਸ਼ਿਸ਼ ਕੀਤੀ ਪਰ ਫਿਰ ਸ਼ੱਕੀ ਜਿਹੀਆਂ ਨਜ਼ਰਾਂ ਮਾਰ ਕੇ ਪਿੱਛੇ ਨੂੰ ਪਰਤ ਗਈ......!

ਉਲਝਣ ਜਿਹੀ 'ਚ ਪਿਆ ਹੋਇਆ ਪਲੇਟ 'ਚ ਪਕੌੜੇ ਰੱਖ ਕੇ ਜਦ ਮੈਂ ਚਾਹ ਦਾ ਕੱਪ ਭਰ ਰਿਹਾ ਸਾਂ ਤਾਂ ਉਸੇ ਬੀਬੀ ਨੇ ਪਿੱਛਿਉਂ ਆ ਕੇ ਮੇਰੀ ਕੂਹਣੀ 'ਤੇ ਪੋਲਾ ਜਿਹਾ ਹੱਥ ਮਾਰਿਆ !

'ਸਤਿ ਸ੍ਰੀ ਅਕਾਲ ਭੈਣ ਜੀ'! ਮੇਰੀ ਬੁਲਾਈ ਫਤਹਿ ਨੂੰ ਅਣਗੌਲ਼ਿਆ ਜਿਹਾ ਕਰਕੇ ਉਹ ਬੀਬੀ ਕਹਿੰਦੀ-

'ਭਾਅ ਜੀ ਮਾਈਂਡ ਨਾ ਕਰਿਉ...।। ਆਪਣੀ ਕਮੀਜ਼ ਦੇ ਬਟਨ ਠੀਕ ਕਰੋ !'

ਸ਼ਰਮਿੰਦਾ ਹੁੰਦਿਆਂ ਮੈਂ ਫਟਾ ਫਟ ਇਕ ਖੂੰਜੇ ਜਿਹੇ 'ਚ ਜਾ ਕੇ ਆਪਣੀ ਪੈਂਟ ਦੀ ਜ਼ਿੱਪ ਦੇਖੀ! ਇਹ ਸੋਚਦਿਆਂ ਕਿ ਉਸ ਬੀਬੀ ਨੇ 'ਲੇਡੀ' ਹੋਣ ਨਾਤੇ ਮੈਨੂੰ ਜ਼ਿੱਪ ਦੀ ਜਗਾਹ 'ਸੱਭਿਅਕ ਇਸ਼ਾਰੇ' ਨਾਲ 'ਬਟਨ ਠੀਕ' ਕਰਨ ਲਈ ਕਿਹਾ ਹੋਣਾ ਐਂ !

ਪਰ ਜ਼ਿੱਪ ਠੀਕ ਠਾਕ ਦੇਖ ਕੇ ਜਦ ਮੈਂ ਆਪਣੀ ਕਮੀਜ਼ ਦੇ ਬਟਨਾਂ ਵੱਲ ਧਿਆਨ ਮਾਰਿਆ ਤਾਂ ਮੈਂ ਕਾਲਰ ਹੇਠਲਾ ਪਹਿਲਾ ਇਕ 'ਕਾਜ਼' ਛੱਡ ਕੇ ਬਟਨ ਉਸਤੋਂ ਹੇਠਲੇ ਦੂਜੇ ਕਾਜ਼ ਨੂੰ ਲਾਇਆ ਹੋਇਆ ਸੀ!

ਇੰਜ ਕਮੀਜ਼ ਦਾ ਬਟਨਾਂ ਵਾਲਾ ਇੱਕ ਪੱਲਾ, ਦੂਜੇ ਪੱਲੇ ਨਾਲੋਂ ਚੱਪਾ ਭਰ ਹੇਠਾਂ ਨੂੰ ਜੁਦਾ ਹੀ ਲਮਕ ਰਿਹਾ ਸੀ !!

ਉਸ ਵੇਲੇ ਮੈਂ ਏਨਾ ਭੌਂਚਲ਼ਿਆ ਕਿ ਉਸ ਅਣਪਛਾਤੀ ਬੀਬੀ ਦਾ ਧੰਨਵਾਦ ਕਰੇ ਬਗੈਰ,ਲਾਗਲੇ ਕਮਰੇ 'ਚ ਵੜਕੇ ਕਮੀਜ ਦੇ ਸਾਰੇ ਬਟਨ ਖੋਲ੍ਹ ਕੇ ਲਾਏ!ਫੇਰ ਉੱਤੇ ਸਮਾਗਮ ਵਿਚ ਗਿਆ! ਸਟੇਜ 'ਤੇ ਬੋਲਦਿਆਂ ਵੀ ਮੈਂ ਇਹ ਚੇਤੇ ਕਰਕੇ 'ਥੋੜ੍ਹਾ ਉਖੜਿਆ' ਜਿਹਾ ਰਿਹਾ ਕਿ ਸੰਗਤ ਵਿਚ ਬੈਠੀ ਉਹ ਬੀਬੀ ਮਨ ਵਿਚ ਜਰੂਰ ਹੱਸਦੀ ਹੋਵੇ ਗੀ!

ਸਮਾਪਤੀ ਉਪਰੰਤ ਘਰੇ ਵਾਪਸ ਮੁੜਦਿਆਂ ਮੈਨੂੰ ਅਮਰੀਕਾ ਬੈਠੀ ਆਪਣੀ ਘਰ ਵਾਲ਼ੀ ਦੀ ਬੜੀ ਯਾਦ ਆਈ,ਜੋ ਘਰੋਂ ਤੁਰਨ ਵੇਲੇ ਅਕਸਰ ਮੇਰੀ ਪੱਗ ਦੇ ਕੋਈ ਢਿੱਲੇ ਲੜ ਜਾਂ ਮੇਰੇ ਪਹਿਰਾਵੇ ਵਿਚ ਕੋਈ ਹੋਰ ਦਿਸਦੀ ਊਣਤਾਈ ਝੱਟ ਦਰੁਸਤ ਕਰਵਾਉਂਦੀ ਹੁੰਦੀ ਹੈ!!



**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**

# ਭਾਸ਼ਾ ਵਿਭਾਗ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ ਮੈਗਜ਼ੀਨ 'ਜਨ ਸਾਹਿਤ' ਦੇ ਵਿਸ਼ੇਸ਼ ਅੰਕ ਲਈ ਰਚਨਾਵਾਂ ਦੀ ਮੰਗ

**ਹੁਸ਼ਿਆਰਪੁਰ-** ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਤੇ ਨਿਰਦੇਸ਼ਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਜਸਵੰਤ ਸਿੰਘ ਜ਼ਫ਼ਰ ਹੁਰਾਂ ਦੀ ਯੋਗ ਅਗਵਾਈ ਹੇਠ ਭਾਸ਼ਾ ਵਿਭਾਗ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ। ਸਰਗਰਮੀ ਦੀ ਇਸੇ ਲੜੀ ਤਹਿਤ ਭਾਸ਼ਾ ਵਿਭਾਗ ਵੱਲੋਂ ਕੱਢੇ ਜਾਂਦੇ ਮਹੀਨਾਵਾਰ ਰਸਾਲੇ 'ਜਨ ਸਾਹਿਤ' ਲਈ ਲੇਖਕਾਂ ਕੋਲੋਂ ਅਣ-ਛਪੀਆਂ ਰਚਨਾਵਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਜ਼ਿਲ੍ਹਾ ਖੋਜ ਅਫ਼ਸਰ ਡਾ। ਜਸਵੰਤ ਰਾਏ ਨੇ ਦੱਸਿਆ ਕਿ ਜਨ ਸਾਹਿਤ ਰਸਾਲੇ 'ਚ ਛਪਣ ਲਈ ਕੋਈ ਵੀ ਲੇਖਕ ਆਪਣੀ ਰਚਨਾ ਭੇਜਣ ਲਈ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨਾਲ ਸੰਪਰਕ ਕਰ ਸਕਦਾ ਹੈ। ਜਨ ਸਾਹਿਤ ਰਸਾਲੇ ਲਈ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਅੰਕ ਮਹੀਨਾ ਅਪ੍ਰੈਲ ਤੋਂ ਜੂਨ, 2025 ਲਈ ਲਿਖਾਰੀ ਉਕਤ ਵਿਸ਼ੇ 'ਤੇ ਆਪਣੀਆਂ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਲੇਖਕ ਲਈ ਰਚਨਾ ਦੇ ਨਾਲ-ਨਾਲ ਆਪਣਾ ਨਾਂ, ਪਤਾ, ਮੋਬਾਇਲ ਨੰਬਰ ਭੇਜਣਾ ਅਤੇ ਰਚਨਾ ਦੇ ਅਣਛਪੇ ਹੋਣ ਦਾ ਤਸਦੀਕ ਕਰਨਾ ਵੀ ਲਾਜ਼ਮੀ ਹੈ। ਵਿਭਾਗ ਦਾ ਸੰਪਾਦਕੀ ਮੰਡਲ ਮਿਆਰੀ ਰਚਨਾਵਾਂ ਨੂੰ ਜਨ ਸਾਹਿਤ ਰਸਾਲੇ ਵਿੱਚ ਬਣਦਾ ਸਥਾਨ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਰਸਾਲੇ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਉਰਦੂ ਅਤੇ ਹਿੰਦੀ ਦਾ ਵੀ ਮਾਸਿਕ ਰਸਾਲਾ ਛਾਪਿਆ ਜਾ ਰਿਹਾ ਹੈ। ਹਰੇਕ ਰਸਾਲੇ ਦਾ ਸਾਲਾਨਾ ਚੰਦਾ ਮਹਿਜ਼ ਦੋ ਸੌ ਚਾਲੀ ਰੁਪਏ ਹੈ। ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੋਂ ਇਹ ਰਸਾਲੇ ਆ ਕੇ ਲਗਵਾਏ ਜਾ ਸਕਦੇ ਹਨ।ਇਨ੍ਹਾਂ ਰਸਾਲਿਆਂ ਨੂੰ ਵਿਭਾਗ ਵੱਲੋਂ ਪਾਠਕਾਂ ਦੇ ਘਰਾਂ ਤੱਕ ਡਾਕ ਰਾਹੀਂ ਪਹੁੰਚਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com

# ਚੁਣੌਤੀਪੂਰਨ ਬੱਚਿਆਂ ਦੀ ਜ਼ਿੰਦਗੀ 'ਚ ਸਕੂਲ ਦੀ ਮਹੱਤਤਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਬੱਚੇ ਘਰ ਦੀ ਰੌਣਕ ਹੁੰਦੇ ਹਨ ਤੇ ਬੱਚੇ ਖ਼ੁਦ ਵੀ ਰੌਣਕੀ ਹੁੰਦੇ ਹਨ। ਸਾਰਾ ਦਿਨ ਕੁਝ ਨਾ ਕੁਝ ਗਤੀਵਿਧੀਆਂ ਕਰ ਕੇ ਸਾਡਾ ਮਨਪਰਚਾਵਾ ਕਰਦੇ ਰਹਿੰਦੇ ਹਨ ਪਰ ਜਦੋਂ ਦਾ ਸਮਾਜ ਵਿਚ ਤੇਜ਼ੀ ਨਾਲ ਵਿਕਾਸ ਹੋਣਾ ਸ਼ੁਰੂ ਹੋਇਆ, ਬੱਚਿਆਂ ਨੂੰ ਪਾਲਣ ਦੇ ਤੌਰ-ਤਰੀਕੇ ਵੀ ਬਹੁਤ ਜ਼ਿਆਦਾ ਬਦਲ ਗਏ ਹਨ। ਪਹਿਲਾਂ ਗਲੀ-ਮੁਹੱਲੇ 'ਚ ਦਸ-ਦਸ ਬੱਚੇ ਇਕੱਠੇ ਖੇਡਦੇ ਤੇ ਕਈ ਵਾਰ ਖੇਡਦਿਆਂ-ਖੇਡਦਿਆਂ ਲੜ ਵੀ ਪੈਂਦੇ ਤੇ ਫਿਰ ਅਗਲੇ ਦਿਨ ਇਕੱਠੇ ਖੇਡਦੇ।

**ਚੁਣੌਤੀਪੂਰਨ ਬੱਚਿਆਂ ਦੀ ਜ਼ਿੰਦਗੀ 'ਚ ਸਕੂਲ ਦੀ ਮਹੱਤਤਾ**

ਬੱਚੇ ਘਰ ਦੀ ਰੌਣਕ ਹੁੰਦੇ ਹਨ ਤੇ ਬੱਚੇ ਖ਼ੁਦ ਵੀ ਰੌਣਕੀ ਹੁੰਦੇ ਹਨ। ਸਾਰਾ ਦਿਨ ਕੁਝ ਨਾ ਕੁਝ ਗਤੀਵਿਧੀਆਂ ਕਰ ਕੇ ਸਾਡਾ ਮਨਪਰਚਾਵਾ ਕਰਦੇ ਰਹਿੰਦੇ ਹਨ ਪਰ ਜਦੋਂ ਦਾ ਸਮਾਜ ਵਿਚ ਤੇਜ਼ੀ ਨਾਲ ਵਿਕਾਸ ਹੋਣਾ ਸ਼ੁਰੂ ਹੋਇਆ, ਬੱਚਿਆਂ ਨੂੰ ਪਾਲਣ ਦੇ ਤੌਰ-ਤਰੀਕੇ ਵੀ ਬਹੁਤ ਜ਼ਿਆਦਾ ਬਦਲ ਗਏ ਹਨ। ਪਹਿਲਾਂ ਗਲੀ-ਮੁਹੱਲੇ 'ਚ ਦਸ-ਦਸ ਬੱਚੇ ਇਕੱਠੇ ਖੇਡਦੇ ਤੇ ਕਈ ਵਾਰ ਖੇਡਦਿਆਂ-ਖੇਡਦਿਆਂ ਲੜ ਵੀ ਪੈਂਦੇ ਤੇ ਫਿਰ ਅਗਲੇ ਦਿਨ ਇਕੱਠੇ ਖੇਡਦੇ। ਅੱਜ-ਕੱਲ੍ਹ ਜੇ ਬੱਚਾ ਦੂਜੇ ਬੱਚੇ ਨਾਲ ਲੜ ਪਵੇ ਤਾਂ ਉਸ ਦੇ ਮਾਤਾ-ਪਿਤਾ ਉਸ ਨੂੰ ਸਖ਼ਤ ਸ਼ਬਦਾਂ 'ਚ ਸਮਝਾਉਂਦੇ ਹਨ ਕਿ ਤੂੰ ਜ਼ਿੰਦਗੀ 'ਚ ਉਸ ਨਾਲ ਦੁਬਾਰਾ ਨਹੀਂ ਖੇਡਣਾ ਤੇ ਉਸ ਨੂੰ ਮਾੜੀ ਜਿਹੀ ਗੱਲ 'ਤੇ ਹੀ ਵੈਰ ਪਾਉਣਾ ਸਿਖਾ ਦਿੰਦੇ ਹਨ। ਇਸ ਤਰ੍ਹਾਂ ਬੱਚਾ ਨਿੱਕੀ ਉਮਰੇ ਹੀ ਇਹ ਸਭ ਕੁਝ ਸਿੱਖ ਜਾਂਦਾ ਹੈ।

**ਮਾਸੂਮ ਦਿਲਾਂ 'ਤੇ ਭਾਰੂ ਹੁੰਦਾ ਦਿਖਾਵਾ**

ਪੁਰਾਣੇ ਸਮਿਆਂ 'ਚ ਬੱਚੇ ਖੇਡ ਕੇ ਅਤੇ ਮਿੱਟੀ 'ਚ ਲਿੱਬੜ ਕੇ ਘਰ ਆਉਂਦੇ ਤੇ ਰੱਜਵੀਂ ਰੋਟੀ ਖਾ ਕੇ ਆਰਾਮ ਨਾਲ ਸੌਂ ਜਾਂਦੇ ਪਰ ਅੱਜ-ਕੱਲ੍ਹ ਇਹ ਸਾਰਾ ਵਰਤਾਰਾ ਉਲਟ ਹੈ। ਹੁਣ ਬੱਚੇ ਘਰੋਂ ਬਾਹਰ ਖੇਡਣ ਨਹੀ ਜਾਂਦੇ ਤੇ ਜੇ ਜਾਂਦੇ ਵੀ ਹਨ ਤਾਂ ਥੋੜ੍ਹਾ ਜਿਹਾ ਮਿੱਟੀ-ਘੱਟਾ ਲੱਗਣ 'ਤੇ ਮਾਵਾਂ ਕਹਿ ਦੇਂਦੀਆਂ ਕਿ ਤੇਰੇ ਕੱਪੜੇ ਕੌਣ ਧੋਵੇਗਾ? ਅੱਧੇ ਬੱਚੇ ਤਾਂ ਇਸ ਡਰੋਂ ਹੀ ਨਹੀਂ ਖੇਡਦੇ। ਅੱਜ-ਕੱਲ੍ਹ ਲੋਕਾਂ ਨੂੰ ਬੱਚੇ ਤੋਂ ਜ਼ਿਆਦਾ ਲੋਕਾਂ ਦੀ ਫ਼ਿਕਰ ਰਹਿੰਦੀ ਹੈ। ਜੇ ਬੱਚਾ ਕਿਸੇ ਵਿਆਹ 'ਤੇ ਨਾਲ ਜਾਵੇ ਤਾਂ ਅਸੀਂ ਸਾਰੇ ਆਖਦੇ ਹਾਂ ਕਿ ਬੇਟਾ ਧਿਆਨ ਨਾਲ ਖਾ, ਲੋਕ ਕੀ ਕਹਿਣਗੇ। ਟਿੱਕ ਕੇ ਬੈਠ ਜਾਂ ਕੱਪੜੇ ਗੰਦੇ ਨਾ ਕਰ। ਹੱਦ ਹੈ ਸਾਡੀ ਸੋਚ ਦੀ, ਨਿੱਕੀ ਜਿਹੀ ਜਾਨ ਨੂੰ ਅਸੀਂ ਕਿੰਨਾ ਸੰਘਰਸ਼ ਕਰਨ ਲਈ ਆਖਦੇ ਹਾਂ। ਸਾਡੀ ਇਹ ਦਿਖਾਵੇ ਵਾਲੀ ਆਦਤ ਕਾਰਨ ਬੱਚੇ ਦਾ ਬਚਪਨ ਰੁਲ ਜਾਂਦਾ ਹੈ ਉਸ ਦਾ ਬਚਪਨ ਛੋਟਾ ਤੇ ਨਿਰਾਸ਼ਾ ਵਾਲਾ ਹੋ ਜਾਂਦਾ ਹੈ। ਉਹ ਨਿੱਕੀ ਉਮਰੇ ਹੀ ਇਹ ਸੋਚਣ ਲੱਗਦਾ ਕਿ ਲੋਕ ਇਸ ਤਰ੍ਹਾਂ ਦੇ ਕਿਉਂ ਹਨ, ਜਿਹੜੇ ਸਾਨੂੰ ਖੇਡਣ-ਭੱਜਣ ਤੋਂ ਰੋਕਦੇ ਹਨ। ਉਸ ਅੰਦਰ ਸਮਾਜ ਦਾ ਬੇਤੁਕਾ ਡਰ ਦਿਖਾਵੇ ਕਾਰਨ ਪੈਦਾ ਕਰਦੇ ਹਾਂ। ਉਸ ਨੂੰ ਖੁੱਲ੍ਹ ਕੇ ਜਿਊਣ ਲਈ ਆਜ਼ਾਦ ਮਾਹੌਲ ਦੀ ਲੋੜ ਹੁੰਦੀ ਹੈ, ਜਿਸ ਨਾਲ ਉਸ ਦਾ ਮਾਨਸਿਕ ਤੇ ਸਰੀਰਕ ਵਿਕਾਸ ਜੁੜਿਆ ਹੁੰਦਾ ਹੈ ਪਰ ਇਹ ਦਿਖਾਵਾ ਉਨ੍ਹਾਂ ਦੇ ਮਾਸੂਮ ਦਿਲਾਂ 'ਤੇ ਭਾਰੂ ਹੁੰਦਾ ਹੈ।

**ਦੂਜਿਆਂ ਅੱਗੇ ਝਿੜਕਣਾ**

ਕਈ ਵਾਰ ਮਾਪੇ ਹੋਰਨਾਂ ਅੱਗੇ ਇਹ ਸਾਬਿਤ ਕਰਨ 'ਚ ਲੱਗੇ ਰਹਿੰਦੇ ਹਨ ਕਿ ਸਾਡਾ ਬੱਚਾ ਬਹੁਤ ਸ਼ਾਂਤ ਹੈ ਅਤੇ ਬੱਚੇ ਦੀ ਜ਼ਰਾ ਜਿੰਨੀ ਸ਼ਰਾਰਤ ਤੋਂ ਉਹ ਇੰਨੇ ਖ਼ਫ਼ਾ ਹੁੰਦੇ ਹਨ ਕਿ ਬੱਚੇ ਨੂੰ ਲੋਕਾਂ ਸਾਹਮਣੇ ਹੀ ਝਿੜਕਦੇ ਹਨ ਤੇ ਕਈ ਵਾਰ ਤਾਂ ਕੁੱਟਦੇ ਵੀ ਹਨ। ਮਾਤਾ-ਪਿਤਾ ਨੂੰ ਇਸ ਤਰ੍ਹਾਂ ਲੱਗਦਾ, ਜਿਵੇਂ ਉਨ੍ਹਾਂ ਦੀ ਸ਼ਾਨ ਖ਼ਰਾਬ ਹੁੰਦੀ ਹੈ। ਉਹ ਇਹ ਗੱਲ ਨਹੀਂ ਸਮਝਦੇ ਕਿ ਬੱਚੇ ਦਾ ਸ਼ਰਾਰਤ ਕਰਨਾ, ਖੇਡਣਾ, ਚੀਜ਼ਾਂ ਨੂੰ ਤੋੜਨਾ-ਜੋੜਨਾ ਉਸ ਦੇ ਬਚਪਨ ਦਾ ਹੀ ਇੱਕ ਹਿੱਸਾ ਹੈ। ਉਸ ਦਾ ਚੰਚਲ ਮਨ ਬਹੁਤੇ ਜ਼ਿਆਦਾ ਅਸੂਲਾਂ ਤੇ ਬੰਦਿਸ਼ਾਂ ਨੂੰ ਨਹੀਂ ਮੰਨਦਾ। ਉਸ ਨੂੰ ਇਸ ਦੀ ਸਮਝ ਆਪਣੀ ਸਹੀ ਉਮਰ 'ਤੇ ਹੀ ਆਉਂਦੀ ਹੈ।

**ਬੱਚਾ ਡਰ ਕਾਰਨ ਬੋਲਦਾ ਝੂਠ**

ਕਈ ਵਾਰ ਤਾਂ ਅਸੀਂ ਬੱਚੇ ਨੂੰ ਉਹ ਸਭ ਵੀ ਸਿਖਾਉਂਦੇ ਹਾਂ, ਜੋ ਅੱਗੇ ਜਾ ਕੇ ਉਸ ਦੀ ਸ਼ਖ਼ਸੀਅਤ ਨੂੰ ਬੁਰਾ ਬਣਾਉਂਦਾ ਹੈ, ਜਿਵੇਂ ਝੂਠ ਬੋਲਣਾ। ਬੱਚਿਆਂ ਨੂੰ ਅਸੀਂ ਆਪਣੇ ਸਵਾਰਥ ਕਾਰਨ ਝੂਠ ਵੀ ਬੋਲਣਾ ਸਿਖਾਉਂਦੇ ਹਾਂ ਯਾਨੀ ਬੱਚਾ ਇਸ ਪ੍ਰਤੀ ਸਵਾਲ ਕਰੇ ਤਾਂ ਅਸੀਂ ਆਖਦੇ ਹਾਂ ਤੂੰ ਚੁੱਪ ਕਰ ਤੈਨੂੰ ਮੈਥੋਂ ਵੱਧ ਪਤੈ? ਬੱਚਾ ਡਰ ਕਾਰਨ ਝੂਠ ਬੋਲਦਾ ਹੈ। ਉਸ ਨੂੰ ਇਹੋ ਲਗਦਾ ਕਿ ਕੀ ਸ਼ਾਇਦ ਸੱਚ ਬੋਲਣਾ ਚੰਗੀ ਗੱਲ ਨਹੀਂ, ਤਾਂ ਹੀ ਉਸ ਨੂੰ ਝੂਠ ਸਿਖਾਇਆ ਜਾ ਰਿਹਾ ਹੈ ਪਰ ਜਦੋਂ ਉਹ ਵੱਡਾ ਹੋ ਕੇ ਮਾਤਾ-ਪਿਤਾ ਨਾਲ ਹੀ ਝੂਠ ਬੋਲਣ ਲੱਗਦਾ ਹੈ ਤਾਂ ਉਨ੍ਹਾਂ ਲਈ ਇਹ ਪਰੇਸ਼ਾਨੀ ਦਾ ਕਾਰਨ ਬਣਦਾ ਹੈ। ਉਦੋਂ ਉਹ ਇਹ ਭੁੱਲ ਜਾਂਦੇ ਹਨ ਕਿ ਇਸ ਦੀ ਨੀਂਹ ਤਾਂ ਉਨ੍ਹਾਂ ਨੇ ਹੀ ਬਚਪਨ ਵਿਚ ਆਪਣੇ ਬੱਚੇ ਦੇ ਦਿਲ ਵਿਚ ਰੱਖੀ ਸੀ, ਜੋ ਹੁਣ ਮਾੜੇ ਪ੍ਰਭਾਵ ਪਾ ਰਹੀ ਹੈ।

**ਸਾਂਝੇ ਪਰਿਵਾਰਾਂ ਦਾ ਘਟਣਾ**

ਪਹਿਲਾਂ ਪਰਿਵਾਰ ਵੱਡੇ ਹੁੰਦੇ ਸਨ ਤੇ ਸਾਂਝੇ ਪਰਿਵਾਰਾਂ 'ਚ ਬੱਚੇ ਬਹੁਤ ਜ਼ਿਆਦਾ ਸਿੱਖਦੇ ਸਨ ਅਤੇ ਖ਼ੁਸ਼ਨੁਮਾ ਮਾਹੌਲ ਹੋਣ ਕਾਰਨ ਬਿਮਾਰ ਵੀ ਘੱਟ ਹੁੰਦੇ ਸਨ ਪਰ ਅੱਜ ਬੱਚਿਆਂ ਨੂੰ ਇਕੱਲਤਾ ਕਾਰਨ ਮਾਨਸਿਕ ਬਿਮਾਰੀਆਂ ਲੱਗਦੀਆਂ ਹਨ ਤੇ ਉਹ ਨਿਰਾਸ਼ਾ ਤੋਂ ਬਚਣ ਲਈ ਮੋਬਾਈਲ ਦਾ ਸਹਾਰਾ ਲੈਂਦੇ ਹਨ। ਪਹਿਲਾਂ ਸਾਂਝੇ ਪਰਿਵਾਰਾਂ 'ਚ ਦਾਦੇ-ਦਾਦੀਆਂ, ਤਾਏ-ਚਾਚੀਆਂ ਸਭ ਮਿਲ ਕੇ ਬੱਚਿਆਂ ਨੂੰ ਬਹੁਤ ਕੁਝ ਸਿਖਾਉਂਦੇ ਸਨ ਤੇ ਹੱਸਦੇ-ਖੇਡਦੇ ਬੱਚੇ ਕਦੇ ਨਿਰਾਸ਼ ਨਹੀਂ ਹੁੰਦੇ ਸਨ।

**ਫ਼ਿਕਰਾਂ 'ਚ ਨਾ ਪਾ ਬੱਚੇ**

ਸਾਨੂੰ ਆਪਣੇ ਵਾਧੂ ਦੇ ਦਿਖਾਵੇ ਕਾਰਨ ਬੱਚਿਆਂ ਨੂੰ ਫ਼ਿਕਰਾਂ 'ਚ ਨਹੀਂ ਪਾਉਣਾ ਚਾਹੀਦਾ। ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਅਸੀਂ ਉਨ੍ਹਾਂ ਲਈ ਖ਼ੁਸ਼ਨੁਮਾ ਮਾਹੌਲ ਸਿਰਜੀਏ ਤੇ ਉਸ ਨੂੰ ਜ਼ਿੰਦਗੀ ਦਾ ਹਰ ਪਲ ਮਾਣਨ ਦੀ ਜਾਂਚ ਸਿਖਾਈਏ ਕਿਉਂਕਿ ਇਹ ਬਚਪਨ ਵਾਲਾ ਸਮਾਂ ਮੁੜ-ਮੁੜ ਨਹੀਂ ਆਉਂਦਾ। ਇਹੀ ਸਮਾਂ ਸਾਡੇ ਆਉਣ ਵਾਲੇ ਸਮੇਂ ਦੀ ਪੱਕੀ ਨੀਂਹ ਬਣਦਾ ਹੈ। ਲੋਕ ਕੀ ਕਹਿਣਗੇ, ਇਸ ਦੀ ਫ਼ਿਕਰ ਛੱਡ ਕੇ ਬੱਚਿਆਂ ਨਾਲ ਵੱਧ ਸਮਾਂ ਬਿਤਾਈਏ ਤੇ ਉਨ੍ਹਾਂ ਦੀ ਖ਼ੁਸ਼ੀ 'ਚ ਸ਼ਾਮਿਲ ਹੋ ਕੇ ਤਣਾਅ-ਚਿੰਤਾ ਨੂੰ ਛੂ-ਮੰਤਰ ਕਰੀਏ।

# ਸ਼ਹਿਰਾਂ ਦੇ ਦਮ ਘੁੱਟਣ ਵਾਲੇ ਅਸਮਾਨ

ਸਾਢੇ ਤਿੰਨ ਤੋਂ ਚਾਰ ਦਹਾਕੇ ਪਹਿਲਾਂ ਤੱਕ, ਸਥਿਤੀ ਇੰਨੀ ਭਿਆਨਕ ਨਹੀਂ ਸੀ। ਉਸ ਸਮੇਂ ਸੜਕਾਂ 'ਤੇ ਚੱਲਣ ਵਾਲੇ ਵਾਹਨਾਂ ਦੀ ਗਿਣਤੀ ਬਹੁਤ ਘੱਟ ਸੀ। ਸਾਡੇ ਕੋਲ ਹਵਾ ਵਿੱਚ ਮੌਜੂਦ ਜ਼ਹਿਰ ਨੂੰ ਸੋਖਣ ਲਈ ਕਾਫ਼ੀ ਰੁੱਖ ਵੀ ਸਨ। ਪਰ ਪਿਛਲੇ ਕੁਝ ਦਹਾਕਿਆਂ ਵਿੱਚ ਹਾਲਾਤ ਬਹੁਤ ਤੇਜ਼ੀ ਨਾਲ ਬਦਲ ਗਏ ਹਨ। ਸੜਕਾਂ ਵਾਹਨਾਂ ਨਾਲ ਭਰੀਆਂ ਹੋਈਆਂ ਸਨ ਅਤੇ ਵਿਕਾਸ ਦੀ ਅੰਨ੍ਹੀ ਦੌੜ ਵਿੱਚ, ਅੰਨ੍ਹੇਵਾਹ ਰੁੱਖਾਂ ਨੂੰ ਕੱਟ ਕੇ, ਅਸੀਂ ਆਪਣੇ ਆਪ ਤੋਂ ਉਹ ਸਹਾਰਾ ਖੋਹ ਲਿਆ ਜੋ ਨਾ ਸਿਰਫ਼ ਸਾਨੂੰ ਤੇਜ਼ ਧੁੱਪ ਵਿੱਚ ਛਾਂ ਦਿੰਦਾ ਸੀ ਬਲਕਿ ਵਾਤਾਵਰਣ ਸੁਰੱਖਿਆ ਦਾ ਵੀ ਭਰੋਸਾ ਦਿੰਦਾ ਸੀ।

ਹਵਾ ਵਿੱਚ ਘੁਲਿਆ ਹੋਇਆ ਜ਼ਹਿਰ ਵਾਹਨਾਂ, ਫੈਕਟਰੀਆਂ ਅਤੇ ਪਟਾਕਿਆਂ ਤੋਂ ਨਿਕਲਣ ਵਾਲੇ ਜ਼ਹਿਰੀਲੇ ਧੂੰਏਂ ਦਾ ਨਤੀਜਾ ਹੈ। ਇਸ ਧੂੰਏਂ ਵਿੱਚ ਮੌਜੂਦ ਕਾਰਬਨ ਮੋਨੋਆਕਸਾਈਡ, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਸੀਸੇ ਦੇ ਕਣ ਵਰਗੀਆਂ ਗੈਸਾਂ ਵਾਤਾਵਰਣ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ। ਇਸ ਜ਼ਹਿਰ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਤੇ ਪੈਂਦਾ ਹੈ। ਹਵਾ ਵਿੱਚ ਘੁਲਿਆ ਹੋਇਆ ਜ਼ਹਿਰ ਵਾਹਨਾਂ, ਫੈਕਟਰੀਆਂ ਅਤੇ ਪਟਾਕਿਆਂ ਤੋਂ ਨਿਕਲਣ ਵਾਲੇ ਜ਼ਹਿਰੀਲੇ ਧੂੰਏਂ ਦਾ ਨਤੀਜਾ ਹੈ। ਇਸ ਧੂੰਏਂ ਵਿੱਚ ਮੌਜੂਦ ਕਾਰਬਨ ਮੋਨੋਆਕਸਾਈਡ, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਸੀਸੇ ਦੇ ਕਣ ਵਰਗੀਆਂ ਗੈਸਾਂ ਵਾਤਾਵਰਣ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ। ਇਸ ਜ਼ਹਿਰ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਤੇ ਪੈਂਦਾ ਹੈ।

ਰਾਜਧਾਨੀ ਦਿੱਲੀ ਦੀ ਹਵਾ ਵਿੱਚ ਮੌਜੂਦ ਜ਼ਹਿਰ ਨੇ ਇੱਕ ਵਾਰ ਫਿਰ ਲੋਕਾਂ ਦਾ ਜੀਣਾ ਮੁਸ਼ਕਲ ਬਣਾ ਦਿੱਤਾ ਹੈ। ਰਾਜਧਾਨੀਆਂ ਵਿੱਚ ਜ਼ਹਿਰੀਲੀ ਹਵਾ ਬਾਰੇ ਇੱਕ ਕਹਾਵਤ ਵਾਂਗ ਗੱਲ ਕਰਨਾ ਆਮ ਹੈ, ਪਰ ਦਿੱਲੀ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਅਸਲ ਵਿੱਚ ਦਮ ਘੁੱਟਣ ਵਾਲੀ ਹਵਾ ਵਿੱਚ ਸਾਹ ਲੈਣ ਲਈ ਮਜਬੂਰ ਹਨ। ਰਾਸ਼ਟਰੀ ਰਾਜਧਾਨੀ ਖੇਤਰ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸੜਕਾਂ 'ਤੇ ਲਾਪਰਵਾਹੀ ਨਾਲ ਚੱਲ ਰਹੇ ਵਾਹਨਾਂ ਦੇ ਧੂੰਏਂ ਅਤੇ ਖੇਤਾਂ ਵਿੱਚ ਪਰਾਲੀ ਸਾੜਨ ਕਾਰਨ ਸਾਹ ਲੈਣਾ ਔਖਾ ਹੋ ਗਿਆ ਹੈ। ਬਾਕੀ ਕੰਮ ਦੀਵਾਲੀ ਵਾਲੇ ਦਿਨ ਆਤਿਸ਼ਬਾਜ਼ੀ ਦੇ ਸ਼ੋਰ ਅਤੇ ਧਮਾਕੇ ਨਾਲ ਪੂਰਾ ਹੋ ਗਿਆ। ਸਿਰਫ਼ ਦਿੱਲੀ ਹੀ ਨਹੀਂ, ਦੇਸ਼ ਦੇ ਜ਼ਿਆਦਾਤਰ ਸ਼ਹਿਰਾਂ ਦੀ ਹਵਾ ਵਿੱਚ ਪ੍ਰਦੂਸ਼ਣ ਦਾ ਪੱਧਰ ਦੀਵਾਲੀ ਦੌਰਾਨ ਖ਼ਤਰਨਾਕ ਪੱਧਰ 'ਤੇ ਪਹੁੰਚ ਜਾਂਦਾ ਹੈ। ਉਦਾਹਰਣ ਵਜੋਂ, ਰਾਜਸਥਾਨ ਦੇ ਕੋਟਾ ਸ਼ਹਿਰ ਨੂੰ ਲਿਆ ਜਾ ਸਕਦਾ ਹੈ। ਹਰ ਸਾਲ ਲਗਭਗ ਦੋ ਲੱਖ ਬੱਚੇ ਦੇਸ਼ ਦੇ ਚੋਟੀ ਦੇ ਇੰਜੀਨੀਅਰਿੰਗ ਜਾਂ ਮੈਡੀਕਲ ਕਾਲਜਾਂ ਦੀਆਂ ਦਾਖਲਾ ਪ੍ਰੀਖਿਆਵਾਂ ਲਈ ਕੋਚਿੰਗ ਲੈਣ ਲਈ ਕੋਟਾ ਆਉਂਦੇ ਹਨ ਅਤੇ ਇਨ੍ਹਾਂ ਵਿਦਿਆਰਥੀਆਂ ਦੀ ਆਮਦ ਨੇ ਕੋਟਾ ਨੂੰ ਆਰਥਿਕ ਖੁਸ਼ਹਾਲੀ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਖੈਰ, ਬੱਚਿਆਂ ਨੂੰ ਦੇਸ਼ ਦਾ ਭਵਿੱਖ ਕਿਹਾ ਜਾਂਦਾ ਹੈ ਅਤੇ ਜਿਸ ਇਲਾਕੇ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਬੱਚੇ ਰਹਿੰਦੇ ਹਨ, ਉੱਥੇ ਆਮ ਲੋਕਾਂ ਨੂੰ ਵੀ ਉਸ ਇਲਾਕੇ ਦੇ ਵਾਤਾਵਰਣ ਸੁਰੱਖਿਆ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਸ਼ਹਿਰ ਦੇ ਇੱਕ ਦਮੇ ਦੇ ਮਾਹਰ ਨੇ ਦੀਵਾਲੀ ਦੀ ਰਾਤ ਕੋਟਾ ਵਿੱਚ ਹਵਾ ਪ੍ਰਦੂਸ਼ਣ ਦੀ ਜਾਂਚ ਕੀਤੀ ਅਤੇ ਪਾਇਆ ਕਿ ਉੱਥੇ ਹਵਾ ਵਿੱਚ ਜ਼ਹਿਰੀਲੇ ਕਣਾਂ ਦੀ ਮਾਤਰਾ ਮਿਆਰੀ ਪੱਧਰ ਤੋਂ ਸੱਤ ਗੁਣਾ ਜ਼ਿਆਦਾ ਸੀ।

ਪਿਛਲੇ ਕੁਝ ਸਾਲਾਂ ਵਿੱਚ, ਅਸੀਂ ਨਾ ਸਿਰਫ਼ ਆਪਣੇ ਸੁਭਾਅ ਰਾਹੀਂ, ਸਗੋਂ ਆਪਣੇ ਵਿਵਹਾਰ ਰਾਹੀਂ ਵੀ ਹਵਾ ਨੂੰ ਜ਼ਹਿਰੀਲਾ ਕਰਨ ਦੇ ਆਦੀ ਹੋ ਗਏ ਹਾਂ। ਹਵਾ ਪ੍ਰਦੂਸ਼ਣ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਵਿਸ਼ਵ ਸਿਹਤ ਸੰਗਠਨ (WHO) ਹਵਾ ਪ੍ਰਦੂਸ਼ਣ ਨੂੰ 'ਜਨਤਕ ਸਿਹਤ ਐਮਰਜੈਂਸੀ' ਕਹਿੰਦਾ ਹੈ। ਾਂ ਦੀ ਇੱਕ ਰਿਪੋਰਟ ਦੇ ਅਨੁਸਾਰ, ਦੁਨੀਆ ਵਿੱਚ ਹਰ ਸਾਲ ਲਗਭਗ 70 ਮਿਲੀਅਨ ਲੋਕ ਹਵਾ ਪ੍ਰਦੂਸ਼ਣ ਕਾਰਨ ਆਪਣੀਆਂ ਜਾਨਾਂ ਗੁਆ ਦਿੰਦੇ ਹਨ। ਆਪਣੇ ਇੱਕ ਅਧਿਐਨ ਦੌਰਾਨ, ਬਰਮਿੰਘਮ ਯੂਨੀਵਰਸਿਟੀ ਨੇ ਦੁਨੀਆ ਵਿੱਚ ਨਮੂਨੀਆ ਅਤੇ ਹਵਾ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਵਿਚਕਾਰ ਸਿੱਧਾ ਸਬੰਧ ਪਾਇਆ। ਕਿੰਗਜ਼ ਕਾਲਜ ਲੰਡਨ ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਨੌਜਵਾਨਾਂ ਵਿੱਚ ਕਈ ਮਾਨਸਿਕ ਵਿਕਾਰ ਪੈਦਾ ਕਰਦਾ ਹੈ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਹਵਾ ਪ੍ਰਦੂਸ਼ਣ ਦਾ ਮਨੁੱਖੀ ਫੇਫੜਿਆਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ, ਪਰ ਵਿਗਿਆਨੀਆਂ ਨੇ ਪਾਇਆ ਹੈ ਕਿ ਹਵਾ ਪ੍ਰਦੂਸ਼ਣ ਦਾ ਸਰੀਰ ਦੇ ਹਰ ਹਿੱਸੇ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਜ਼ਹਿਰੀਲੀ ਹਵਾ ਦਾ ਪ੍ਰਭਾਵ ਫੇਫੜਿਆਂ ਵਿੱਚ ਦਾਖਲ ਹੁੰਦਾ ਹੈ ਅਤੇ ਸਾਰੇ ਸੈੱਲਾਂ ਨੂੰ ਪ੍ਰਭਾਵਿਤ ਕਰਦਾ ਹੈ।



ਹਵਾ ਪ੍ਰਦੂਸ਼ਣ ਕਾਰਨ ਵਿਅਕਤੀ ਵਿੱਚ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਦਾ ਪੱਧਰ ਵੱਧ ਜਾਂਦਾ ਹੈ ਅਤੇ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਸਕਦਾ ਹੈ। ਡਿਮੇਂਸ਼ੀਆ ਇੱਕ ਬਿਮਾਰੀ ਹੈ ਜੋ ਬਜ਼ੁਰਗਾਂ ਵਿੱਚ ਸਮਝਣ ਦੀ ਸਮਰੱਥਾ ਵਿੱਚ ਗਿਰਾਵਟ ਨਾਲ ਸਬੰਧਤ ਹੈ। ਗਰਭਵਤੀ ਔਰਤਾਂ ਨੂੰ ਗਰਭਪਾਤ, ਭਰੂਣ ਦਾ ਸਮੇਂ ਤੋਂ ਪਹਿਲਾਂ ਜਨਮ ਹੋਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ - ਜੋ ਉਸਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਹਵਾ ਪ੍ਰਦੂਸ਼ਣ ਕਾਰਨ ਬ੍ਰੌਨਕਾਈਟਿਸ, ਇਨਸੌਮਨੀਆ, ਜਿਗਰ ਦਾ ਕੈਂਸਰ, ਜਣਨ ਸ਼ਕਤੀ ਵਿੱਚ ਕਮੀ, ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ ਆਦਿ ਵਰਗੀਆਂ ਕਈ ਬਿਮਾਰੀਆਂ ਵੱਧ ਰਹੀਆਂ ਹਨ। ਚੀਨ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਇਹ ਵੀ ਪਾਇਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਬੱਚਿਆਂ ਦੇ ਗਣਿਤ ਅਤੇ ਭਾਸ਼ਾ ਵਰਗੇ ਵਿਸ਼ਿਆਂ ਦੀ ਸਿੱਖਿਆ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ।

ਦਰਅਸਲ, ਹਵਾ ਪ੍ਰਦੂਸ਼ਣ ਇਸ ਤੋਂ ਪ੍ਰਭਾਵਿਤ ਵਿਅਕਤੀ ਦੇ ਜੀਵਨ ਨੂੰ ਇਸ ਤਰ੍ਹਾਂ ਤਬਾਹ ਕਰ ਦਿੰਦਾ ਹੈ ਕਿ ਸਿਹਤ ਦੇ ਦ੍ਰਿਸ਼ਟੀਕੋਣ ਤੋਂ ਪੀੜ੍ਹੀਆਂ ਪ੍ਰਭਾਵਿਤ ਹੁੰਦੀਆਂ ਹਨ। ਸ਼ਾਇਦ ਇਸੇ ਲਈ ਸਾਡੇ ਪੁਰਖਿਆਂ ਨੇ ਸਾਡੇ ਵਾਤਾਵਰਣ ਦੀ ਸੰਭਾਲ ਨੂੰ ਇੱਕ ਮਹੱਤਵਪੂਰਨ ਮੁੱਦਾ ਮੰਨਿਆ ਅਤੇ ਵੇਦਾਂ ਨੇ ਪ੍ਰਤੀਕਾਂ ਵਿੱਚ ਵਾਤਾਵਰਣ ਸੰਭਾਲ 'ਤੇ ਲਗਾਤਾਰ ਜ਼ੋਰ ਦਿੱਤਾ। ਰਿਗਵੇਦ ਵਿੱਚ ਇੱਕ ਥਾਂ 'ਤੇ 'ਪ੍ਰਿਥਵੀ: ਪੂ: ਚ ਉਰਵੀ ਭਵ' ਕਿਹਾ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਸਾਰੀ ਧਰਤੀ ਅਤੇ ਸਾਰਾ ਵਾਤਾਵਰਣ ਸ਼ੁੱਧ ਰਹਿਣਾ ਚਾਹੀਦਾ ਹੈ, ਤਾਂ ਹੀ ਜੀਵਨ ਦਾ ਸੰਪੂਰਨ ਵਿਕਾਸ ਸੰਭਵ ਹੋਵੇਗਾ। ਅਥਰਵਵੇਦ ਵਿੱਚ ਹਵਾ ਨੂੰ ਜੀਵਨ ਕਿਹਾ ਗਿਆ ਹੈ। ਵੇਦਾਂ ਦੇ ਅਨੁਸਾਰ, ਵਾਯੂ ਇੱਕ ਪਿਤਾ ਵਾਂਗ ਇੱਕ ਰਖਵਾਲਾ, ਇੱਕ ਭਰਾ ਵਾਂਗ ਇੱਕ ਧਾਰਕ, ਇੱਕ ਪਾਲਣ ਪੋਸ਼ਣ ਕਰਨ ਵਾਲਾ ਅਤੇ ਇੱਕ ਦੋਸਤ ਹੈ ਜੋ ਖੁਸ਼ੀ ਦਿੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਹਵਾ ਅਮਰਤਾ ਦਾ ਖਜ਼ਾਨਾ ਹੈ, ਕਿਉਂਕਿ ਇਹ ਸਾਨੂੰ ਜੀਵਨ ਦਿੰਦੀ ਹੈ। ਪਰ ਬਦਲਦੀ ਜੀਵਨ ਸ਼ੈਲੀ ਨੇ ਸਾਡੇ ਰਵਾਇਤੀ ਵਿਸ਼ਵਾਸਾਂ ਨਾਲ ਖਿ-ਲਵਾੜ ਕਰ ਦਿੱਤਾ ਹੈ ਅਤੇ ਅਜਿਹਾ ਲੱਗਦਾ ਹੈ ਜਿਵੇਂ ਪ੍ਰਦੂਸ਼ਣ ਸਾਡੇ ਲਈ ਤਰੱਕੀ ਦਾ ਸਮਾਨਾਰਥੀ ਬਣ ਗਿਆ ਹੈ। ਇਸ ਸਾਲ ਵੀ ਜਦੋਂ ਕੁਝ ਸੰਵੇਦਨਸ਼ੀਲ ਲੋਕਾਂ ਨੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਦੀਵਾਲੀ ਤੋਂ ਪਹਿਲਾਂ ਪਟਾਕਿਆਂ ਦੀ ਸੰਜਮ ਨਾਲ ਵਰਤੋਂ ਦੀ ਗੱਲ ਕੀਤੀ ਤਾਂ ਕੁਝ ਲੋਕ ਕਈ ਤਰ੍ਹਾਂ ਦੀਆਂ ਤਰਕਹੀਣ ਦਲੀਲਾਂ ਦੇ ਨਾਲ ਪਟਾਕਿਆਂ ਦੇ ਸਮਰਥਨ ਵਿੱਚ ਆ ਗਏ। ਕੁਝ ਲੋਕਾਂ ਨੇ ਤਾਂ ਇਹ ਵੀ ਕਿਹਾ ਕਿ ਸ਼ੁਰੂ ਤੋਂ ਹੀ ਦੀਵਾਲੀ 'ਤੇ ਹੋਣ ਵਾਲੇ ਪਟਾਕਿਆਂ ਦੇ ਵਿਰੁੱਧ ਬੋਲਣਾ ਅਸਲ ਵਿੱਚ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ। ਅਜਿਹੇ ਤਰਕਹੀਣ ਦਲੀਲ ਦੇਣ ਵਾਲੇ ਇਸ ਇਤਿਹਾਸਕ ਤੱਥ ਨੂੰ ਵੀ ਭੁੱਲ ਗਏ ਹਨ ਕਿ ਰਾਮਚੰਦਰ, ਜਿਨ੍ਹਾਂ ਦੀ ਅਯੁੱਧਿਆ ਵਾਪਸੀ ਦੀਵਾਲੀ ਨਾਲ ਜੁੜੀ ਹੋਈ ਹੈ, ਦਾ ਸਮਾਂ ਈਸਾ ਤੋਂ ਲਗਭਗ 5,500 ਸਾਲ ਪਹਿਲਾਂ ਦਾ ਮੰਨਿਆ ਜਾਂਦਾ ਹੈ, ਜਦੋਂ ਕਿ ਪਟਾਕਿਆਂ ਦੀ ਵਰਤੋਂ ਸਦੀਆਂ ਬਾਅਦ ਸ਼ੁਰੂ ਹੋਈ ਸੀ।

ਇਸ ਵਾਰ ਕੁਝ ਲੋਕਾਂ ਨੇ ਇਹ ਵੀ ਦਲੀਲ ਦਿੱਤੀ ਕਿ ਪਟਾਕਿਆਂ ਦਾ ਧੂੰਆਂ ਵਾਯੂਮੰਡਲ ਵਿੱਚ ਮੌਜੂਦ ਮੱਛਰਾਂ ਨੂੰ ਮਾਰਦਾ ਹੈ, ਇਸ ਲਈ ਪਟਾਕੇ ਸਾਨੂੰ ਦਿਲੋਂ ਚਲਾਉਣੇ ਚਾਹੀਦੇ ਹਨ। ਇਹ ਕਹਿਣ ਵਾਲੇ ਭੁੱਲ ਜਾਂਦੇ ਹਨ ਕਿ ਵਾਤਾਵਰਣ ਨੂੰ ਜ਼ਹਿਰੀਲਾ ਕਰਨ ਨਾਲ ਸਿਰਫ਼ ਮੱਛਰ ਹੀ ਪ੍ਰਭਾਵਿਤ ਨਹੀਂ ਹੁੰਦੇ, ਸਗੋਂ ਪੀੜ੍ਹੀਆਂ ਨੂੰ ਵੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਵਾ ਵਿੱਚ ਘੁਲਿਆ ਹੋਇਆ ਜ਼ਹਿਰ ਵਾਹਨਾਂ, ਫੈਕਟਰੀਆਂ ਅਤੇ ਪਟਾਕਿਆਂ ਤੋਂ ਨਿਕਲਣ ਵਾਲੇ ਜ਼ਹਿਰੀਲੇ ਧੂੰਏਂ ਦਾ ਨਤੀਜਾ ਹੈ। ਇਸ ਧੂੰਏਂ ਵਿੱਚ ਮੌਜੂਦ ਕਾਰਬਨ ਮੋਨੋਆਕਸਾਈਡ, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਸੀਸੇ ਦੇ ਕਣ ਵਰਗੀਆਂ ਗੈਸਾਂ ਵਾਤਾਵਰਣ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ। ਇਸ ਜ਼ਹਿਰ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਤੇ ਪੈਂਦਾ ਹੈ। ਸਰਦੀਆਂ ਵਿੱਚ, ਵਾਯੂਮੰਡਲ ਵਿੱਚ ਨਮੀ ਦੇ ਕਾਰਨ, ਜ਼ਹਿਰੀਲੇ ਕਣ ਜ਼ਮੀਨ ਦੇ ਬਿਲਕੁਲ ਉੱਪਰ ਅਜਿਹਾ ਢੱਕਣ ਬਣਾਉਂਦੇ ਹਨ ਕਿ ਹਵਾ ਬਹੁਤ ਭਾਰੀ ਹੋ ਜਾਂਦੀ ਹੈ। ਦੀਵਾਲੀ ਦੌਰਾਨ, ਪਟਾਕਿਆਂ ਕਾਰਨ ਹਵਾ ਵਿੱਚ ਨੁਕਸਾਨਦੇਹ ਕਣਾਂ ਦੀ ਮਾਤਰਾ ਬਹੁਤ ਵੱਧ ਜਾਂਦੀ ਹੈ ਅਤੇ ਇਹ ਮੌਸਮਾਂ ਦੇ ਬਦਲਣ ਦਾ ਸਮਾਂ ਵੀ ਹੁੰਦਾ ਹੈ, ਇਸ ਲਈ ਲੋਕਾਂ ਨੂੰ ਵਧੇਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਾਢੇ ਤਿੰਨ ਤੋਂ ਚਾਰ ਦਹਾਕੇ ਪਹਿਲਾਂ ਤੱਕ, ਸਥਿਤੀ ਇੰਨੀ ਭਿਆਨਕ ਨਹੀਂ ਸੀ। ਉਸ ਸਮੇਂ ਸੜਕਾਂ 'ਤੇ ਚੱਲਣ ਵਾਲੇ ਵਾਹਨਾਂ ਦੀ ਗਿਣਤੀ ਬਹੁਤ ਘੱਟ ਸੀ। ਸਾਡੇ ਕੋਲ ਹਵਾ ਵਿੱਚ ਮੌਜੂਦ ਜ਼ਹਿਰ ਨੂੰ ਸੋਖਣ ਲਈ ਕਾਫ਼ੀ ਰੁੱਖ ਵੀ ਸਨ। ਪਰ ਪਿਛਲੇ ਕੁਝ ਦਹਾਕਿਆਂ ਵਿੱਚ ਹਾਲਾਤ ਬਹੁਤ ਤੇਜ਼ੀ ਨਾਲ ਬਦਲ ਗਏ ਹਨ। ਸੜਕਾਂ ਵਾਹਨਾਂ ਨਾਲ ਭਰੀਆਂ ਹੋਈਆਂ ਸਨ ਅਤੇ ਵਿਕਾਸ ਦੀ ਅੰਨ੍ਹੀ ਦੌੜ ਵਿੱਚ, ਅੰਨ੍ਹੇਵਾਹ ਰੁੱਖਾਂ ਨੂੰ ਕੱਟ ਕੇ, ਅਸੀਂ ਆਪਣੇ ਆਪ ਤੋਂ ਉਹ ਸਹਾਰਾ ਖੋਹ ਲਿਆ ਜੋ ਨਾ ਸਿਰਫ਼ ਸਾਨੂੰ ਤੇਜ਼ ਧੁੱਪ ਵਿੱਚ ਛਾਂ ਦਿੰਦਾ ਸੀ ਬਲਕਿ ਵਾਤਾਵਰਣ ਸੁਰੱਖਿਆ ਦਾ ਵੀ ਭਰੋਸਾ ਦਿੰਦਾ ਸੀ।

ਜਦੋਂ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਵਿੱਚ ਭਾਰਤ ਵਿੱਚ ਵਾਤਾਵਰਣ ਦੇ ਮਾੜੇ ਪ੍ਰਭਾਵਾਂ ਦਾ ਅ-ਧਿਐਨ ਕੀਤਾ ਗਿਆ ਤਾਂ ਇੱਕ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਕਿ ਗੰਗਾ ਦੇ ਮੈਦਾਨਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਔਸਤ ਉਮਰ ਹਵਾ ਪ੍ਰਦੂਸ਼ਣ ਕਾਰਨ ਸਾਢੇ ਤਿੰਨ ਤੋਂ ਸੱਤ ਸਾਲ ਘੱਟ ਰਹੀ ਹੈ। ਹਾਲਾਤ ਇਹ ਹਨ ਕਿ 1998 ਤੋਂ 2016 ਦੇ ਵਿਚਕਾਰ, ਇਸ ਖੇਤਰ ਵਿੱਚ ਪ੍ਰਦੂਸ਼ਣ ਸੱਤਰ ਪ੍ਰਤੀਸ਼ਤ ਤੋਂ ਵੱਧ ਵਧਿਆ ਹੈ, ਜਦੋਂ ਕਿ ਦੇਸ਼ ਦੀ ਚਾਲੀ ਪ੍ਰਤੀਸ਼ਤ ਆਬਾਦੀ ਵੀ ਇਸ ਖੇਤਰ ਵਿੱਚ ਰਹਿੰਦੀ ਹੈ। ਅਜਿਹੀ ਸਥਿਤੀ ਵਿੱਚ, ਇਹ ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਵਿੱਖ ਵਿੱਚ ਹਵਾ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਗਿਣਤੀ ਕਿੰਨੀ ਵਧੇਗੀ। ਵਿਸ਼ਵ ਸਿਹਤ ਸੰਗਠਨ ਹਵਾ ਪ੍ਰਦੂਸ਼ਣ ਨੂੰ ਬਿਨਾਂ ਵਜ੍ਹਾ 'ਜਨਤਕ ਸਿਹਤ ਐਮਰਜੈਂਸੀ' ਨਹੀਂ ਕਹਿੰਦਾ।

**– ਵਿਜੇ ਗਰਗ**

# ਮਾੜੀ ਹੈ ਗਲਤੀਆਂ ਦੀ ਦੂਹਰਾਈ

ਇਸ ਦੁਨੀਆਂ ਵਿੱਚ ਅਜਿਹਾ ਕੋਈ ਵਿਅਕਤੀ ਨਹੀਂ ਜਿਸ ਨੇ ਆਪਣੀ ਜਿੰਦਗੀ ਵਿੱਚ ਕਦੇ ਕੋਈ ਗਲਤੀ ਨਾ ਕੀਤੀ ਹੋਵੇ। ਹਰ ਵਿਅਕਤੀ ਨੇ ਭਾਵੇਂ ਜਾਣੇ ਅਣਜਾਣੇ ਵਿੱਚ ਪਾਪ ਵੀ ਕੀਤੇ ਹੁੰਦੇ ਹਨ, ਦਿਲ ਵੀ ਦੁਖਾਏ ਹੁੰਦੇ ਹਨ। ਹਰ ਵਿਅਕਤੀ ਜਿੰਦਗੀ ਦੇ ਕਿਸੇ ਨਾ ਕਿਸੇ ਪੱਧਰ ਉੱਤੇ ਕਿਸੇ ਨਾ ਕਿਸੇ ਦੂਸਰੇ ਦੀ ਪੀੜਾ ਦਾ ਕਾਰਣ ਬਣਿਆ ਹੁੰਦਾ ਹੈ। ਅਸੀਂ ਸਾਰੇ ਗਲਤੀਆਂ ਕਰਦੇ ਹਾਂ। ਇਹਨਾਂ ਕੀਤੀਆਂ ਗਲਤੀਆਂ ਦਾ ਭੁਗਤਾਨ ਅਸੀਂ ਖੁਦ ਤਾਂ ਭੁਗਤਦੇ ਹੀ ਹਾਂ, ਕਈ ਵਾਰ ਸਾਡੀਆਂ ਗਲਤੀਆਂ ਦਾ ਸਾਡੇ ਪਰਿਵਾਰ ਤੇ ਨਜ਼ਦੀਕੀਆਂ ਉੱਤੇ ਗਹਿਰਾ ਅਸਰ ਹੁੰਦਾ ਹੈ। ਇਸ ਜਹਾਨ ਵਿੱਚ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ, ਚੰਗਾ ਅਤੇ ਬੁਰਾ। ਇਨਸਾਨ ਹਮੇਸ਼ਾ ਚੰਗੇ ਵੱਲ ਆਕਰਸ਼ਿਤ ਹੁੰਦਾ ਹੈ। ਜਿਵੇਂ ਕਿ ਖੁਸ਼ੀ ਦੀ ਉਮੀਦ ਕਰਦਾ ਹੈ ਅਤੇ ਗਮਾਂ ਤੋਂ ਭੱਜਦਾ ਹੈ, ਜਿੱਤਣਾ ਚਾਹੁੰਦਾ ਹੈ, ਹਾਰਨ ਤੋਂ ਡਰਦਾ ਹੈ।

ਚਾਨਣ ਵਧੀਆ ਲੱਗਦਾ ਹੈ ਪਰ ਹਨੇਰੇ ਤੋਂ ਦੂਰ ਭੱਜਦਾ ਹੈ। ਪਰ ਕੁਝ ਵੀ ਹੋਵੇ ਚੰਗਾ ਜਾਂ ਬੁਰਾ, ਉਸਦੀ ਆਪਣੀ ਇੱਕ ਮਹੱਤਤਾ ਹੁੰਦੀ ਹੈ। ਜਿਹੜਾ ਜਿੰਦਗੀ ਵਿੱਚ ਕਦੇ ਹਾਰਿਆ ਨਹੀਂ ਹੋਵੇਗਾ, ਉਹ ਜਿੱਤ ਦਾ ਅਸਲੀ ਅਨੰਦ ਨਹੀਂ ਮਾਣ ਸਕੇਗਾ। ਜਿਸ ਇਨਸਾਨ ਨੇ ਕਦੇ ਗਲਤੀ ਨਹੀਂ ਕੀਤੀ ਹੋਵੇਗੀ, ਉਸਨੇ ਕਦੇ ਕੋਸ਼ਿਸ਼ ਵੀ ਨਹੀਂ ਕੀਤੀ ਹੋਵੇਗੀ। ਕਹਿਣ ਤੋਂ ਭਾਵ ਕਿ ਹਰ ਇੱਕ ਚੀਜ਼ ਦੀ ਆਪਣੀ ਮਹੱਤਤਾ ਹੈ। ਜੇਕਰ ਗੱਲ ਖਾਸ ਕਰਕੇ ਗਲਤੀਆਂ ਦੀ ਕੀਤੀ ਜਾਵੇ ਤਾਂ ਇਨਸਾਨ ਕੋਲੋ ਗਲਤੀਆਂ ਹੋਣੀਆਂ ਕੋਈ ਵੱਡੀ ਗੱਲ ਨਹੀਂ ਹੈ। ਜਾਣੇ ਅਣਜਾਣੇ ਵਿੱਚ ਹਰ ਵਿਅਕਤੀ ਗਲਤੀਆਂ ਕਰਦਾ ਹੈ ਪਰ ਸੋਚਣ ਹਿੱਤ ਗੱਲ ਇਹ ਹੈ ਕਿ ਅਸੀਂ ਉਹਨਾਂ ਗਲਤੀਆਂ ਤੋਂ ਸਬਕ ਕੀ ਲਿਆ ਹੈ? ਗਲਤੀਆਂ ਅਤੇ ਹਾਰਾਂ ਸਾਨੂੰ ਜਿੰਦਗੀ ਦੇ ਸਭ ਤੋਂ ਵੱਡੇ ਸਬਕ ਦੇ ਕੇ ਜਾਂਦੀਆਂ ਹਨ। ਇਨਸਾਨ ਨੂੰ ਗਲਤੀਆਂ ਦਾ ਪੁਤਲਾ ਕਿਹਾ ਜਾਂਦਾ ਹੈ। ਸਾਨੂੰ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਹਮੇਸ਼ਾ ਸਬਕ ਲੈਣਾ ਚਾਹੀਦਾ ਹੈ। ਕੋਸ਼ਿਸ਼ ਰਹੇ ਕਿ ਇੱਕ ਵਾਰ ਕੀਤੀ ਗਲਤੀ ਦੂਸਰੀ ਵਾਰ ਦੂਹਰਾਈ ਨਾ ਜਾਵੇ। ਕਿਉਂਕਿ ਇੱਕ ਵਾਰ ਗਲਤੀ ਇਨਸਾਨ ਕੋਲੋਂ ਹੁੰਦੀ ਹੈ ਪਰੰਤੂ ਉਸੇ ਗਲਤੀ ਨੂੰ ਦੁਬਾਰਾ ਦੂਹਰਾਉਣਾ ਮੂਰਖਤਾਈ ਕਹਿਲਾਉਂਦਾ ਹੈ। ਸੋ ਗਲਤੀਆਂ ਤੋਂ ਸਬਕ ਸਿੱਖ ਕੇ ਜੀਵਨ ਵਿੱਚ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ। ਆਪਣੀ ਜਿੰਦਗੀ ਦੇ ਤਜ਼ੁਰਬੇ ਨੂੰ ਵਧਾਉਂਦੇ ਜਾਓ ਪਰ ਬਿਨਾਂ ਗਲਤੀਆਂ ਨੂੰ ਦੂਹਰਾਏ ਕਿਉਂਕਿ ਗਲਤੀਆਂ ਕਰਨਾ ਮਾੜਾ ਨਹੀਂ ਗਲਤੀਆਂ ਨੂੰ ਵਾਰ ਵਾਰ ਦੂਹਰਾਉਣਾ ਮਾੜਾ ਹੈ। **– ਵਿਜੇ ਗਰਗ**

# ਅੱਧੀ-ਮਨ ਵਾਲੀ ਖੁਸ਼ੀ

ਹਾਲ ਹੀ ਵਿੱਚ ਜਾਰੀ ਕੀਤੇ ਗਏ 'ਖੁਸ਼ੀ ਸੂਚਕਾਂਕ' ਨੇ ਭਾਰਤ ਦੀ ਸਥਿਤੀ ਵਿੱਚ ਕੁਝ ਸੁਧਾਰ ਜ਼ਰੂਰ ਪ੍ਰਗਟ ਕੀਤਾ ਹੈ, ਪਰ ਇਹ ਕਹਿਣਾ ਸਵੀਕਾਰਯੋਗ ਨਹੀਂ ਹੈ ਕਿ ਸਾਡਾ ਖੁਸ਼ੀ ਸੂਚਕਾਂਕ ਯੂਕਰੇਨ, ਫਲਸਤੀਨ, ਨੇਪਾਲ ਅਤੇ ਪਾਕਿਸਤਾਨ ਤੋਂ ਪਿੱਛੇ ਹੈ। ਪੱਛਮੀ ਦੇਸ਼ਾਂ ਦੁਆਰਾ ਖੁਸ਼ੀ ਨਿਰਧਾਰਤ ਕਰਨ ਲਈ ਵਰਤੇ ਜਾਂਦੇ ਮਾਪਦੰਡਾਂ ਦੀ ਭਰੋਸੇਯੋਗਤਾ ਅਤੇ ਤਰਕਸ਼ੀਲਤਾ ਬਾਰੇ ਹਮੇਸ਼ਾ ਸਵਾਲ ਉਠਾਏ ਜਾਂਦੇ ਰਹੇ ਹਨ। ਬਿਨਾਂ ਸ਼ੱਕ, ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਸਾਡੀ ਤਰੱਕੀ ਦੇ ਰਾਹ 'ਤੇ, ਸਦੀਆਂ ਦੀ ਗੁਲਾਮੀ ਦਾ ਦਰਦ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ। ਬਿਨਾਂ ਸ਼ੱਕ, ਦੇਸ਼ ਵਿੱਚ ਗਰੀਬੀ ਹੈ, ਬੇਰੁਜ਼ਗਾਰੀ ਵਧੀ ਹੈ, ਮਹਿੰਗਾਈ ਹੈ, ਸਮਾਜਿਕ ਸੁਰੱਖਿਆ ਵਿੱਚ ਕਾਫ਼ੀ ਤਰੱਕੀ ਨਹੀਂ ਹੋਈ ਹੈ। ਪਰ ਪੂਰੀ ਦੁਨੀਆ ਤੋਂ ਮਦਦ ਮੰਗ ਰਹੇ ਤਬਾਹ ਹੋਏ ਫਲਸਤੀਨ, ਯੁੱਧ ਪ੍ਰਭਾਵਿਤ ਯੂਕਰੇਨ ਅਤੇ ਪਾਕਿਸਤਾਨ ਖੁਸ਼ੀ ਦੇ ਮਾਮਲੇ ਵਿੱਚ ਸਾਡੇ ਤੋਂ ਅੱਗੇ ਨਹੀਂ ਹੋ ਸਕਦੇ। ਭਾਵੇਂ ਦੇਸ਼ ਵਿੱਚ ਆਰਥਿਕ ਅਸਮਾਨਤਾ ਹੈ, ਪੂੰਜੀ ਕੁਝ ਹੱਥਾਂ ਵਿੱਚ ਕੇਂਦਰਿਤ ਹੈ, ਇਸ ਦੇ ਬਾਵਜੂਦ ਅਸੀਂ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਹਾਂ। ਅਸੀਂ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹਾਂ। ਪਰ ਇਸ ਦੇ ਬਾਵਜੂਦ, ਦਿਖਾਏ ਗਏ ਖੁਸ਼ੀ ਦੇ ਸੂਚਕ ਸਰਕਾਰਾਂ ਨੂੰ ਸ਼ੀਸ਼ਾ ਦਿਖਾਉਂਦੇ ਹਨ ਕਿ ਹਰੇਕ ਨਾਗਰਿਕ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਨੂੰ ਸੁਰੱਖਿਅਤ ਵਾਤਾਵਰਣ, ਸਮਾਜਿਕ ਸੁਰੱਖਿਆ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਸਾਨੂੰ ਸੋਚਣਾ ਚਾਹੀਦਾ ਹੈ ਕਿ ਸਾਡੀਆਂ ਨੀਤੀਆਂ ਵਿੱਚ ਕੀ ਗਲਤ ਹੋਇਆ ਹੈ ਕਿ ਸਾਨੂੰ ਅਖੌਤੀ ਖੁਸ਼ੀ ਸੂਚਕਾਂਕ ਵਿੱਚ ਗਰੀਬ ਦੇਸ਼ਾਂ ਤੋਂ ਪਿੱਛੇ ਦਿਖਾਇਆ ਜਾ ਰਿਹਾ ਹੈ। ਹਰ ਰਾਸ਼ਟਰਵਾਦੀ ਵਿਅਕਤੀ ਇਸ ਗੱਲ ਤੋਂ ਪਰੇਸ਼ਾਨ ਹੈ ਕਿ ਉਸਦਾ ਦੇਸ਼ ਖੁਸ਼ੀ ਦੇ ਮਿਆਰਾਂ ਦੇ ਮਾਮਲੇ ਵਿੱਚ ਪਛੜੇ ਦੇਸ਼ਾਂ ਤੋਂ ਵੀ ਪਿੱਛੇ ਕਿਉਂ ਹੈ। ਇਹ ਧਿਆਨ ਦੇਣ ਯੋਗ ਹੈ ਕਿ ਫਿਨਲੈਂਡ ਨੂੰ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਦੱਸਿਆ ਜਾ ਰਿਹਾ ਹੈ। ਡੈਨਮਾਰਕ ਅਤੇ ਸਵੀਡਨ ਵੀ ਇਸ ਲੜੀ ਵਿੱਚ ਹਨ। ਇਨ੍ਹਾਂ ਵਿਕਸਤ ਦੇਸ਼ਾਂ ਦੀ ਆਬਾਦੀ ਭਾਰਤ ਦੇ ਇੱਕ ਸ਼ਹਿਰ ਦੇ ਬਰਾਬਰ ਹੈ। ਇੱਥੇ ਸਾਖਰਤਾ ਦਰ ਉੱਚੀ ਹੈ ਅਤੇ ਅਮੀਰ ਸਰੋਤ ਉਪਲਬਧ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇੱਕ ਛੋਟਾ ਪਰਿਵਾਰ ਇੱਕ ਖੁਸ਼ਹਾਲ ਪਰਿਵਾਰ ਹੁੰਦਾ ਹੈ। ਸਾਡੇ ਦੇਸ਼ ਵਿੱਚ, ਸੂਬਾਈ, ਨਸਲੀ ਅਤੇ ਧਾਰਮਿਕ ਪਛਾਣ ਦੇ ਨਾਮ 'ਤੇ ਆਬਾਦੀ ਵਧਾਉਣ ਦੇ ਤਰਕ ਦਿੱਤੇ ਜਾ ਰਹੇ ਹਨ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਾਡਾ ਧਰਮ ਪਰਿਵਾਰ ਨਿਯੋਜਨ ਅਪਣਾਉਣ ਦੀ ਇਜਾਜ਼ਤ ਨਹੀਂ ਦਿੰਦਾ। ਸਰੋਤ ਸੀਮਤ ਹਨ ਅਤੇ ਖਾਣ ਲਈ ਮੂੰਹਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਫਿਰ ਵੀ, ਪ੍ਰਸ਼ਾਸਨ ਵਿੱਚ ਪ੍ਰਚਲਿਤ ਭ੍ਰਿਸ਼ਟਾਚਾਰ ਇੱਕ ਹਕੀਕਤ ਹੈ, ਜਿਸ ਬਾਰੇ ਸਮੇਂ-ਸਮੇਂ 'ਤੇ ਵੱਖ-ਵੱਖ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਅੰਕੜੇ ਆਉਂਦੇ ਰਹਿੰਦੇ ਹਨ। ਭ੍ਰਿਸ਼ਟਾਚਾਰ ਦਾ ਅਰਥ ਹੈ ਕਿਸੇ ਦੇ ਜਾਇਜ਼ ਅਧਿਕਾਰਾਂ ਦਾ ਵਿਨਾਸ਼। ਜੇਕਰ ਅਸੀਂ ਸਿੱਖਿਆ, ਸਿਹਤ ਅਤੇ ਸਮਾਜਿਕ ਸੁਰੱਖਿਆ ਦੇ ਖੇਤਰ ਵਿੱਚ ਪਛੜੇ ਹੋਏ ਹਾਂ, ਤਾਂ ਕਿਤੇ ਨਾ ਕਿਤੇ ਇਹ ਸਾਡੇ ਨੀਤੀ ਨਿਰਮਾਤਾਵਾਂ ਦੀ ਅਸਫਲਤਾ ਵੀ ਹੈ। ਇਹ ਸਾਡੇ ਲੋਕਤੰਤਰ ਦੀ ਇੱਕ ਵਿਡੰਬਨਾ ਵੀ ਹੈ ਕਿ ਜਿਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਹੈ, ਉਹ ਚੋਣਾਂ ਦੌਰਾਨ ਯੋਗ ਪ੍ਰਤੀਨਿਧੀਆਂ ਦੀ ਚੋਣ ਕਰਨ ਵਿੱਚ ਅਸਫਲ ਰਹਿੰਦੇ ਹਨ। ਇਹੀ ਕਾਰਨ ਹੈ ਕਿ ਜਨਤਕ ਪ੍ਰਤੀਨਿਧੀ ਸੰਸਥਾਵਾਂ ਵਿੱਚ ਦਾਗੀ ਨੁਮਾਇੰਦਿਆਂ ਦੀ ਮੌਜੂਦਗੀ ਵੱਧ ਰਹੀ ਹੈ। ਜਦੋਂ ਅਜਿਹੇ ਕਾਰਕ ਸਾਡੀ ਕਿਸਮਤ ਦੇ ਨਿਰਮਾਤਾ ਬਣ ਜਾਂਦੇ ਹਨ, ਤਾਂ ਖੁਸ਼ੀ ਕਿੱਥੋਂ ਆਵੇਗੀ? ਇਹ ਸਪੱਸ਼ਟ ਹੈ ਕਿ ਜੇਕਰ ਅਸੀਂ ਖੁਸ਼ੀ ਦੇ ਮਿਆਰਾਂ 'ਤੇ ਖਰੇ ਨਹੀਂ ਉਤਰੇ ਤਾਂ ਨੀਤੀ ਨਿਰਮਾਤਾਵਾਂ ਨੂੰ ਆਤਮ-ਨਿਰੀਖਣ ਕਰਨਾ ਪਵੇਗਾ। ਜਾਗਰੂਕ ਨਾਗਰਿਕ ਅਤੇ ਜ਼ਿੰਮੇਵਾਰ ਰਾਜਨੀਤਿਕ ਲੀਡਰਸ਼ਿਪ ਤਸਵੀਰ ਬਦਲ ਸਕਦੇ ਹਨ।

**– ਵਿਜੇ ਗਰਗ**

# ਸਾਵਧਾਨ ! ਗਰਮੀ ਦੇ ਤਾਪ ਤੇ ਲੂ ਤੋਂ

ਸਾਵਧਾਨ ! ਗਰਮੀ ਦੇ ਤਾਪ ਤੇ ਲੂ ਤੋਂ, ਗਰਮੀ ਦੀ ਰੁੱਤ ਸ਼ੁਰੂ ਹੋਣ ਨਾਲ ਸਰੀਰ ਵਿੱਚ ਪਸੀਨਾ ਆਉਣਾ ਸਧਾਰਨ ਗੱਲ ਹੈ, ਪਰ ਜਿਵੇਂ-ਜਿਵੇਂ ਤਾਪਮਾਨ ਚੜ੍ਹਦਾ ਹੈ, ਲੂ ਲੱਗਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਸ ਤੋ ਬਚਣ ਲਈ ਸ਼ਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦਿਉ ਅਤੇ ਹਮੇਸ਼ਾ ਹਾਈਡਰੇਟੇਡ ਰਹੋ। ਪਾਣੀ ਦੇ ਨਾਲ-ਨਾਲ ਤਾਜ਼ੇ ਫਲਾਂ ਦੇ ਰਸ, ਲੱਸੀ, ਗੁੜ-ਸ਼ੱਕਰ ਵਾਲਾ ਪਾਣੀ, ਨਾਰੀਅਲ ਪਾਣੀ, ਅਤੇ ਨਿੰਬੂ ਪਾਣੀ ਵਰਗੀਆਂ ਤਾਜ਼ਗੀ ਭਰੀਆਂ ਚੀਜ਼ਾਂ ਆਪਣੇ ਖਾਣ-ਪੀਣ ਵਿੱਚ ਸ਼ਾਮਲ ਕਰੋ। ਇਹ ਨਾ ਸਿਰਫ਼ ਪਿਆਸ ਬੁਝਾਉਣਗੀਆਂ, ਸਗੋਂ ਸਰੀਰ ਵਿੱਚ ਠੰਡਕ ਪੈਦਾ ਕਰਨਗੀਆਂ।

ਇਸ ਗਰਮੀ ਦੇ ਮੌਸਮ ਵਿੱਚ ਨਸ਼ਿਆਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ, ਕਿਉਂਕਿ ਇਹ ਪਿਆਸ ਵਧਾਉਂਦੇ ਹਨ ਅਤੇ ਸਰੀਰ ਦੀ ਪਾਣੀ ਦੀ ਲੋੜ ਨੂੰ ਹੋਰ ਵਧਾ ਦਿੰਦੇ ਹਨ। ਇੱਥੇ ਤੱਕ ਕਿ ਚਾਹ ਅਤੇ ਕਾਫੀ ਵਰਗੀਆਂ ਚੀਜ਼ਾਂ ਵੀ ਸ਼ਰੀਰ ਨੂੰ ਡੀਹਾਈਡ੍ਰੇਟ ਕਰ ਸਕਦੀਆਂ ਹਨ, ਇਸ ਲਈ ਉਨ੍ਹਾਂ ਤੋਂ ਵੀ ਪਰਹੇਜ਼ ਕਰਨਾ ਚੰਗਾ ਰਹੇਗਾ। ਲੂ ਲੱਗਣ ਤੋਂ ਬਚਣ ਲਈ ਹਲਕੇ ਰੰਗ ਦੇ ਸੂਤੀ ਅਤੇ ਢਿੱਲ੍ਹੇ ਕੱਪੜੇ ਪਹਿਨੋ, ਜੋ ਪਸੀਨਾ ਸੋਖਣ ਅਤੇ ਸਰੀਰ ਨੂੰ ਠੰਡਾ ਰੱਖਣ ਵਿੱਚ ਮਦਦ ਕਰਦੇ ਹਨ। ਜੇਕਰ ਦਿਨ ਦੇ ਸਭ ਤੋਂ ਗਰਮ ਸਮੇਂ, ਖਾਸ ਕਰਕੇ ਦੁਪਹਿਰ ਦੌਰਾਨ, ਬਾਹਰ ਜਾਣਾ ਜ਼ਰੂਰੀ ਹੋਵੇ ਤਾਂ ਸਿਰ ਤੇ ਪੱਗ, ਟੋਪੀ, ਜਾਂ ਸੂਤੀ ਰੁਮਾਲ ਪਾ ਕੇ ਜਾਓ। ਹੋਰ ਇਹ ਕਿ ਘਰ ਨੂੰ ਠੰਡਾ ਰੱਖਣ ਲਈ ਖਿੜਕੀਆਂ ਖੋਲ੍ਹ ਕੇ ਤਾਜ਼ਾ ਹਵਾ ਆਉਣ ਦਿਓ।

ਜੇਕਰ ਬਾਹਰ ਜਾਣਾ ਮਜ਼ਬੂਰੀ ਹੋਵੇ, ਤਾਂ ਆਪਣੇ ਨਾਲ ਹਮੇਸ਼ਾ ਪਾਣੀ ਦੀ ਬੋਤਲ ਰੱਖੋ ਅਤੇ ਘਰੋਂ ਨਿਕਲਣ ਤੋਂ ਪਹਿਲਾਂ ਪਾਣੀ ਦਾ ਪਿਆਲ਼ਾ ਜਾਂ ਨਿੰਬੂ ਪਾਣੀ ਪੀਕੇ ਜਾਓ। ਭਾਰੀਆਂ, ਤਲੀਆ-ਭੁਨੀਆ ਚੀਜ਼ਾਂ ਜਾਂ ਵਾਧੂ ਮਸਾਲਿਆਂ ਵਾਲੇ ਭੋਜਨ ਦੀ ਬਜਾਏ ਖੀਰਾ, ਖਰਬੂਜਾ, ਤਰਬੂਜ, ਅਤੇ ਹੋਰ ਜਲਭਰੇ ਫਲ ਖਾਓ, ਜੋ ਸਰੀਰ ਨੂੰ ਠੰਡਾ ਰੱਖਣ ਵਿੱਚ ਮਦਦ ਕਰਦੇ ਹਨ।

ਲੂ ਲੱਗਣ ਦੀ ਪਛਾਣ ਕਰਨੀ ਵੀ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਨੂੰ ਹੱਦ ਤੋਂ ਵੱਧ ਥਕਾਵਟ, ਨਬਜ਼ ਦੀ ਮੰਦ ਚਾਲ, ਚੱਕਰ ਆਉਣ, ਬੇਹੋਸ਼ੀ, ਜਾਂ ਬਹੁਤ ਪਸੀਨਾ ਆਉਣ ਵਰਗੇ ਲੱਛਣ ਮਹਿਸੂਸ ਹੋਣ, ਤਾਂ ਇਹ ਲੂ ਲੱਗਣ ਦੇ ਸੰਕੇਤ ਹੋ ਸਕਦੇ ਹਨ। ਅਜਿਹੇ ਹਾਲਾਤਾਂ ਵਿੱਚ ਤੁਰੰਤ ਵਿਅਕਤੀ ਨੂੰ ਠੰਡੀ ਥਾਂ ਤੇ ਲਿਜਾਓ, ਠੰਡੀਆਂ ਪੱਟੀਆਂ ਮੱਥੇ ਤੇ ਰੱਖੋ, ਅਤੇ ਓ।ਆਰ।ਐਸ।ਦਾ ਘੋਲ ਜਾਂ ਨਿੰਬੂ-ਸ਼ੱਕਰ ਵਾਲਾ ਪਾਣੀ ਪਿਲਾਓ। ਜੇ ਹਾਲਤ ਗੰਭੀਰ ਹੋਵੇ, ਤਾਂ ਜਲਦੀ ਤੋਂ ਜਲਦੀ ਡਾਕਟਰੀ ਮਦਦ ਲਵੋ।

ਇਸ ਗਰਮੀ ਦੀ ਰੁੱਤ ਵਿੱਚ ਸਰੀਰ ਦੀ ਪ੍ਰਤੀਰੋਧਕ ਸਕਤੀ ਨੂੰ ਤੰਦਰੁਸਤ ਰੱਖਣਾ ਵੀ ਜ਼ਰੂਰੀ ਹੈ। ਜੇਕਰ ਮਾਰਚ ਅਤੇ ਅਪ੍ਰੈਲ ਮਹੀਨਿਆਂ ਵਿੱਚ ਯੋਗ, ਜੋਗਿੰਗ, ਅਤੇ ਹੋਰ ਹਲਕੀ-ਫੁਲਕੀ ਐਕਸਰਸਾਈਜ਼ ਕਰਕੇ ਇਮਿਊਨਿਟੀ ਵਧਾ ਲਈ ਜਾਵੇ, ਤਾਂ ਮਈ-ਜੂਨ ਦੀ ਤੀਬਰ ਗਰਮੀ ਵਿੱਚ ਲੂ ਲੱਗਣ ਦੇ ਆਸਾਰ ਕਾਫ਼ੀ ਘੱਟ ਹੋ ਸਕਦੇ ਹਨ। ਇਸ ਲਈ, ਨਿੱਤ-ਰੋਜ਼ ਦੀ ਵਿਆਯਾਮ ਅਤੇ ਤੰਦਰੁਸਤ ਜੀਵਨਸ਼ੈਲੀ ਅਪਣਾਉਣੀ ਬਹੁਤ ਲਾਜ਼ਮੀ ਹੈ।

ਅਸੀਂ ਜੇਕਰ ਆਪਣੀ ਰੋਜ਼ ਦੀ ਜ਼ਿੰਦਗੀ ਵਿੱਚ ਇਹ ਸਾਵਧਾਨੀਆਂ ਅਪਣਾ ਲਈਏ, ਤਾਂ ਗਰਮੀ ਦੀ ਤੀਬਰਤਾ ਸਾਨੂੰ ਨੁਕਸਾਨ ਨਹੀਂ ਪਹੁੰਚਾ ਸਕਦੀ। ਲੂ ਅਤੇ ਬੇਹੋਸ਼ੀ ਵਰਗੀਆਂ ਸਮੱਸਿਆਵਾਂ ਤੋਂ ਬਚਣ ਲਈ, ਆਪਣਾ ਖਿਆਲ ਰੱਖੋ, ਪੂਰਾ ਹਾਈਡਰੇਟ ਰਹੋ, ਅਤੇ ਤੰਦਰੁਸਤ ਰਹੋ !



**ਲੇਖਕ-**
**ਰਾਜਿੰਦਰ ਸਿੰਘ ਰਾਜਨ**
**ਪਠਾਨਕੋਟ**

# ਪੰਜਾਬ ਵਿੱਚ ਮਨਰੇਗਾ ਦੀ ਦਿਹਾੜੀ 346/- ਰੁ ਹੋਈ - ਬਲਦੇਵ ਭਾਰਤੀ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)-** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ ਐਲ ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਅਵਾਰਡੀ ਨੇ ਦੱਸਿਆ ਕਿ ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਦੀ ਰੋਜ਼ਾਨਾ ਦਿਹਾੜੀ ਵਿੱਤੀ ਸਾਲ 2025-26 ਲਈ 1 ਅਪ੍ਰੈਲ 2025 ਤੋਂ 346/- ਰੁ: ਹੋਵੇਗੀ ਜੋ ਕਿ ਵਿੱਤੀ ਸਾਲ 2024-25 ਦੌਰਾਨ 322/-ਰੁ: ਸੀ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿੱਚ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਉਜਰਤ ਦੀਆਂ ਦਰਾਂ ਸਬੰਧੀ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਰੂਰਲ ਡਿਵੈਲਪਮੈਂਟ ਵਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗ੍ਰੰਟੀ ਕਾਨੂੰਨ-2005 ਦੀ ਧਾਰਾ 42 ਦੀ ਧਾਰਾ 6 ਦੀ ਉਪ-ਧਾਰਾ 1 ਤਹਿਤ ਨੋਟੀਫਿਕੇਸ਼ਨ ਮਿਤੀ 27 ਮਾਰਚ 2025 ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਤਾਜ਼ਾ ਨੋਟੀਫਿਕੇਸ਼ਨ ਅਨੁਸਾਰ ਇਹ ਦਿਹਾੜੀ ਹਰਿਆਣਾ ਵਿੱਚ 400/-ਰੁ:, ਸਿੱਕਿਮ ਦੇ 3 ਖੇਤਰਾਂ ਵਿੱਚ 389/-ਰੁ:, ਗੋਆ ਵਿੱਚ 378/-ਰੁ:, ਕਰਨਾਟਕ ਵਿੱਚ 370/-ਰੁ:, ਨਿਕੋਬਾਰ ਵਿੱਚ 361/-ਰੁ: ਅਤੇ ਕੇਰਲਾ ਵਿੱਚ 369/-ਰੁ: ਹੋਵੇਗੀ। ਇਸ ਤਰ੍ਹਾਂ ਪੰਜਾਬ ਦੂਸਰੇ ਰਾਜਾਂ ਦੇ ਮੁਕਾਬਲੇ ਵਿੱਚ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਦੀ ਦਰ ਮੁਤਾਬਕ 7ਵੇਂ ਸਥਾਨ 'ਤੇ ਹੋਵੇਗਾ।

ਭੋਗ 'ਤੇ ਵਿਸ਼ੇਸ਼

# ਸਬਰ, ਸੰਤੋਖ ਤੇ ਹੌਸਲੇ ਦੀ ਮੂਰਤ : ਮਾਤਾ ਮਹਿੰਦਰ ਕੌਰ ਢਿਲੋਂ

**ਉਜਾਗਰ ਸਿੰਘ**

ਮਾਤਾ ਮਹਿੰਦਰ ਕੌਰ ਢਿਲੋਂ ਸਬਰ, ਸੰਤੋਖ, ਨਮਰਤਾ, ਹਲੀਮੀ ਅਤੇ ਹੌਸਲੇ ਦਾ ਮੁਜੱਸਮਾ ਸਨ। ਉਹ 20 ਮਾਰਚ 2025 ਨੂੰ 83 ਸਾਲ ਦੀ ਉਮਰ ਵਿੱਚ ਸੰਖੇਪ ਬਿਮਾਰੀ ਤੋਂ ਬਾਅਦ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। 15 ਮਈ 1990 ਦੀ ਕਾਲੀ ਬੋਲੀ ਰਾਤ ਨੂੰ ਮਾਤਾ ਮਹਿੰਦਰ ਕੌਰ ਦੇ ਪਰਿਵਾਰ 'ਤੇ ਕਾਲੇ ਦਿਨਾਂ ਦਾ ਕਹਿਰ ਵਾਪਰ ਗਿਆ, ਉਨ੍ਹਾਂ ਦੇ ਪਤੀ ਕਾਮਰੇਡ ਜਸਵੰਤ ਸਿੰਘ ਸਰਪੰਚ ਪਿੰਡ ਢਿਲਵਾਂ ਅਤੇ ਲੜਕੀ ਨੂੰ ਸ਼ਹੀਦ ਕਰ ਦਿੱਤਾ ਗਿਆ ਤੇ ਮਾਤਾ ਮਹਿੰਦਰ ਕੌਰ ਗੰਭੀਰ ਜ਼ਖ਼ਮੀ ਹੋ ਗਏ ਸਨ। ਮਾਤਾ ਮਹਿੰਦਰ ਕੌਰ ਨੇ ਪਤੀ ਅਤੇ ਅਤੇ ਸਪੁੱਤਰੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਿਲ ਨਹੀਂ ਛੱਡਿਆ, ਸਬਰ, ਸੰਤੋਖ ਤੇ ਹੌਸਲੇ ਨਾਲ ਆਪਣੇ ਪਰਿਵਾਰ ਨੂੰ ਸੰਭਾਲਿਆ, ਪੜ੍ਹਾਇਆ, ਵਿਆਹ ਕੀਤੇ ਅਤੇ ਜ਼ਿੰਦਗੀ ਵਿੱਚ ਸਫ਼ਲ ਹੋਣ ਵਿੱਚ ਰਾਹ ਦਸੇਰਾ ਬਣੀ। ਪਿੰਡ ਵਿੱਚ ਇੱਕ ਵਿਧਵਾ ਔਰਤ ਨੂੰ ਅਜਿਹੇ ਅਸਥਿਰਤਾ ਦੇ ਹਾਲਾਤ ਵਿੱਚ ਜੀਵਨ ਬਸਰ ਕਰਨਾ ਤੇ ਬੱਚਿਆਂ ਨੂੰ ਪਾਲਣਾ ਕਿਤਨਾ ਮੁਸ਼ਕਲ ਹੁੰਦਾ ਹੈ। ਪ੍ਰੰਤੂ ਮਾਤਾ ਮਹਿੰਦਰ ਕੌਰ ਡੋਲੀ ਨਹੀਂ ਜਿਸਦਾ ਸਬੂਤ ਅੱਜ ਪਰਿਵਾਰ ਖ਼ੁਸ਼ਹਾਲੀ ਨਾਲ ਸਮਾਜ ਵਿੱਚ ਮਾਣ ਸਤਿਕਾਰ ਨਾਲ ਵਿਚਰ ਰਿਹਾ ਹੈ।



ਇਨਸਾਨ ਦੀ ਕਾਬਲੀਅਤ ਤੇ ਹੌਸਲੇ ਦਾ ਔਖੇ ਸਮੇਂ ਵਿੱਚ ਪਤਾ ਲੱਗਦਾ ਹੈ। ਸੁੱਖਮਈ ਹਾਲਾਤ ਵਿੱਚ ਤਾਂ ਹਰ ਕੋਈ ਜ਼ਿੰਦਗੀ ਆਰਾਮ ਨਾਲ ਬਸਰ ਕਰਦਾ ਹੈ, ਸਮਾਜ ਹਰ ਵਕਤ ਮਦਦ ਲਈ ਨਾਲ ਖੜ੍ਹਦਾ ਹੈ।

ਜਦੋਂ ਅਚਾਨਕ ਹਸਦੇ ਵਸਦੇ ਪਰਿਵਾਰ ਤੇ ਕੁਦਰਤ ਦਾ ਕਹਿਰ ਵਰਤਦਾ ਹੈ, ਉਦੋਂ ਮੁਸ਼ਕਲਾਂ ਦਾ ਪਹਾੜ ਟੁੱਟਦਾ ਹੈ, ਉਸ ਸਮੇਂ ਇਨਸਾਨ ਦੀ ਸਖ਼ਸ਼ੀਅਤ ਦੇ ਚੰਗੇ ਮਾੜੇ ਪਹਿਲੂਆਂ ਦੀ ਜਾਣਕਾਰੀ ਮਿਲਦੀ ਹੈ ਕਿ ਉਹ ਉਨ੍ਹਾਂ ਦਾ ਮੁਕਾਬਲਾ ਕਿਵੇਂ ਕਰਦਾ ਹੈ, ਜਿਥੇ ਮਾਤਾ ਮਹਿੰਦਰ ਕੌਰ ਦੇ ਪਤੀ ਦੇ ਸਰਪੰਚ ਹੁੰਦਿਆਂ ਕੰਮਾ ਕਾਰਾਂ ਵਾਲੇ ਲੋਕਾਂ ਦਾ ਜਮਘਟਾ ਰਹਿੰਦਾ ਸੀ ਤੇ ਉਥੇ ਉਸ ਘਰ ਵਿੱਚ ਡਰ ਦਾ ਮਾਰਾ ਕੋਈ ਵੀ ਸਹਾਰਾ ਬਣਨ ਲਈ ਤਿਆਰ ਨਹੀਂ ਸੀ। ਨਮਰਤਾ, ਸਹਿਜਤਾ ਅਤੇ ਸੰਤੁਸ਼ਟਤਾ ਦੀ ਮੂਰਤ ਮਾਤਾ ਮਹਿੰਦਰ ਕੌਰ ਨੇ ਸੰਜਮ ਦਾ ਪੱਲਾ ਫੜ੍ਹਦਿਆਂ ਪਰਿਵਾਰ ਨੂੰ ਬੁਲੰਦੀਆਂ ਤੇ ਪਹੁੰਚਾਇਆ। ਉਹ ਆਪਣੇ ਪਿੱਛੇ ਸੁਰਿੰਦਰ ਸਿੰਘ ਢਿਲੋਂ ਏ.ਡੀ.ਸੀ.ਵਿਕਾਸ ਮੁਕਤਸਰ ਸਾਹਿਬ ਸਪੁੱਤਰ, ਸਪੁੱਤਰੀ ਕੁਲਦੀਪ ਕੌਰ ਧਾਲੀਵਾਲ ਅਤੇ ਬਲਜੀਤ ਕੌਰ ਢਿਲੋਂ ਬਲਾਕ ਤੇ ਵਿਕਾਸ ਅਧਿਕਾਰੀ ਨਾਭਾ, ਨੂੰਹ ਰੀਤਇੰਦਰ ਕੌਰ, ਪੋਤਰੀ ਜੈਵੀਰ ਕੌਰ ਢਿਲੋਂ ਤੇ ਦੋਹਤੇ ਗੁਰਲਾਲ ਸਿੰਘ ਧਾਲੀਵਾਲ ਨੂੰ ਛੱਡ ਗਏ।

# ਨਵਾਂ ਪਲਾਸਟਿਕ ਰਾਤੋ-ਰਾਤ ਸਮੁੰਦਰ ਵਿੱਚ ਘੁਲ ਜਾਂਦਾ ਹੈ, ਜਿਸ ਨਾਲ ਕੋਈ ਮਾਈਕ੍ਰੋਪਲਾਸਟਿਕਸ ਨਹੀਂ ਬਚਦਾ

ਪਲਾਸਟਿਕ ਟਿਕਾਊ ਅਤੇ ਮਜ਼ਬੂਤ ਹੁੰਦੇ ਹਨ, ਜੋ ਕਿ ਵਰਤੋਂ ਦੌਰਾਨ ਬਹੁਤ ਵਧੀਆ ਹੁੰਦਾ ਹੈ ਪਰ ਜਦੋਂ ਇਹ ਵਾਤਾਵਰਣ ਵਿੱਚ ਖਤਮ ਹੋ ਜਾਂਦੇ ਹਨ ਤਾਂ ਨਿਰਾਸ਼ਾਜਨਕ ਹੁੰਦਾ ਹੈ। ਜਪਾਨ ਵਿੱਚ ਰਿਕਾਨ ਦੇ ਵਿਗਿਆਨੀਆਂ ਨੇ ਇੱਕ ਨਵੀਂ ਕਿਸਮ ਦਾ ਪਲਾਸਟਿਕ ਵਿਕਸਤ ਕੀਤਾ ਹੈ ਜੋ ਰੋਜ਼ਾਨਾ ਵਰਤੋਂ ਵਿੱਚ ਵੀ ਸਥਿਰ ਹੈ ਪਰ ਖਾਰੇ ਪਾਣੀ ਵਿੱਚ ਜਲਦੀ ਘੁਲ ਜਾਂਦਾ ਹੈ, ਸੁਰੱਖਿਅਤ ਮਿਸ਼ਰਣ ਛੱਡਦਾ ਹੈ।

ਪਲਾਸਟਿਕ ਦਾ ਫਾਇਦਾ ਇਹ ਹੈ ਕਿ ਇਹ ਮਜ਼ਬੂਤ ਸਹਿ-ਸੰਯੋਜਕ ਬੰਧਨਾਂ ਨਾਲ ਬਣੇ ਹੁੰਦੇ ਹਨ ਜੋ ਉਹਨਾਂ ਦੇ ਅਣੂਆਂ ਨੂੰ ਇਕੱਠੇ ਰੱਖਦੇ ਹਨ, ਭਾਵ ਉਹਨਾਂ ਨੂੰ ਤੋੜਨ ਲਈ ਬਹੁਤ ਊਰਜਾ ਲੱਗਦੀ ਹੈ। ਇਹੀ ਕਾਰਨ ਹੈ ਕਿ ਇਹ ਇੰਨੇ ਮਜ਼ਬੂਤ, ਲੰਬੇ ਸਮੇਂ ਤੱਕ ਚੱਲਣ ਵਾਲੇ ਅਤੇ ਪੈਕਿੰਗ ਤੋਂ ਲੈ ਕੇ ਖਿਡੌਣਿਆਂ ਤੱਕ ਹਰ ਚੀਜ਼ ਲਈ ਸੰਪੂਰਨ ਹਨ।

ਪਰ ਪਲਾਸਟਿਕ ਉਤਪਾਦ ਦੀ ਉਪਯੋਗੀ ਜ਼ਿੰਦਗੀ ਖਤਮ ਹੋਣ ਤੋਂ ਬਾਅਦ ਉਹੀ ਮਜ਼ਬੂਤ ਬੰਧਨ ਇੱਕ ਸਮੱਸਿਆ ਬਣ ਜਾਂਦੇ ਹਨ। ਉਹ ਕੱਪ ਜੋ ਤੁਸੀਂ ਇੱਕ ਵਾਰ ਵਰਤਿਆ ਸੀ ਅਤੇ ਸੁੱਟ ਦਿੱਤਾ ਸੀ, ਦਹਾਕਿਆਂ, ਇੱਥੋਂ ਤੱਕ ਕਿ ਸਦੀਆਂ ਤੱਕ ਲੈਂਡਫਿਲ ਵਿੱਚ ਰਹੇਗਾ, ਇਸ ਤੋਂ ਪਹਿਲਾਂ ਕਿ ਇਹ ਪੂਰੀ ਤਰ੍ਹਾਂ ਟੁੱਟ ਜਾਵੇ। ਅਤੇ ਜਦੋਂ ਇਹ ਹੁੰਦਾ ਹੈ, ਤਾਂ ਇਹ ਮਾਈਕ੍ਰੋਪਲਾਸਟਿਕ ਦੇ ਟੁਕੜੇ ਬਣਾਉਂਦਾ ਹੈ ਜੋ ਕੁਦਰਤੀ ਸੰਸਾਰ ਦੇ ਸਾਰੇ ਕੋਨਿਆਂ ਵਿੱਚ ਇਕੱਠੇ ਹੋ ਰਹੇ ਹਨ, ਸਾਡੇ ਆਪਣੇ ਸਰੀਰਾਂ ਸਮੇਤ, ਜਿੱਥੇ ਉਹ ਸਾਡੀ ਸਿਹਤ ਨੂੰ ਇਸ ਤਰੀਕੇ ਨਾਲ ਤਬਾਹ ਕਰ ਦਿੰਦੇ ਹਨ ਜਿਸ ਨੂੰ ਅਸੀਂ ਹੁਣੇ ਹੀ ਸਮਝਣਾ ਸ਼ੁਰੂ ਕੀਤਾ ਹੈ।

ਖੋਜਕਰਤਾਵਾਂ ਨੇ ਹੁਣ ਇੱਕ ਨਵੀਂ ਕਿਸਮ ਦਾ ਪਲਾਸਟਿਕ ਵਿਕਸਤ ਕੀਤਾ ਹੈ ਜੋ ਲੋੜ ਪੈਣ 'ਤੇ ਆਮ ਸਮਾਨ ਵਾਂਗ ਹੀ ਕੰਮ ਕਰ ਸਕਦਾ ਹੈ, ਅਤੇ ਜਦੋਂ ਇਹ ਲੋੜ ਨਹੀਂ ਹੁੰਦੀ ਤਾਂ ਆਸਾਨੀ ਨਾਲ ਸੁਰੱਖਿਅਤ ਮਿਸ਼ਰਣਾਂ ਵਿੱਚ ਟੁੱਟ ਜਾਂਦਾ ਹੈ। ਟੀਮ ਦੇ ਅਨੁਸਾਰ, ਇਹ ਸੁਪਰਮੋਲੀਕੂਲਰ ਪੋਲੀਮਰਾਂ ਵਜੋਂ ਜਾਣੇ ਜਾਂਦੇ ਪਦਾਰਥਾਂ ਤੋਂ ਬਣਿਆ ਹੈ, ਜਿਨ੍ਹਾਂ ਵਿੱਚ ਉਲਟਾਉਣ ਵਾਲੇ ਬੰਧਨ ਹੁੰਦੇ ਹਨ ਜੋ ਸਟਿੱਕੀ ਨੋਟਸ ਵਾਂਗ ਕੰਮ ਕਰਦੇ ਹਨ ਜਿਨ੍ਹਾਂ ਨੂੰ ਜੋੜਿਆ, ਹਟਾਇਆ ਅਤੇ ਦੁਬਾਰਾ ਜੋੜਿਆ ਜਾ ਸਕਦਾ ਹੈ।

ਟੀਮ ਇੱਕ ਖਾਸ ਕਿਸਮ ਦਾ ਸੁਪਰਮੋਲੀਕੂਲਰ ਪੋਲੀਮਰ ਬਣਾਉਣਾ ਚਾਹੁੰਦੀ ਸੀ ਜੋ ਪਲਾਸਟਿਕ ਦੇ ਆਮ ਵਰਤੋਂ ਲਈ ਕਾਫ਼ੀ ਮਜ਼ਬੂਤ ਹੋਵੇ, ਪਰ ਇਸਨੂੰ ਲੋੜ ਪੈਣ 'ਤੇ ਜਲਦੀ ਟੁੱਟਣ ਲਈ ਵੀ ਬਣਾਇਆ ਜਾ ਸਕਦਾ ਹੈ, ਹਲਕੇ ਹਾਲਾਤਾਂ ਵਿੱਚ ਅਤੇ ਸਿਰਫ਼ ਗੈਰ-ਜ਼ਹਿਰੀਲੇ ਮਿਸ਼ਰਣ ਛੱਡੇ ਜਾ ਸਕਦੇ ਹਨ।

ਅਣੂਆਂ ਦੀ ਇੱਕ ਸ਼੍ਰੇਣੀ ਦੀ ਜਾਂਚ ਕਰਨ ਤੋਂ ਬਾਅਦ, ਖੋਜਕਰਤਾਵਾਂ ਨੇ ਇੱਕ ਖਾਸ ਸੁਮੇਲ ਦੀ ਪਛਾਣ ਕੀਤੀ ਜਿਸ ਵਿੱਚ ਸਹੀ ਗੁਣ ਜਾਪਦੇ ਸਨ - ਸੋਡੀਅਮ ਹੈਕਸਾਮੇਟਾਫਾਸਫੇਟ, ਜੋ ਕਿ ਇੱਕ ਆਮ ਭੋਜਨ ਜੋੜ ਹੈ, ਅਤੇ ਗੁਆਨੀਡੀਨੀਅਮ ਆਇਨਾਂ 'ਤੇ ਅਧਾਰਤ ਮੋਨੋਮਰ, ਜੋ ਖਾਦਾਂ ਵਿੱਚ ਵਰਤੇ ਜਾਂਦੇ ਹਨ। ਜਦੋਂ ਇਹ ਦੋਵੇਂ ਮਿਸ਼ਰਣ ਪਾਣੀ ਵਿੱਚ ਇਕੱਠੇ ਮਿਲਾਏ ਜਾਂਦੇ ਹਨ, ਤਾਂ ਉਹ ਇੱਕ ਚਿਪਚਿਪਾ ਪਦਾਰਥ ਬਣਾਉਂਦੇ ਹਨ ਜਿਸਨੂੰ ਪਲਾਸਟਿਕ ਬਣਾਉਣ ਲਈ ਸੁਕਾਇਆ ਜਾ ਸਕਦਾ ਹੈ।

ਦੋ ਤੱਤਾਂ ਵਿਚਕਾਰ ਇੱਕ ਪ੍ਰਤੀਕ੍ਰਿਆ ਅਣੂਆਂ ਵਿਚਕਾਰ "ਲੂਣ ਪੁਲ" ਬਣਾਉਂਦੀ ਹੈ ਜੋ ਸਮੱਗਰੀ ਨੂੰ ਮਜ਼ਬੂਤ ਅਤੇ ਲਚਕਦਾਰ ਬਣਾਉਂਦੇ ਹਨ, ਜਿਵੇਂ ਕਿ ਰਵਾਇਤੀ ਪਲਾਸਟਿਕ। ਹਾਲਾਂਕਿ, ਜਦੋਂ ਉਹਨਾਂ ਨੂੰ ਖਾਰੇ ਪਾਣੀ ਵਿੱਚ ਭਿੱਜਿਆ ਜਾਂਦਾ ਹੈ, ਤਾਂ ਇਲੈਕਟ੍ਰੋਲਾਈਟਸ ਉਹਨਾਂ ਬੰਧਨਾਂ ਨੂੰ ਖੋਲ੍ਹ ਦਿੰਦੇ ਹਨ, ਅਤੇ ਸਮੱਗਰੀ ਘੁਲ ਜਾਂਦੀ ਹੈ।

ਇੱਕ ਕਲਾਕਾਰ ਦਾ ਨਵੇਂ ਪਲਾਸਟਿਕ ਦਾ ਪ੍ਰਭਾਵ, ਪਾਣੀ ਦੇ ਉੱਪਰ ਮਜ਼ਬੂਤ ਬੰਧਨਾਂ ਨੂੰ ਦਰਸਾਉਂਦਾ ਹੈ ਅਤੇ ਖਾਰੇ ਪਾਣੀ ਵਿੱਚ ਡੁੱਬਣ 'ਤੇ ਉਹ ਕਿਵੇਂ ਟੁੱਟਦੇ ਹਨ। ਇੱਕ ਕਲਾਕਾਰ ਦਾ ਨਵੇਂ ਪਲਾਸਟਿਕ ਦਾ ਪ੍ਰਭਾਵ, ਪਾਣੀ ਦੇ ਉੱਪਰ ਮਜ਼ਬੂਤ ਬੰਧਨਾਂ ਨੂੰ ਦਰਸਾਉਂਦਾ ਹੈ ਅਤੇ ਖਾਰੇ ਪਾਣੀ ਵਿੱਚ ਡੁੱਬਣ 'ਤੇ ਉਹ ਕਿਵੇਂ ਟੁੱਟਦੇ ਹਨ। ਅਭਿਆਸ ਵਿੱਚ, ਟੀਮ ਨੇ ਪਾਇਆ ਕਿ ਵਰਤੋਂ ਦੌਰਾਨ ਇਹ ਸਮੱਗਰੀ ਆਮ ਪਲਾਸਟਿਕ ਜਿੰਨੀ ਹੀ ਮਜ਼ਬੂਤ ਸੀ, ਅਤੇ ਜਲਣਸ਼ੀਲ ਨਹੀਂ ਸੀ, ਰੰਗਹੀਣ ਅਤੇ ਪਾਰਦਰਸ਼ੀ ਸੀ। ਹਾਲਾਂਕਿ ਖਾਰੇ ਪਾਣੀ ਵਿੱਚ ਡੁਬੋ ਕੇ, ਪਲਾਸਟਿਕ ਲਗਭਗ ਸਾਢੇ ਅੱਠ ਘੰਟਿਆਂ ਵਿੱਚ ਪੂਰੀ ਤਰ੍ਹਾਂ ਘੁਲ ਗਿਆ।

ਕਿਸੇ ਵੀ ਸੜਨਯੋਗ ਪਲਾਸਟਿਕ ਸਮੱਗਰੀ ਵਿੱਚ ਇੱਕ ਵੱਡੀ ਰੁਕਾਵਟ ਹੈ: ਕੀ ਹੋਵੇਗਾ ਜੇਕਰ ਇਹ ਤੁਹਾਡੀ ਇੱਛਾ ਤੋਂ ਪਹਿਲਾਂ ਹੀ ਆਪਣੇ ਵਿਨਾਸ਼ ਲਈ ਉਤਪ੍ਰੇਰਕ ਦੇ ਸੰਪਰਕ ਵਿੱਚ ਆ ਜਾਵੇ? ਇੱਕ ਪਲਾਸਟਿਕ ਕੱਪ ਚੰਗਾ ਨਹੀਂ ਹੈ ਜੇਕਰ ਕੁਝ ਤਰਲ ਪਦਾਰਥ ਇਸਨੂੰ ਘੁਲ ਸਕਦੇ ਹਨ, ਆਖ਼ਰਕਾਰ।

ਇਸ ਮਾਮਲੇ ਵਿੱਚ, ਟੀਮ ਨੇ ਪਾਇਆ ਕਿ ਹਾਈਡ੍ਰੋਫੋਬਿਕ ਕੋਟਿੰਗ ਲਗਾਉਣ ਨਾਲ ਸਮੱਗਰੀ ਦੇ ਜਲਦੀ ਟੁੱਟਣ ਤੋਂ ਰੋਕਿਆ ਗਿਆ। ਜਦੋਂ ਤੁਸੀਂ ਆਖਰਕਾਰ ਇਸਨੂੰ ਨਿਪਟਾਉਣਾ ਚਾਹੁੰਦੇ ਹੋ, ਤਾਂ ਸਤ੍ਹਾ 'ਤੇ ਇੱਕ ਸਧਾਰਨ ਸਕ੍ਰੈਚ ਖਾਰੇ ਪਾਣੀ ਨੂੰ ਵਾਪਸ ਅੰਦਰ ਜਾਣ ਲਈ ਕਾਫ਼ੀ ਸੀ, ਜਿਸ ਨਾਲ ਸਮੱਗਰੀ ਗੈਰ-ਕੋਟੇਡ ਸ਼ੀਟਾਂ ਵਾਂਗ ਹੀ ਤੇਜ਼ੀ ਨਾਲ ਘੁਲ ਜਾਂਦੀ ਸੀ।

ਜਦੋਂ ਕਿ ਕੁਝ ਬਾਇਓਡੀਗ੍ਰੇਡੇਬਲ ਪਲਾਸਟਿਕ ਅਜੇ ਵੀ ਨੁਕਸਾਨਦੇਹ ਮਾਈਕ੍ਰੋਪਲਾਸਟਿਕਸ ਛੱਡ ਸਕਦੇ ਹਨ, ਇਹ ਸਮੱਗਰੀ ਨਾਈਟ੍ਰੋਜਨ ਅਤੇ ਫਾਸਫੋਰਸ ਵਿੱਚ ਟੁੱਟ ਜਾਂਦੀ ਹੈ, ਜੋ ਕਿ ਪੌਦਿਆਂ ਅਤੇ ਰੋਗਾਣੂਆਂ ਲਈ ਲਾਭਦਾਇਕ ਪੌਸ਼ਟਿਕ ਤੱਤ ਹਨ। ਹਾਲਾਂਕਿ, ਇਹਨਾਂ ਵਿੱਚੋਂ ਬਹੁਤ ਜ਼ਿਆਦਾ ਵਾਤਾਵਰਣ ਲਈ ਵੀ ਵਿਘਨਕਾਰੀ ਹੋ ਸਕਦਾ ਹੈ, ਇਸ ਲਈ ਟੀਮ ਸੁਝਾਅ ਦਿੰਦੀ ਹੈ ਕਿ ਸਭ ਤੋਂ ਵਧੀਆ ਪ੍ਰਕਿਰਿਆ ਵਿਸ਼ੇਸ਼ ਪੌਦਿਆਂ ਵਿੱਚ ਰੀਸਾਈਕਲਿੰਗ ਦਾ ਵੱਡਾ ਹਿੱਸਾ ਕਰਨਾ ਹੋ ਸਕਦਾ ਹੈ, ਜਿੱਥੇ ਨਤੀਜੇ ਵਜੋਂ ਆਉਣ ਵਾਲੇ ਤੱਤਾਂ ਨੂੰ ਭਵਿੱਖ ਵਿੱਚ ਵਰਤੋਂ ਲਈ ਪ੍ਰਾਪਤ ਕੀਤਾ ਜਾ ਸਕਦਾ ਹੈ।

ਪਰ ਜੇ ਇਸ ਵਿੱਚੋਂ ਕੁਝ ਸਮੁੰਦਰ ਵਿੱਚ ਖਤਮ ਹੋ ਜਾਂਦਾ ਹੈ, ਤਾਂ ਇਹ ਮੌਜੂਦਾ ਪਲਾਸਟਿਕ ਕੂੜੇ ਦੇ ਮੁਕਾਬਲੇ ਬਹੁਤ ਘੱਟ ਨੁਕਸਾਨਦੇਹ ਹੋਵੇਗਾ, ਅਤੇ ਸੰਭਵ ਤੌਰ 'ਤੇ ਲਾਭਦਾਇਕ ਵੀ ਹੋਵੇਗਾ।

**– ਵਿਜੇ ਗਰਗ**

# ਅਪ੍ਰੈਲ - ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ

## ਦਲਿਤਾਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। 2 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।



ਐਡਵੋਕੇਟ ਕੁਲਦੀਪ ਚੰਦ
91-9417563054

**(ਇਤਿਹਾਸ ਦੇ ਝਰੋਖੇ 'ਚੋਂ ਅਪ੍ਰੈਲ ਮਹੀਨਾ)**

ਦਲਿਤ ਇਤਿਹਾਸ ਮਹੀਨਾ ਅਪ੍ਰੈਲ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ਤੇ ਮਾਨਤਾ ਪ੍ਰਾਪਤ ਬਲੈਕ ਹਿਸਟਰੀ ਮਹੀਨੇ ਦੇ ਬਾਅਦ ਤਿਆਰ ਕੀਤਾ ਗਿਆ ਦਲਿਤ ਇਤਿਹਾਸ ਮਹੀਨਾ ਹਰ ਸਾਲ ਹਾਸ਼ੀਏ ਤੇ ਪਈਆਂ ਜਾਤੀਆਂ ਦੇ ਇਤਿਹਾਸ, ਰਾਜਨੀਤਿਕ ਵਿਚਾਰਾਂ ਅਤੇ ਸੱਭਿਆਚਾਰ ਨੂੰ ਉਜਾਗਰ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ। ਦਲਿਤ ਜਿਸਨੂੰ ਪਹਿਲਾਂ ਅਛੂਤ ਵੀ ਕਿਹਾ ਜਾਂਦਾ ਸੀ ਅਖੌਤੀ ਜਾਤੀ ਪ੍ਰਥਾ ਅਨੁਸਾਰ ਦਾ ਸਭ ਤੋਂ ਹੇਠਲਾ ਪੱਧਰ ਹੈ।ਦਲਿਤਾਂ ਨੂੰ ਵਰਣ ਪ੍ਰਣਾਲੀ ਅਨੁਸਾਰ ਪੰਜਵੇਂ ਵਰਣ ਦੇ ਰੂਪ ਵਿਚ ਦੇਖਿਆ ਗਿਆ ਜਿਨ੍ਹਾਂ ਨੂੰ ਛੂਹਣਾ ਵੀ ਪਾਪ ਮੰਨਿਆਂ ਜਾਂਦਾ ਸੀ। ਦਲਿਤ ਹਿੰਦੂ ਧਰਮ, ਬੁੱਧ ਧਰਮ, ਸਿੱਖ ਧਰਮ, ਇਸਾਈ ਧਰਮ ਅਤੇ ਇਸਲਾਮ ਸਮੇਤ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰਖਦੇ ਹਨ ਪਰ ਬਹੁਤੇ ਧਰਮਾਂ ਵਿੱਚ ਅਜੇ ਤੱਕ ਵੀ ਜਾਤ ਅਧਾਰਿਤ ਵਿਤਕਰਾ ਫੈਲਿਆ ਹੋਇਆ ਹੈ। ਹਜ਼ਾਰਾਂ ਸਾਲਾਂ ਤੋਂ ਦਲਿਤਾਂ, ਬਹੁਜਨਾਂ, ਆਦਿਵਾਸੀਆਂ ਅਤੇ ਹੋਰ ਹਾਸ਼ੀਏ ਵਾਲੀਆਂ ਜਾਤੀਆਂ ਨੂੰ ਵੱਖ-ਵੱਖ ਰੂਪਾਂ ਵਿੱਚ ਯੋਜਨਾਬੱਧ ਅੱਤਿਆਚਾਰਾਂ ਦਾ ਸ਼ਿਕਾਰ ਬਣਾਇਆ ਗਿਆ ਹੈ। ਇਹ ਵਿਵਸਥਿਤ ਜ਼ੁਲਮ ਅਤੇ ਅੱਤਿਆਚਾਰ ਅਕਾਦਮਿਕ ਅਦਾਰਿਆਂ ਤੋਂ ਲੈ ਕੇ ਕਾਰਪੋਰੇਟਸ ਤੱਕ ਸੰਸਥਾਗਤ ਪੱਧਰ ਤੱਕ ਪ੍ਰਗਟ ਹੁੰਦੇ ਹਨ। ਵੱਖ-ਵੱਖ ਸਰਕਾਰਾਂ ਦੁਆਰਾ ਵੱਖ-ਵੱਖ ਸੰਵਿਧਾਨਕ ਸੁਧਾਰਾਂ ਅਤੇ ਨੀਤੀਆਂ ਦੇ ਬਾਵਜੂਦ ਅੱਜ ਵੀ ਭਾਈਚਾਰਾ ਖ਼ਤਰੇ ਅਤੇ ਹਿੰਸਾ ਦਾ ਸਾਹਮਣਾ ਕਰ ਰਿਹਾ ਹੈ। ਜਾਤ-ਪਾਤ ਇੰਨੀ ਜਕੜ ਚੁੱਕੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਵੀ ਇਸ ਦਾ ਅਭਿਆਸ ਕੀਤਾ ਜਾਂਦਾ ਹੈ। ਦਲਿਤ ਭਾਰਤੀ ਆਬਾਦੀ ਦਾ ਲੱਗਭੱਗ 25% ਅਤੇ ਵਿਸ਼ਵ ਦੀ ਆਬਾਦੀ ਦਾ 5% ਹਿੱਸਾ ਹਨ। ਇਹ ਵੀ ਕੌੜਾ ਸੱਚ ਹੈ ਕਿ ਦਲਿਤਾਂ ਨੂੰ ਬਹੁਤੇ ਜਨਤਕ ਅਦਾਰਿਆਂ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦਲਿਤ ਨੌਕਰਸ਼ਾਹਾਂ ਲਈ ਰਾਖਵੇਂਕਰਨ ਰਾਹੀਂ ਸਿਸਟਮ ਵਿੱਚ ਦਾਖਲਾ ਯਕੀਨੀ ਬਣਾਇਆ ਜਾਂਦਾ ਹੈ ਪਰ ਉਨ੍ਹਾਂ ਨੂੰ ਵੀ ਅਕਸਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਸਲੇ ਲੈਣ ਦੇ ਪੱਧਰ ਤੇ ਅਕਸਰ ਹੀ ਅਖੌਤੀ ਉੱਚ ਜਾਤੀਆਂ ਦਾ ਦਬਦਬਾ ਬਣਿਆ ਰਹਿੰਦਾ ਹੈ। ਦਲਿਤਾਂ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਧਰ ਤੇ ਵਿਤਕਰਾ ਅਜੇ ਵੀ ਵੇਖਣ ਨੂੰ ਮਿਲਦਾ ਹੈ। ਦਲਿਤ ਇਤਿਹਾਸ ਮਹੀਨਾ ਜਨਤਕ ਥਾਵਾਂ ਤੇ ਦਲਿਤਾਂ ਦਾ ਸਾਹਮਣਾ ਅਤੇ ਵਿਰੋਧ ਕਰਨ ਵਾਲੀ ਰੋਜ਼ਾਨਾ ਹਿੰਸਾ, ਇਤਿਹਾਸ ਜੋ ਮਿਟਿਆ ਜਾਪਦਾ ਹੈ ਅਤੇ ਸਮਾਜ, ਰਾਜਨੀਤੀ ਅਤੇ ਵਪਾਰ ਵਿੱਚ ਪ੍ਰਤੀਨਿਧਤਾ ਜੋ ਪ੍ਰਾਪਤ ਕਰਨਾ ਬਾਕੀ ਹੈ ਬਾਰੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ। ਕਾਲਾ ਇਤਿਹਾਸ ਮਹੀਨੇ ਤੋਂ ਪ੍ਰੇਰਿਤ ਹੋਕੇ ਨੌਜਵਾਨ ਦਲਿਤ ਔਰਤਾਂ ਦੇ ਇੱਕ ਸਮੂਹ ਨੇ 2013 ਵਿੱਚ ਦਲਿਤ ਇਤਿਹਾਸ ਮਹੀਨਾ ਸ਼ੁਰੂ ਕੀਤਾ ਸੀ। ਸੰਘਪਾਲੀ ਅਰੁਣਾ ਅਤੇ ਥਨਮੋਜ਼ੀ ਸੁੰਦਰਰਾਜਨ ਨੇ ਸ਼ਿਕਾਗੋ ਵਿੱਚ ਕਲਰ ਆਫ਼ ਵਾਇਲੈਂਸ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਵਿਚਾਰ ਪੇਸ਼ ਕੀਤੇ ਸਨ।ਦਲਿਤ ਇਤਿਹਾਸ ਮਹੀਨਾ ਪਹਿਲੀ ਵਾਰ ਸੰਯੁਕਤ ਰਾਜ ਅਮਰੀਕਾ ਵਿੱਚ ਅਪ੍ਰੈਲ 2014 ਵਿੱਚ ਮਨਾਇਆ ਗਿਆ ਸੀ। ਇਸ ਪਹਿਲਕਦਮੀ ਦੀ ਅਗਵਾਈ ਦਲਿਤ ਪਿਛੋਕੜ ਵਾਲੇ ਕਾਰਕੁੰਨਾਂ, ਵਿਦਵਾਨਾਂ ਅਤੇ ਕਲਾਕਾਰਾਂ ਦੁਆਰਾ ਕੀਤੀ ਗਈ ਸੀ। ਇਸਦਾ ਉਦੇਸ਼ ਦਲਿਤ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਸਵੀਕਾਰ ਕਰਨ ਅਤੇ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਸੀ ਜਿਨ੍ਹਾਂ ਨੇ ਇਤਿਹਾਸਕ ਤੌਰ ਤੇ ਜਾਤੀ-ਅਧਾਰਤ ਹਿੰਸਾ ਅਤੇ ਪ੍ਰਣਾਲੀਗਤ ਜ਼ੁਲਮ ਦਾ ਸਾਹਮਣਾ ਕਰਨ ਵਿੱਚ ਬਹੁਤ ਜ਼ਿਆਦਾ ਲਚਕੀਲੇਪਣ ਅਤੇ ਏਜੰਸੀ ਦਾ ਪ੍ਰਦਰਸ਼ਨ ਕੀਤਾ ਹੈ। ਦਲਿਤ ਇਤਿਹਾਸ ਮਹੀਨੇ ਦਾ ਉਦੇਸ਼ ਦਲਿਤਾਂ ਦੀਆਂ ਕਹਾਣੀਆਂ ਅਤੇ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਲਿਆਉਣਾ ਹੈ ਜੋ ਅਕਸਰ ਮੁੱਖ ਧਾਰਾ ਦੇ ਇਤਿਹਾਸਕ ਬਿਰਤਾਂਤ ਵਿੱਚ ਹਾਸ਼ੀਏ ਤੇ ਜਾਂ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਇਸਦਾ ਉਦੇਸ਼ ਅਕਾਦਮਿਕ ਖੋਜ ਅਤੇ ਮੀਡੀਆ ਵਿੱਚ ਦਲਿਤ ਪ੍ਰਤੀਨਿਧਤਾ ਦੀ ਕਮੀ ਨੂੰ ਵੀ ਘਟਾਉਣਾ ਹੈ। ਦਲਿਤ ਇਤਿਹਾਸ ਮਹੀਨੇ ਨੇ ਸੰਯੁਕਤ ਰਾਜ ਤੋਂ ਬਾਹਰ ਆਪਣੀ ਪਹੁੰਚ ਦਾ ਵਿਸਤਾਰ ਕੀਤਾ ਹੈ, ਵੱਖ-ਵੱਖ ਦੇਸ਼ਾਂ ਦੇ ਨਾਲ ਇਸ ਯਾਦਗਾਰ ਵਿੱਚ ਸ਼ਾਮਲ ਹੋਏ। ਦਲਿਤ ਭਾਈਚਾਰਿਆਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਘੋਸ਼ਣਾ ਨਾ ਸਿਰਫ਼ ਇਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦੀ ਹੈ ਸਗੋਂ ਮੁਸ਼ਕਿਲਾਂ ਤੇ ਕਾਬੂ ਪਾਉਣ ਅਤੇ ਸਮਾਜਿਕ ਨਿਆਂ ਅਤੇ ਸਾਰਿਆਂ ਲਈ ਬਰਾਬਰੀ ਦੀ ਵਕਾਲਤ ਕਰਨ ਵਿੱਚ ਦਲਿਤ ਭਾਈਚਾਰੇ ਦੀ ਤਾਕਤ ਅਤੇ ਲਚਕੀਲੇਪਣ ਨੂੰ ਵੀ ਸਵੀਕਾਰ ਕਰਦੀ ਹੈ। ਭਾਰਤ ਵਿੱਚ, ਦਲਿਤ ਅੰਦੋਲਨ ਦੇ ਜਨਮ ਸਥਾਨ ਅਪ੍ਰੈਲ ਦਾ ਮਹੀਨਾ ਦਲਿਤ ਸਰਗਰਮੀ, ਸੱਭਿਆਚਾਰਕ ਸਮਾਗਮਾਂ ਅਤੇ ਅਕਾਦਮਿਕ ਚਰਚਾਵਾਂ ਲਈ ਇੱਕ ਮੌਕੇ ਵਜੋਂ ਕੰਮ ਕਰਦਾ ਹੈ। ਇਸੇ ਤਰ੍ਹਾਂ ਯੂਨਾਈਟਿਡ ਕਿੰਗਡਮ, ਕੈਨੇਡਾ, ਨੇਪਾਲ ਅਤੇ ਅਸਟਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਦਲਿਤ ਭਾਈਚਾਰਿਆਂ ਨੇ ਆਪਣੇ ਬਿਰਤਾਂਤ ਨੂੰ ਮੁੜ ਦਾਅਵਾ ਕਰਨ ਅਤੇ ਆਪਣੀ ਮੌਜੂਦਗੀ ਦਾ ਦਾਅਵਾ ਕਰਨ ਲਈ ਇਸ ਤਿਉਹਾਰ ਨੂੰ ਅਪਣਾਇਆ ਹੈ।ਵਿਕਟੋਰੀਆ ਵਿੱਚ ਐਨਡੀਪੀ ਸਰਕਾਰ ਨੇ ਅਪ੍ਰੈਲ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਹੈ।ਰੈਡੀਕਲ ਦੇਸੀ ਦੁਆਰਾ ਭੇਜੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਇੱਕ ਆਨਲਾਈਨ ਮੈਗਜ਼ੀਨ ਜੋ ਵਿਕਲਪਕ ਰਾਜਨੀਤੀ ਨੂੰ ਕਵਰ ਕਰਦੀ ਹੈ ਸੂਬਾਈ ਅਟਾਰਨੀ ਜਨਰਲ ਅਤੇ ਲੈਫਟੀਨੈਂਟ ਗਵਰਨਰ ਨੇ ਅਪ੍ਰੈਲ 2022 ਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕਰਨ ਵਾਲੇ ਘੋਸ਼ਣਾ ਪੱਤਰ ਤੇ ਦਸਤਖਤ ਕੀਤੇ ਹਨ।ਦਲਿਤਾਂ ਦੁਆਰਾ ਦਰਪੇਸ਼ ਪ੍ਰਣਾਲੀਗਤ ਜ਼ੁਲਮ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਵਕਾਲਤ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ। ਇਹ ਭਾਰਤ ਅਤੇ ਵਿਸ਼ਵ ਭਰ ਵਿੱਚ ਹਾਸ਼ੀਏ ਤੇ ਰਹਿ ਰਹੇ ਭਾਈਚਾਰਿਆਂ ਵਿੱਚ ਏਕਤਾ ਨੂੰ ਵਧਾਉਣ, ਜਾਤ ਨਾਲ ਜੁੜੇ ਰੂੜ੍ਹੀਵਾਦੀ ਵਿਚਾਰਾਂ ਅਤੇ ਪੱਖਪਾਤਾਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਵੀ ਕਰਦਾ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਾਨਤਾ ਦਿੱਤੀ ਹੈ।ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਕਿਹਾ ਕਿ ਉਹ ਰੰਗਾਂ ਅਤੇ ਆਦਿਵਾਸੀ ਲੋਕਾਂ ਵਿਰੁੱਧ ਭੇਦਭਾਵ ਅਤੇ ਨਸਲਵਾਦ ਦੁਆਰਾ ਪ੍ਰੇਰਿਤ ਵਿਤਕਰੇ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਵਿਰੁੱਧ ਲੜਨ ਅਤੇ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਲਿਆਉਣ ਲਈ ਮਹੀਨਾ ਮਨਾ ਰਹੀ ਹੈ।ਬਰਲਿੰਗਟਨ ਸ਼ਹਿਰ ਦੀ ਮੇਅਰ ਮਾਰੀਅਨ ਮੀਡ ਵਾਰਡ ਦੁਆਰਾ ਜਾਰੀ ਘੋਸ਼ਣਾ ਵਿੱਚ ਲਿਖਿਆ ਹੈ ਕਿ ਜਦੋਂ ਕਿ ਅਪ੍ਰੈਲ ਦਾ ਮਹੀਨਾ ਦਲਿਤ ਭਾਈਚਾਰਿਆਂ ਲਈ ਮਹੱਤਵਪੂਰਨ ਮਹੱਤਵ ਰੱਖਦਾ ਹੈ, ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਜੋਤੀਰਾਓ ਫੂਲੇ ਵਰਗੇ ਜਾਤੀ ਅਧਾਰਤ ਵਿਤਕਰੇ ਦੇ ਵਿਰੁੱਧ ਅੰਦੋਲਨ ਵਿੱਚ ਪ੍ਰਮੁੱਖ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ ਸ਼ਾਮਲ ਹੈ ਇਸ ਲਈ ਬਰਲਿੰਗਟਨ ਸ਼ਹਿਰ ਵਿੱਚ ਅਪ੍ਰੈਲ 2024 ਨੂੰ ਦਲਿਤ ਇਤਿਹਾਸ ਮਹੀਨਾ ਵਜੋਂ ਘੋਸ਼ਣਾ ਕੀਤੀ ਜਾਂਦੀ ਹੈ। ਪਿਛਲੇ ਸਾਲ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅਪ੍ਰੈਲ ਨੂੰ "ਦਲਿਤ ਇਤਿਹਾਸ ਮਹੀਨਾ"ਵਜੋਂ ਮਨੋਨੀਤ ਕਰਨ ਵਾਲਾ ਉੱਤਰੀ ਅਮਰੀਕਾ ਦਾ ਪਹਿਲਾ ਸੂਬਾ ਬਣ ਕੇ ਇਤਿਹਾਸ ਰਚਿਆ ਸੀ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਇੱਕ ਸ਼ਹਿਰ ਬਰਨਬੀ ਨੇ ਸੁਰੱਖਿਅਤ ਸ਼੍ਰੇਣੀਆਂ ਦੀ ਸੂਚੀ ਵਿੱਚ ਜਾਤੀ ਨੂੰ ਜੋੜ ਕੇ ਮਹੱਤਵਪੂਰਨ ਕਦਮ ਚੁੱਕੇ ਹਨ ਸ਼ਹਿਰ ਦੇ ਅੰਦਰ ਜਾਤ-ਆਧਾਰਿਤ ਵਿਤਕਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਹੈ। ਇਹ ਕਦਮ ਅਮਰੀਕਾ ਦੇ ਗੁਆਂਢੀ ਦੇਸ਼ ਸੀਏਟਲ ਦੀ ਸਿਟੀ ਕੌਂਸਲ ਵੱਲੋਂ ਅਜਿਹਾ ਕਰਨ ਤੋਂ ਦੋ ਮਹੀਨੇ ਬਾਅਦ ਕੀਤਾ ਗਿਆ ਹੈ।ਅਪ੍ਰੈਲ ਮਹੀਨਾ ਦਲਿਤ ਨੇਤਾ ਅਤੇ ਵਿਸ਼ਵ ਪ੍ਰਸਿੱਧ ਵਿਦਵਾਨ ਡਾਕਟਰ ਭੀਮ ਰਾਓ ਅੰਬੇਡਕਰ, ਦਲਿਤਾਂ ਅਤੇ ਮਹਿਲਾਵਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲਣ ਵਾਲੇ ਮਹਾਤਮਾ ਜੋਤੀਰਾਓ ਫੂਲੇ, ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਨਾਲ ਵੀ ਸਬੰਧਿਤ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਮਹਾਤਮਾ ਜੋਤੀਰਾਓ ਫੂਲੇ ਦੋਵੇਂ ਮਹਾਰਾਸ਼ਟਰ ਵਿੱਚ ਪੈਦਾ ਹੋਏ ਜਦਕਿ ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਪੰਜਾਬ ਨਾਲ ਸਬੰਧਿਤ ਹਨ। 02 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇਸਤੋਂ ਇਲਾਵਾ ਅਪ੍ਰੈਲ ਮਹੀਨੇ ਨਾਲ ਕਈ ਹੋਰ ਇਤਿਹਾਸਕ ਘਟਨਾਵਾਂ ਵੀ ਜੁੜ੍ਹੀਆਂ ਹੋਈਆਂ ਹਨ ਜਿਵੇਂ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਸਲਾਹ ਤੇ 01 ਅਪ੍ਰੈਲ 1935 ਨੂੰ ਰਿਜਰਵ ਬੈਂਕ ਦੀ ਸਥਾਪਨਾ ਹੋਈ ਸੀ। 05 ਅਪ੍ਰੈਲ 1908 ਨੂੰ ਦਲਿਤ ਆਗੂ ਸਾਬਕਾ ਉੱਪ ਪ੍ਰਧਾਨ ਮੰਤਰੀ ਸਵਰਗੀ ਬਾਬੂ ਜਗਜੀਵਨ ਦਾ ਜਨਮ ਹੋਇਆ ਸੀ। ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਇੱਕ ਸੰਗਠਨ "ਆਲ ਇੰਡੀਆ ਡੀਪ੍ਰੈੱਸਡ ਕਲਾਸ ਲੀਗ" ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਪੇਂਡੂ ਕਿਰਤੀ ਲਹਿਰ ਨੂੰ ਜਥੇਬੰਦ ਕੀਤਾ। ਉਹ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ ਵਿੱਚ ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਲੇਬਰ ਮੰਤਰੀ ਦੇ ਤੌਰ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ ਬਣ ਗਿਆ ਸੀ ਅਤੇ ਭਾਰਤ ਦੀ ਸੰਵਿਧਾਨ ਸਭਾ ਦਾ ਮੈਂਬਰ ਵੀ ਸੀ ਜਿੱਥੇ ਉਸ ਨੇ ਯਕੀਨੀ ਬਣਾਇਆ ਕਿ ਸਮਾਜਿਕ ਨਿਆਂ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇ। 21 ਅਪ੍ਰੈਲ ਨੂੰ ਮਹਾਨ ਸਿੱਖ ਸਕਾਲਰ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਹੈ। ਗਿਆਨੀ ਦਿੱਤ ਸਿੰਘ ਇੱਕ ਇਤਿਹਾਸਕਾਰ, ਵਿਦਵਾਨ, ਕਵੀ, ਸੰਪਾਦਕ ਅਤੇ ਇੱਕ ਉੱਘੇ ਸਿੰਘ ਸਭਾ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਤੇ 70 ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਖਾਲਸਾ ਅਖਬਾਰ ਹੈ। ਉਸ ਦੇ ਦਯਾਨੰਦ ਨਾਲ ਮੇਰਾ ਸੰਵਾਦ ਅਤੇ ਦੁਰਗਾ ਪਰਬੋਧ ਸਿੱਖ ਫਲਸਫੇ ਦੇ ਪ੍ਰਮੁੱਖ ਗ੍ਰੰਥ ਮੰਨੇ ਜਾਂਦੇ ਹਨ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਲੋਕਾਂ ਅਤੇ ਘਟਨਾਵਾਂ ਨੂੰ ਯਾਦ ਕਰਨ ਦੇ ਇੱਕ ਢੰਗ ਵਜੋਂ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਦਲਿਤਾਂ ਨਾਲ ਉਨ੍ਹਾਂ ਦੀ ਜਾਤ ਦੇ ਕਾਰਨ ਵਿਤਕਰਾ ਕੀਤਾ ਜਾਂਦਾ ਹੈ। ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਅੱਤਿਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਕਰਨ ਬਾਰੇ ਮਾਣਯੋਗ ਸੁਪਰੀਮ ਕੋਰਟ ਵਲੋਂ ਦਿਤੇ ਫੈਸਲੇ ਖਿਲਾਫ ਦਲਿਤਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ 02 ਅਪ੍ਰੈਲ 2018 ਨੂੰ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਆਗੂ ਨੇ ਨਹੀਂ ਕੀਤੀ ਸੀ ਸਗੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਨੇ ਇਕੱਠੇ ਹੋਕੇ ਇਹ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਦ ਭਾਰਤ ਸਰਕਾਰ ਨੇ ਇਸ ਐਕਟ ਵਿੱਚ ਸੋਧ ਨਾਂ ਕਰਨ ਦਾ ਫੈਸਲਾ ਕੀਤਾ। 11 ਅਪ੍ਰੈਲ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਰਾਓ ਫੂਲੇ ਨਾਲ ਸਬੰਧਿਤ ਹੈ। ਜਾਤ ਅਧਾਰਿਤ ਛੂਤ-ਛਾਤ ਦੀ ਨਿਖੇਧੀ ਕਰਨ ਵਾਲੇ ਸਨ- ਮਾਨਯੋਗ ਸਮਾਜ ਸੁਧਾਰਕ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਹੋਇਆ ਸੀ। ਉਹ ਇੱਕ ਸਿੱਖਿਅਕ ਵਜੋਂ ਜਾਣੇ ਜਾਂਦੇ ਸਨ ਜੋ ਵਿਗਿਆਨਕ ਸੋਚ ਅਤੇ ਮਹਿਲਾ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਉਸਦਾ ਕੰਮ ਛੂਤ-ਛਾਤ ਅਤੇ ਜਾਤ-ਪਾਤ ਦੇ ਖਾਤਮੇ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਸੀ।ਉਹ ਅਤੇ ਉਸਦੀ ਪਤਨੀ ਸਾਵਿਤਰੀਬਾਈ ਫੂਲੇ ਭਾਰਤ ਵਿੱਚ ਔਰਤਾਂ ਦੀ ਸਿੱਖਿਆ ਦੇ ਮੋਢੀ ਸਨ।ਉਸਨੇਨੀਵੀਆਂ ਜਾਤਾਂ ਦੇ ਲੋਕਾਂ ਲਈ ਬਰਾਬਰ ਅਧਿਕਾਰ ਪ੍ਰਾਪਤ ਕਰਨ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਨੇ ਵੀ ਮਹਾਤਮਾ ਜੋਤੀਰਾਓ ਫੂਲੇ ਨੂੰ ਅਪਣਾ ਇੱਕ ਗੁਰੂ ਮੰਨਿਆ ਹੈ। 14 ਅਪ੍ਰੈਲ ਦਾ ਦਿਨ ਡਾਕਟਰ ਭੀਮ ਰਾਓ ਅੰਬੇਡਕਰ ਨਾਲ ਸਬੰਧਿਤ ਹੈ। 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ ਸੀ। ਡਾਕਟਰ ਅੰਬੇਡਕਰ ਅਜਾਦ ਭਾਰਤ ਵਿੱਚ ਕਨੂੰਨ ਮੰਤਰੀ ਬਣੇ ਅਤੇ ਆਪ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਜਾਤ ਆਧਾਰਿਤ ਵਿਤਕਰੇ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਜਨਤਕ ਥਾਵਾਂ ਤੇ ਦਲਿਤਾਂ ਦੇ ਦਾਖਲੇ ਲਈ ਸੰਘਰਸ਼ ਕੀਤਾ ਅਤੇ ਦਲਿਤਾਂ ਲਈ ਸਿੱਖਿਆ ਅਤੇ ਰੋਜ਼ਗਾਰ ਦੇ ਦਰਵਾਜੇ ਖੋਲੇ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਅਤੇ ਦਲਿਤਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਵਾਈਆਂ। ਡਾਕਟਰ ਅੰਬੇਡਕਰ ਇੱਕ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਦਲਿਤ ਲਹਿਰ ਨੂੰ ਪ੍ਰੇਰਿਤ ਕੀਤਾ ਅਤੇ ਸਮਾਜਿਕ ਭੇਦਭਾਵ ਦੇ ਖਿਲਾਫ ਪ੍ਰਚਾਰ ਕੀਤਾ। 20 ਅਪ੍ਰੈਲ ਦਾ ਦਿਨ ਪੰਜਾਬ ਵਿੱਚ ਜਨਮੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਸਬੰਧਿਤ ਹੈ। ਲੋਕ ਕਵੀ ਸੰਤ ਰਾਮ ਉਦਾਸੀ ਇੱਕ ਕ੍ਰਾਂਤੀਕਾਰੀ ਕਵੀ ਸੀ ਜਿਸਦਾ ਜਨਮ 20 ਅਪ੍ਰੈਲ 1939 ਨੂੰ ਹੋਇਆ ਸੀ। ਉਹ ਗਰੀਬ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਜ਼ੁਲਮ ਦਾ ਵਿਰੋਧ ਕਰਨ ਵਾਲਿਆਂ ਲਈ ਇੱਕ ਪ੍ਰੇਰਣਾ ਸਰੋਤ ਬਣਿਆ ਹੈ।ਉਸ ਵੇਲੇ ਦਲਿਤ ਲੋਕ ਸਿਰਫ਼ ਮਜ਼ਦੂਰੀ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜ੍ਹਣ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਹਕੂਮਤ ਨੂੰ ਵੰਗਾਰਨ ਵਾਲੀਆਂ ਸਨ ਜਿਹੜੀਆਂ ਸਰਕਾਰ ਨੂੰ ਹਜ਼ਮਨਹੀਂ ਹੋ ਰਹੀਆਂ ਸਨ। ਉਦਾਸੀ ਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਦੁੱਖ ਨੂੰ ਅਣਗਿਣਤ ਕਵਿਤਾਵਾਂ ਵਿਚ ਖੁੱਲ੍ਹ ਕੇ ਬਿਆਨ ਕੀਤਾ ਹੈ। ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦੀ ਗੱਲ ਕਰਦਾ ਹੋਇਆ ਸੂਰਜ ਨੂੰ ਕਹਿੰਦਾ ਹੈ ਤੂੰ ਕੰਮੀਆਂ ਦੇ ਵਿਹੜੇ ਸਦਾ ਮੱਘਦਾ ਹੋਇਆ ਸੰਘਰਸ਼ ਅਤੇ ਇਨਕਲਾਬ ਦਾ ਸੁਨੇਹਾ ਦਿੰਦਾ ਰਹੀ ਇਹ ਉਦਾਸੀ ਦੀ ਹਰਮਨ ਪਿਆਰੀ ਰਚਨਾ ਸੀ। 22 ਅਪ੍ਰੈਲ ਦਾ ਦਿਨ ਗਦਰ ਲਹਿਰ ਦੇ ਆਗੂ ਅਤੇ ਆਦ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨਾਲ ਸਬੰਧਿਤ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਭਾਰਤ ਨੂੰ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਬਾਬੂ ਮੁੱਗੋਵਾਲੀਆ ਨੇ ਆਪਣੇ ਪਿੰਡ ਦੇ ਆਦਿ ਧਰਮੀਆਂ ਨੂੰ ਪੜ੍ਹਾਉਣ ਲਈ ਪਿੰਡ ਵਿਚ 'ਆਦਿ ਧਰਮ ਸਕੂਲ' ਸਕੂਲ ਖੋਲ੍ਹਿਆ। ਆਦਿ ਧਰਮੀਆਂ ਨੂੰ ਲਾਮਬੰਦ ਕਰ ਕੇ ਸੰਘਰਸ਼ ਵਿੱਢਣ ਲਈ ਆਪਣੇ ਪਿੰਡ ਮੁੱਗੋਵਾਲ ਵਿਖੇ 11-12 ਜੂਨ 1926 ਨੂੰ ਆਦਿ ਧਰਮੀਆਂ ਦੀ ਇਕ ਕਾਨਫਰੰਸ ਬੁਲਾ ਕੇ 'ਆਦਿ ਧਰਮ ਮੰਡਲ' ਦੀ ਸਥਾਪਨਾ ਕੀਤੀ। ਸੰਨ 1931 ਦੀ ਮਰਦਮ-ਸ਼ੁਮਾਰੀ ਸਮੇਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਨੂੰ ਕਿਹਾ ਉਹ ਆਪਣਾ ਧਰਮ 'ਆਦਿ ਧਰਮ' ਲਿਖਵਾਉਣ। ਲੰਡਨ ਵਿਖੇ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੇ ਹੱਕ ਵਿਚ ਡਾਕਟਰ ਅੰਬੇਡਕਰ ਦਾ ਸਾਥ ਦਿੱਤਾ। ਆਪ ਦੇ ਯਤਨਾਂ ਸਦਕਾ ਆਦਿ ਧਰਮੀਆਂ ਨੂੰ ਮਿਲੇ ਅਧਿਕਾਰਾਂ ਅਧੀਨ 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਰਿਜ਼ਰਵ ਹੋਈਆਂ 8 ਸੀਟਾਂ ਵਿੱਚੋਂ 7 ਉੱਤੇ 'ਆਦਿ-ਧਰਮ ਮੰਡਲ' ਦੇ ਨੁਮਾਇੰਦੇ ਚੋਣ ਜਿੱਤਣ ਵਿਚ ਸਫਲ ਹੋਏ। 'ਦਿ ਪੰਜਾਬ ਲੈਂਡ ਏਲਾਈਨੇਸ਼ਨ ਐਕਟ' ਅਨੁਸਾਰ ਆਦਿ ਧਰਮੀ ਜ਼ਮੀਨ ਦੇ ਮਾਲਕ ਨਹੀਂ ਸਨ ਬਣ ਸਕਦੇ ਆਪ ਨੇ ਇਹ ਕਾਨੂੰਨ ਖ਼ਤਮ ਕਰਾਇਆ ਤੇ ਆਦਿ ਧਰਮੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਨ ਦਾ ਹੱਕ ਲੈ ਕੇ ਦਿੱਤਾ। 22 ਅਪ੍ਰੈਲ 1980 ਨੂੰ ਪੀਜੀ-ਆਈ ਚੰਡੀਗੜ੍ਹ ਵਿਖੇ ਇਹ ਆਗੂ ਸਦੀਵੀ ਵਿਛੋੜਾ ਦੇ ਗਿਆ।ਇਸ ਸਾਲ ਵੀ ਵੱਖ ਵੱਖ ਦੇਸ਼ਾਂ ਵਿੱਚ ਦਲਿਤ ਇਤਿਹਾਸ ਮਹੀਨਾ ਸਬੰਧੀ ਪ੍ਰੋਗਰਾਮ ਕਰਵਾਏ ਜਾਣਗੇ। ਭਾਰਤ ਵਿੱਚ ਵੀ ਵੱਖ ਵੱਖ ਸੰਗਠਨਾ ਵਲੋਂ ਇਸ ਸਬੰਧੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਭਾਰਤ ਨੂੰ ਅਜ਼ਾਦ ਹੋਏ 76 ਸਾਲ ਬੀਤ ਚੁੱਕੇ ਹਨ ਪਰੰਤੂ ਅਜੇ ਤੱਕ ਵੀ ਦਲਿਤਾਂ ਨਾਲ ਵਾਪਰਦੀਆਂ ਅੱਤਿਆਚਾਰ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਮਿਲਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਰਹਿਵਰਾਂ ਵਲੋਂ ਵੇਖੇ ਗਏ ਸੁਪਨਿਆਂ ਵਾਲਾ ਸਮਾਜ ਬਣ ਸਕੇ।




**(ਦੇਸ਼ ਦੁਆਬਾ ਵਿਚ ਛਪਿਆ ਇਕ ਪੁਰਾਣਾ ਲੇਖ)**

# ਡਾਕਟਰ ਅੰਬੇਡਕਰ ਦੀਆਂ ਉਪਲੱਬਧੀਆਂ ਨੂੰ ਮੂਰਖ ਬਣਕੇ ਨਾ ਗਵਾਓ



ਸਤਨਾਮ ਸਿੰਘ ਸਹੂੰਗੜ੍ਹਾ
91- 94170-71532

ਅੱਜ ਗੱਲ ਕਰਾਂਗੇ ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਦੀ ਜੋ ਕਿ (ਭਾਰਤੀ ਰਿਜਰਵ ਬੈਂਕ) ਭਾਰਤ ਦਾ ਕੇਂਦਰੀ ਬੈਂਕ ਹੈ। ਇਹ ਭਾਰਤ ਦੇਸ਼ ਵਿੱਚ ਚੱਲ ਰਹੇ ਸਾਰੇ ਬੈਂਕਾ ਦਾ ਕਰਤਾ-ਧਰਤਾ ਤਾਂ ਹੈ ਹੀ ਕੋਈ ਵੀ ਬੈਂਕ ਇਸ ਦੀ ਲਿਖਤੀ ਮਨਜ਼ੂਰੀ ਤੋਂ ਬਿਨ੍ਹਾਂ ਨਾ ਨਵਾਂ ਖੋਲਿਆ ਜਾ ਸਕਦਾ ਹੈ ਤੇ ਨਾ ਆਪਣੀ ਮਰਜੀ ਨਾਲ ਪੱਕੇ ਤੌਰ ਤੇ ਮਨਜ਼ੂਰੀ ਤੋਂ ਬਿਨ੍ਹਾਂ ਬੈਂਕ ਬੰਦ ਕਰ ਸਕਦਾ ਹੈ। ਸਾਰੇ ਭਾਰਤ ਦੀ ਅਸਲ ਆਰਥਿਕਤਾ ਨੂੰ ਵੀ ਭਾਰਤੀ ਰਿਜਰਵ ਬੈਂਕ ਹੀ ਕੰਟਰੋਲ ਕਰਦਾ ਹੈ। ਇਹ ਭਾਰਤੀ ਰਿਜਰਵ ਬੈਂਕ ਐਕਟ ਦੇ 1934 ਦੇ ਅਨੁਸਾਰ 1 ਅਪ੍ਰੈਲ 1935 ਨੂੰ ਸਥਾਪਿਤ ਕੀਤਾ ਗਿਆ ਸੀ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਵਿੱਚ ਬਹੁਤ ਹੀ ਸਲਾਹੁਣਯੋਗ ਤੇ ਉੱਚ ਪਾਏ ਦੀ ਭੂਮਿਕਾ ਨਿਭਾਈ ਹੈ। ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਉਹਨਾਂ ਦੁਆਰਾ ਪ੍ਰਦਾਨ ਕੀਤੇ ਗਏ ਦਿਸ਼ਾ-ਨਿਰਦੇਸ਼ ਹੇਠ ਜਾਂ ਨਿਰਦੇਸ਼ਕ ਸਿਧਾਂਤਾ ਦੇ ਅਧਾਰ ਤੇ ਹੀ ਕੀਤੀ ਗਈ ਸੀ।

ਬੈਂਕ ਦੀ ਕਾਰਜਸ਼ੈਲੀ ਤੇ ਇਸ ਦੀ ਬਣਤਰ ਤੋਂ ਲੈ ਕੇ ਦਿਸ਼ਾ-ਨਿਰਦੇਸ਼ ਸੰਬੰਧੀ ਬਾਬਾ ਸਾਹਿਬ ਜੀ ਨੇ "ਹਿਲਟਨ ਯੰਗ ਕਮਿਸ਼ਨ" ਦੇ ਸਾਹਮਣੇ ਰੱਖਿਆ ਸੀ। ਜਦੋਂ ਇਹ ਕਮਿਸ਼ਨ 1926 ਵਿੱਚ "ਰਾਇਲ ਕਮਿਸ਼ਨ ਆਨ ਇੰਡੀਅਨ ਕਰੰਸੀ ਐਂਡ ਫਾਈਨਾਂਸ" ਦੇ ਨਾਮ ਨਾਲ ਭਾਰਤ ਵਿੱਚ ਆਇਆ ਤਾਂ ਇਸ ਦੇ ਸਾਰੇ ਮੈਂਬਰਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਲਿਖੀ ਕਿਤਾਬ "ਦ ਪ੍ਰੋਬਲਮ ਆਫ ਦ ਰੂਪੀ-ਇਟਸ ਓਰਿਜਿਨ ਐਂਡ ਇਟਸ ਸੋਲਿਊਸ਼ਨ" ਪੜ੍ਹ ਕੇ ਇਸ ਦੀ ਜੋਰਦਾਰ ਵਕਾਲਤ ਕੀਤੀ ਤੇ ਇਸ ਦਾ ਸਮਰਥਨ ਵੀ ਕੀਤਾ।

ਬਾਅਦ ਵਿੱਚ ਅੰਗਰੇਜਾਂ ਦੀ ਵਿਧਾਨ ਸਭਾ ਨੇ ਬਾਬਾ ਸਾਹਿਬ ਜੀ ਦੀ ਕੀਤੀ ਵਕਾਲਤ ਨੂੰ ਪੱਕੇ ਤੌਰ ਤੇ ਲਾਗੂ ਕਰਨ ਲਈ ਕਾਨੂੰਨ ਦਾ ਰੂਪ ਦੇ ਦਿੱਤਾ ਅਤੇ ਇਸ ਨੂੰ ਭਾਰਤੀ ਰਿਜਰਵ ਬੈਂਕ ਐਕਟ 1934 ਦਾ ਨਾਮ ਦਿੱਤਾ ਗਿਆ। ਸ਼ੁਰੂ ਸ਼ੁਰੂ ਵਿੱਚ ਇਸ ਦੇ ਕੇਂਦਰੀ ਦਫ਼ਤਰ ਦੀ ਵੀ ਜਰੂਰਤ ਸੀ ਜੋ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਾਇਕ ਬਣਦਾ।ਇਸ ਨੂੰ ਧਿਆਨ ਵਿੱਚ ਰੱਖਦਿਆ ਮੁੱਖ ਦਫ਼ਤਰ ਕਲਕੱਤਾ ਵਿਖੇ ਖੋਲਿਆ ਗਿਆ। ਬਾਅਦ ਵਿੱਚ ਸਮੇਂ ਦੀ ਹਕੂਮਤ ਵਲੋਂ ਇਸ ਦਫਤਰ ਨੂੰ ਬਦਲ ਕੇ 1937 ਨੂੰ ਬੰਬਈ ਵਿੱਚ ਬਦਲ ਦਿੱਤਾ ਗਿਆ ਸੀ।

ਪਹਿਲਾਂ-ਪਹਿਲ ਇਹ ਇਕ ਨਿੱਜੀ ਬੈਂਕ ਹੀ ਸੀ। ਪਰ 1946 ਤੋਂ ਬਾਅਦ ਵਿੱਚ ਇਹ ਭਾਰਤ ਸਰਕਾਰ ਦਾ ਇੱਕ ਬਹੁਤ ਹੀ ਅਹਿਮ ਤੇ ਜਰੂਰਤਮੰਦ ਅਦਾਰਾ ਬਣ ਗਿਆ।

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਦੇਸ਼ ਹਿੱਤ ਤੇ ਆਪਣੇ ਮੂਲਵਾਸੀ ਗਰੀਬ ਸਮਾਜ ਹਿੱਤ ਅਣਗਿਣਤ ਅਜਿਹੇ ਇਤਿਹਾਸਕ ਕੰਮ ਹਨ। ਜੋ ਮੌਕੇ-ਮੌਕੇ ਦੀਆਂ ਸਰਕਾਰਾਂ ਨੇ ਲੋਕਾਂ ਦੇ ਵਿੱਚ ਬਾਬਾ ਸਾਹਿਬ ਦੀ ਉਪਲੱਬਧੀ ਦੇ ਤੌਰ ਤੇ ਜਾਣ ਹੀ ਨਹੀਂ ਦਿੱਤੇ। ਜੋ ਕੁੱਝ ਲੋਕਾਂ ਵਿੱਚ ਚਲੇ ਵੀ ਗਏ ਤਾਂ ਉਹਨਾਂ ਨੂੰ ਮਨੂੰਵਾਦੀਆਂ ਨੇ ਆਪਣੀ




ਨਫਰਤ ਦੀ ਨੋਕ ਵਾਲੀ ਪੁੱਠ ਦੇ ਕੇ ਅੱਗੇ ਰੱਖ ਕੇ ਅਜਿਹੇ ਢੰਗ ਨਾਲ ਦੱਸਿਆ ਕਿ ਆਮ ਜਨਤਾ ਨੇ ਉਸ ਤੋਂ ਮੂੰਹ ਘੁਮਾ ਕੇ ਦੂਰ ਰਹਿਣਾ ਹੀ ਠੀਕ ਸਮਝਿਆ। ਅਨਪੜ੍ਹ ਵਰਗ ਨਾ ਸ਼ੈਤਾਨ ਲੋਕਾਂ ਦੀਆਂ ਸ਼ੈਤਾਨੀ ਭਰੀਆਂ ਚਾਲਾਂ ਨੂੰ ਸਮਝ ਸਕਿਆ ਤੇ ਨਾ ਕਦੀ ਸਮਝਣ ਦੀ ਜੁਰਅੱਤ ਕੀਤੀ। ਜੇ ਕਿਸੇ ਨੇ ਅਜਿਹੀ ਜੁਰਅੱਤ ਕੀਤੀ ਤਾਂ ਉਹ ਸਮਾਜ ਦਾ ਖੱਦਰ ਬਣਾ ਧਰਿਆ ਤੇ ਮੂਲਵਾਸੀ ਵਰਗ 'ਚ ਉਹ ਨਫਰਤ ਦਾ ਸ਼ਿਕਾਰ ਹੀ ਰਿਹਾ।

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਬਦੌਲਤ ਹੀ ਭਾਰਤ ਵਿੱਚ ਕਾਨੂੰਨੀ, ਵਿਦਿਅਕ ਢਾਂਚਾ ਤੇ ਰਾਜਨੀਤਕ ਢਾਂਚਾ ਖੜਾ ਹੋ ਸਕਿਆ ਹੈ। ਨਫਰਤ ਕਰਨ ਵਾਲੇ ਲੋਕ ਤਾਂ ਬਾਬਾ ਸਾਹਿਬ ਜੀ ਦੇ ਬਰਾਬਰ ਵਿੱਦਿਆ ਹਾਸਲ ਨਾ ਕਰ ਸਕੇ। ਫਿਰ ਉਹ ਇਹ ਕਿਵੇਂ ਬਰਦਾਸ਼ਤ ਕਰ ਲੈਂਦੇ ਕਿ ਭਾਰਤ ਵਿੱਚ ਸਦੀਆਂ ਤੋਂ ਅਛੂਤ ਮੰਨਿਆ ਤੇ ਦੁਰਕਾਰਿਆ ਗਿਆ ਵਰਗ ਦਾ ਇਕ ਅਛੂਤ ਬਾਲਮੀਕ ਉਹਨਾਂ ਦੀ ਸੋਚ ਤੋਂ ਪਰ੍ਹੇ ਹੋ ਕੇ ਉੱਚੀ ਸੋਚ ਰੱਖ ਕੇ ਅਜਿਹਾ ਕੰਮ ਕਰੇ ਜੋ ਮਨੂੰਵਾਦੀਆਂ ਦੇ ਚਿੱਤ ਚੇਤਿਆਂ 'ਚ ਵੀ ਨਹੀਂ ਸੀ। ਉਹਨਾਂ ਬਾਬਾ ਸਾਹਿਬ ਜੀ ਦੀਆਂ ਕੀਤੀਆਂ ਕੁਰਬਾਨੀਆਂ ਦਾ ਮੁੱਲ ਤਾਂ ਕੀ ਪਾਉਣਾ ਸੀ ਸਗੋਂ ਹਰ ਰਾਹ ਵਿੱਚ ਅੱਗੇ ਤੋਂ ਅੱਗੇ ਕੰਡੇ ਬੀਜਦੇ ਤੁਰਦੇ ਰਹੇ। ਇਸੇ ਕੜੀ ਵਿਚ ਬਣਾਏ ਭਾਰਤੀ ਰਿਜਰਵ ਬੈਂਕ ਐਕਟ ਨੇ ਤੇ ਕੀਤੀ ਸਥਾਪਨਾ ਨੇ ਪੂਰੇ ਭਾਰਤ ਵਿੱਚ ਦੇਸ਼ ਲਈ ਇਕ ਵਿਲੱਖਣ ਤੇ ਮਜਬੂਤ ਥੰਮ੍ਹ ਦਾ ਕੰਮ ਕੀਤਾ। ਜੋ ਅੱਜ ਸਾਰੇ ਦੇਸ਼ ਦਾ ਇਕ ਉੱਤ ਜਰੂਰੀ ਅੰਗ ਦੇ ਵਜੋਂ ਕੰਮ ਕਰ ਰਿਹਾ ਹੈ। ਭਾਰਤ ਦੇਸ਼ ਲਈ ਕੀਤੀਆਂ ਇਹਨਾਂ ਕੁਰਬਾਨੀਆਂ ਨਾਲ ਬਣਾਈਆਂ ਨੀਹਾਂ ਵਿੱਚ ਅੱਜ ਭਾਰਤ ਪੂਰੀ ਦੁਨੀਆਂ ਵਿੱਚ ਇੱਕ




ਬਹੁਤ ਹੀ ਜਬਰਦਸਤ ਤੇ ਮਜਬੂਤ ਸਥਿਤੀ ਵਿੱਚ ਪਹੁੰਚ ਗਿਆ ਹੈ। ਜੋ ਦੁਨੀਆਂ ਭਰ ਵਿੱਚ ਇੱਕ ਵਿਲੱਖਣ ਪਛਾਣ ਰੱਖਦਾ ਹੈ।

ਅੱਜ ਦਾ ਦੋਗਲਾ ਤੇ ਕਿਰਦਾਰ ਪੱਖੋਂ ਅੱਤ ਦਰਜੇ ਹੇਠਾਂ ਗਿਰਿਆ ਹੋਇਆ ਮਨੂੰਵਾਦੀ ਮੀਡੀਆ ਪਿਉ-ਦਾਦੇ ਵਾਲਾ ਜੋਰ ਲਗਾ ਕੇ ਹਰ ਸਮੇਂ ਇਹ ਹੀ ਕੋਸ਼ਿਸ਼ ਕਰ ਰਿਹਾ ਹੈ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਕੀਤੇ ਅਨੇਕਾਂ ਇਤਿਹਾਸਕ ਕੰਮਾਂ ਨੂੰ ਜਮੀਨ ਦੀ ਗਹਿਰਾਈ ਤੱਕ ਦਫਨ ਕਰਕੇ ਉਸ ਉਪਰ ਮਨੂੰਵਾਦ ਦਾ ਲੇਬਲ ਕਿਵੇਂ ਲਗਾਉਣਾ ਹੈ। ਪਰ ਇਹਨਾਂ ਹੋਛੀਆਂ ਤੇ ਕਮੀਨਗੀ ਭਰੀਆਂ ਹਰਕਤਾਂ ਕਾਰਨ ਉਹ ਕਦੇ ਵੀ ਸਫਲ ਨਹੀਂ ਹੋ ਪਾਉਂਦਾ। ਪਿਛਲੇ ਸਮਿਆਂ 'ਚ ਜਿਹਨਾਂ ਲੋਕਾਂ ਨੂੰ ਪੜਨ ਲਿਖਣ ਨਹੀਂ ਦਿੱਤਾ ਜਾਂਦਾ ਸੀ ਅੱਜ ਉਹ ਡਿਗਰੀਆਂ ਦੇ ਮਾਲਕ ਬਣ ਗਏ ਤੇ ਆਪਣੇ ਸਮਾਜ ਨੂੰ ਜਾਗਰੂਕ ਕਰਨ ਵਿੱਚ ਹਿੱਸਾ ਪਾ ਰਹੇ ਹਨ, ਅਤੇ ਦੁਸ਼ਮਣ ਦੀਆਂ ਲੂੰਬੜ ਚਾਲਾਂ ਨੂੰ ਸਮਝ ਕੇ ਹਰ ਥਾਂ ਮੁਕਾਬਲਾ ਦੇ ਕੇ ਉਸ ਦਾ ਮੂੰਹ ਮੋੜ ਰਹੇ ਹਨ। ਜੋ ਪਹਿਲਾ ਅਛੂਤ ਵਰਗ ਨਹੀਂ ਸੀ ਕਰ ਪਾ ਰਿਹਾ ਉਹ ਹੁਣ ਆਪ ਕਰ ਰਹੇ ਹਨ।

ਮੂਲਵਾਸੀ ਗਰੀਬ ਸਮਾਜ ਲਈ ਅਪ੍ਰੈਲ ਮਹੀਨੇ ਦਾ ਬਹੁਤ ਉਚ ਦਰਜੇ ਦਾ ਮਹੱਤਵ ਹੈ। ਇਸ ਮਹੀਨੇ ਵਿੱਚ ਬਹੁਜਨ ਮਹਾਂਪੁਰਸ਼ਾਂ ਦੇ ਅਨੇਕਾਂ ਜੈਅੰਤੀਆਂ ਤੇ ਇਤਿਹਾਸਕ ਦਿਹਾੜੇ ਆਉਂਦੇ ਹਨ ਜੋ ਉਹ ਬਰਦਾਸ਼ਤ ਨਹੀਂ ਕਰ ਪਾ ਰਹੇ ਜਾਂ ਪਚਾ ਨਹੀਂ ਪਾ ਰਹੇ।ਇਸ ਲਈ ਉਹਨਾਂ ਅਪ੍ਰੈਲ ਮਹੀਨੇ ਦੇ 1 ਤਾਰੀਖ ਵਾਲੇ ਦਿਨ ਨੂੰ ਪੂਰੇ ਭਾਰਤ ਵਿੱਚ ਮੂਰਖਾਂ ਦੇ ਦਿਨ ਦਾ ਢਿੰਡੋਰਾ ਪਿੱਟ-ਪਿੱਟ ਕੇ ਲੋਕਾਂ ਵਿੱਚ "ਮੂਰਤੀਆਂ ਦਾ ਦਿਨ" ਪੱਕਾ ਕਰ ਦਿੱਤਾ ਹੈ। ਜੋ ਇਤਿਹਾਸਕ ਤੌਰ ਤੇ ਕੋਰੀਆਂ ਕਲਪਨਾਵਾਂ ਤੇ ਅਧਾਰ ਤੇ ਘਾੜਤਾਂ ਘੜ ਕੇ ਸਿਰਫ ਬਾਬਾ ਸਾਹਿਬ ਜੀ ਦੀ ਵਗ ਰਹੀ ਵਾ ਨੂੰ ਰੋਕਣ ਦਾ ਕੋਝਾ ਯਤਨ ਤੇ ਜਾਂ ਛੁਪਿਆ ਮਨੋਰਥ ਹੀ ਕਹਿ ਸਕਦੇ ਹਾ। ਅੱਜ ਦੇ ਜਮਾਨੇ 'ਚ ਜਿਸ ਨਾਲ ਉਹ ਸਿਰਫ ਆਪ ਮੂਰਖ ਬਣ ਕੇ ਦੂਸਰਿਆਂ ਨੂੰ ਵੀ ਮੂਰਖ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਜਿਸ ਦੇਸ਼ ਵਿੱਚ ਸਭ ਸਹੂਲਤਾਂ ਮਾਣ ਰਹੇ ਮਨੂੰਵਾਦੀ ਵਰਗ ਤੋਂ ਛੁੱਟ ਕੋਈ ਹੋਰ ਅਜਿਹਾ ਕੀਰਤੀਮਾਨ ਸਥਾਪਿਤ ਕਰ ਦੇਵੇ ਉਸ ਨੂੰ ਪਚਾਉਣਾ ਬਹੁਤ ਔਖਾ ਹੈ।ਉਸ ਦੀ ਦਿਸ਼ਾ ਨੂੰ ਉਲਝਾਉਣ ਲਈ ਸਿਰਫ ਕਹਾਣੀਆਂ ਹੀ ਘੜੀਆਂ ਜਾ ਸਕਦੀਆਂ ਨੇ ਉਸ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਜਿਸ ਸਮਾਜ ਨੂੰ ਸਦੀਆਂ ਤੱਕ ਗੁਲਾਮ ਰੱਖਿਆ ਹੋਵੇ, ਪੜਨ ਲਿਖਣ ਨਾ ਦਿੱਤਾ ਹੋਵੇ, ਮੁਕਾਬਲਾ ਕਰਨ ਦੇ ਸਾਰੇ ਹੱਕ ਅੰਗੂਠਾ ਕੱਟ ਕੇ ਖੋਹੇ ਜਾਂਦੇ ਹੋਣ, ਪਾਟੀਆਂ ਲੀਰਾਂ ਨਾਲ ਜਿੰਦਗੀ 'ਚ ਗੁਜਾਰਾ ਕੀਤਾ ਹੋਵੇ, ਸੁਣਨ ਤੇ ਕੰਨਾਂ ਵਿੱਚ ਪਿਘਲਿਆ ਸ਼ੀਸ਼ਾ ਪਾਇਆ ਜਾਂਦਾ ਹੋਵੇ, ਰੱਬੀ ਇਲਾਹੀ ਬਾਣੀ ਬੋਲਣ ਤੇ ਜੀਭ ਕੱਟ ਦਿੱਤੀ ਜਾਂਦੀ ਹੋਵੇ, ਗਰੀਬ ਦੀ ਧੀ ਨੂੰ ਹਰ ਵੇਲੇ ਰਖੇਲ ਸਮਝਿਆ ਜਾਂਦਾ ਹੋਵੇ, ਆਪਣੇ ਬੱਚਿਆਂ ਦਾ ਢਿੱਡ ਭਰਨ ਖਾਤਰ ਜੂਠਾ ਖਾ ਕੇ ਗੁਜਾਰਾ ਕਰਿਆ ਹੋਵੇ, ਉੱਚ ਜਾਤੀਆਂ ਦੇ ਘਰ ਅੱਗਿਓ ਲੰਘਣ ਵੇਲੇ ਪੈਰਾਂ 'ਚ ਪਾਈ ਜੁੱਤੀ ਖੋਲ ਕੇ ਹੱਥੀ ਫੜ ਕੇ ਜਾਣ ਵਾਲੇ, ਮੁਕਾਬਲਿਆਂ 'ਚ ਪਹਿਲੇ ਥਾਂ ਆਉਣ ਤੇ ਵੀ ਜਲੀਲ ਹੋਣਾ ਪਵੇ ਜਾਂ ਮੌਕਾ ਹੀ ਨਾਂ ਦਿੱਤਾ ਜਾਣ ਵਾਲੇ ਲੋਕ, ਛੂਹਣ ਨਾਲ ਪਾਣੀ ਦਾ ਭਰਿਆ ਘੜਾ ਭਿੱਟ ਹੋ ਜਾਵੇ, ਬਲੈਕਬੋਰਡ ਤੇ ਅਛੂਤ ਦੇ ਲਿਖਣ ਸਮੇਂ ਉਚ ਜਾਤੀ ਬੱਚਿਆਂ ਨੂੰ ਰੋਟੀ ਵਾਲੇ ਡੱਬੇ ਚੁੱਕਣੇ ਪੈਣ ਮਤਲਬ ਕੀ ਹਰ ਥਾਂ ਮੁਕਾਬਲੇ ਤੋਂ ਹਾਸ਼ੀਏ ਤੋਂ ਵੀ ਬਾਹਰ ਕੀਤੇ ਲੋਕ ਅਗਰ ਇੰਨੇ ਝੱਖਣ ਝੁੱਲ ਜਾਣ ਤੋਂ ਬਾਅਦ ਵੀ ਕੋਈ ਮਾਰਕੇ ਵਾਲਾ ਕਮਾਲ ਕਰ ਦੇਣ ਫਿਰ ਤਾਂ ਪਚਾਉਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ।

ਇਸ ਕਰਕੇ ਜੋ ਉਪਰ ਲਿਖੀਆ ਮੁਸੀਬਤਾਂ ਝੱਲ ਕੇ, ਰੋਣਹਾਕਾ ਹੋ ਕੇ ਵੀ ਸਮਾਜ ਨੂੰ ਬਿਨ੍ਹਾ ਖੂਨ-ਪਸੀਨਾ ਬਹਾਏ ਕੁਝ ਦੇ ਗਿਆ ਹੋਵੇ ਤਾਂ ਦੁਨੀਆ ਭਰ ਵਿੱਚ ਕੋਈ ਹੋਰ ਮਾਂ ਦਾ ਲਾਲ ਤਾਂ ਨਹੀਂ ਅਛੂਤ ਮਾਂ ਦਾ ਜੰਮਿਆ ਸਿਰਫ ਕਰੋੜਾਂ ਲੋਕਾਂ ਦਾ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਹੀ ਹੋ ਸਕਦਾ ਹੈ। ਇਸ ਲਈ ਭਾਰਤ ਦੇ ਮੂਲਵਾਸੀਆਂ ਨੂੰ ਇਸ ਹਰ ਸਾਲ ਅਪ੍ਰੈਲ ਮਹੀਨੇ ਨੂੰ 1 ਤਾਰੀਖ ਤੋਂ ਸ਼ੁਰੂ ਕਰਕੇ ਹਰ ਦਿਨ ਨੂੰ ਉਤਸ਼ਾਹ ਦੇ ਨਾਲ ਮਨਾਉਣਾ ਚਾਹੀਦਾ ਹੈ ਨਾਂ ਕਿ ਮਨੂੰਵਾਦੀਆਂ ਦੇ ਹੱਥਠੋਕੇ ਬਣਕੇ ਅਪ੍ਰੈਲ ਫੂਲ ਮੰਨ ਕੇ।

12 ਅਪ੍ਰੈਲ ਲਈ

# ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ : ਕਾਮਰੇਡ ਤੇਜਾ ਸਿੰਘ ਸੁਤੰਤਰ

ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁੰਤਤਰ ਜੀ ਦਾ ਜਨਮ ਸ। ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਗ੍ਰਹਿ ਵਿਖੇ 1901 ਵਿਚ ਪਿੰਡ ਅਲੂਣਾ ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਿਕ ਸਨ।

ਉਨ੍ਹਾਂ ਦੀ ਜੀਵਨ-ਸ਼ੈਲੀ ਉਚ-ਕੋਟੀ ਦੀ ਸੀ। ਉਨ੍ਹਾਂ ਦੇ ਆਪਣਾ ਸਵਾਸ-ਸਵਾਸ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ। ਜਲਿੱਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਦੇ ਵਿਰੁੱਧ ਡੱਟ ਕੇ ਆਵਾਜ਼ ਉਠਾਈ। ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼ ਪ੍ਰਦੇਸ਼ ਦੇ ਪਰਪੰਕ ਭਾਸ਼ਾਈ ਗਿਆਤਾ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਹਾਸਿਲ ਕੀਤੀਆਂ। ਉਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ। ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਪੰਜਾਬ ਐਸੰਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪ੍ਰਾਪਤੀਆਂ ਦੇਸ਼ ਭਗਤੀ ਦਾ ਜਜ਼ਬਾ ਤੇ ਨਿਸ਼ਕਾਮ ਸੇਵਾ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾਂ ਲਈ ਯਾਦ ਕੀਤੀਆਂ ਜਾਇਆ ਕਰਨਗੀਆਂ।

ਸੁਤੰਤਰ ਜੀ ਦੇ ਸਮੁਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਾਈ, ਇਕ ਥਾਣਿਆਂ ਵਿਚ ਪੁਲਿਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਸ। ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਸੀ। ਬਿਰੁਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗਰੀਬੀ, ਤੰਗੀ, ਮਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ, ਉਮਰ ਕੈਦ ਕੱਟ ਰਹੇ ਮੇਦਨ ਜੀ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ, ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਸੀ।

ਸੁਤੰਤਰ ਜੀ ਨੇ ਤੇਜਾ ਵਹੀਲਾ ਗੁਰਦੁਆਰਾ ਜੋ ਕਿਲ੍ਹੇ ਨੁਮਾ ਬਣਿਆ ਹੋਇਆ ਸੀ ਅਤੇ ਉਠੀਆਂ ਦਾ ਗੁਰਦੁਆਰਾ ਫੌਜੀ ਵਿਉਂਤਬੰਦੀ ਨਾਲ ਮਹੰਤਾਂ ਪਾਸੋਂ ਆਜ਼ਾਦ ਕਰਵਾਏ। ਇਸ ਮੁਹਿੰਮ ਵਿਚ ਕਿਸੇ ਨੂੰ ਚੁਪੇੜ ਵੀ ਨਾ ਮਾਰਨੀ ਪਈ। ਜਦਕਿ ਹੋਰਨਾਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮਹੀਨੇ-ਮਹੀਨੇ ਤੇ ਸਾਲਾਂ ਬੱਧੀ ਲਗਦੇ ਰਹੇ। ਮੋਰਚੇ ਲੰਬੇ ਹੋ ਜਾਂਦੇ ਰਹੇ। ਗੁਰੂ ਕੇ ਬਾਗ਼ ਦਾ ਮੋਰਚਾ ਲੰਬਾ ਸਮਾਂ ਲੈਂਦਾ ਵੇਖ ਕੇ ਸੁਤੰਤਰ ਜੀ ਨੇ ਉਸ ਵੇਲੇ ਦੀ ਲੀਡਰਸ਼ਿਪ ਨੂੰ ਰਾਏ ਦਿੱਤੀ ਕਿ ਸ਼ਾਂਤਮਈ ਵਤੀਰਾ ਛੱਡ ਕੇ ਡੁਰਲੀ ਜਥੇ ਰਾਹੀਂ ਇਹ ਮੋਰਚਾ ਲੜਿਆ ਜਾਵੇ, ਆਖ਼ਿਰ ਉਸ ਜਥੇ ਵਿਚ ਆਪਣਾ ਸੁਤੰਤਰ ਸ਼ਹੀਦ ਜਥਾ ਮੋਹਰੇ ਲਿਆਂਦਾ ਤੇ ਗੁਰੂ ਦੇ ਬਾਗ਼ ਦਾ ਮੋਰਚਾ ਸਰ ਕਰ ਲਿਆ।

ਇਨ੍ਹਾਂ ਘਟਨਾਵਾਂ ਨੇ ਸੁਤੰਤਰ ਜੀ ਨੂੰ ਉਸ ਵਕਤ ਲੀਡਰਸ਼ਿਪ ਦੀ ਮੋਹਰਲੀ ਕਤਾਰ ਵਿਚ ਲਿਆ ਖੜ੍ਹੇ ਕੀਤਾ। ਉਹ ਉਸ ਸਮੇਂ ਦੇ ਲੀਡਰਾਂ ਨਾਲੋਂ ਸਭ ਤੋਂ ਛੋਟੇ ਸਨ। ਪਰ ਵਿੱਦਿਆ ਵਿਚ ਸਭ ਤੋਂ ਅੱਗੇ ਸਨ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੂੰ ਅਫਗਾਨਿਸਤਾਨ ਭੇਜਿਆ, ਕਿਉਂਕਿ ਸੁਤੰਤਰ ਜੀ ਦੇ ਪਿਤਾ ਬਾਬਾ ਕ੍ਰਿਪਾਲ ਸਿੰਘ ਜੀ ਦੇ ਗਦਰੀਆਂ ਨਾਲ ਸਬੰਧ ਸਨ। ਇਸ ਲਈ ਕਾਬਲ ਵਿਚ ਉਹ ਗਦਰੀਆਂ ਦੇ ਸੰਪਰਕ ਵਿਚ ਆਏ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ, ਬਾਬਾ ਗੁਰਮੁੱਖ ਸਿੰਘ ਆਦਿ ਉਸ ਸਮੇਂ ਦੇ ਭਗੌੜੇ ਗਦਰੀਆਂ ਨਾਲ ਉਨ੍ਹਾਂ ਦਾ ਪੂਰਾ ਤਾਲ-ਮੇਲ ਹੋ ਗਿਆ।



ਤੁਰਕੀ ਤੇ ਅਫਗਾਨਿਸਤਾਨ ਦੀਆਂ ਹਕੂਮਤਾਂ ਅੰਗਰੇਜ਼ ਵਿਰੁੱਧੀ ਸ। ਇਨ੍ਹਾਂ ਹਕੂਮਤਾਂ ਦੀ ਪ੍ਰੇਰਣਾ ਲੇ ਸੁਤੰਤਰ ਜੀ ਨੂੰ ਤੁਰਕੀ ਫੌਜੀ ਦੀਆਂ ਵਿਦਿਆ ਲੈਣ ਲਈ ਤੁਰਕੀ ਭੇਜਿਆ, ਜਿਥੇ ਉਨ੍ਹਾਂ ਕੁਸਤੁਨਤਨੀਆਂ ਫੌਜੀ ਕਾਲਜ ਤੋਂ ਉਚ ਵਿਦਿਆ ਪ੍ਰਾਪਤ ਕੀਤੀ।

1929 ਵਿਚ ਅਮਰੀਕਾ ਦੀ ਗਦਰ ਪਾਰਟੀ ਟੁੱਟ-ਭੱਜ ਗਈ, ਅੰਗਰੇਜ਼ਾਂ ਦੀ ਸਾਜਿਸ਼ ਕਾਰਨ, ਉਨ੍ਹਾਂ ਦੇ ਖ਼ਰੀਦੇ ਗਦਾਰਾਂ ਨੇ ਭਾਈ ਸਿੰਘ ਵਰਗੇ ਗਦਰੀ ਮਰਵਾ ਦਿੱਤੇ, ਗਦਰ ਪਾਰਟੀ ਦੇ ਹੁਕਮ ਮੁਤਾਬਿਕ ਉਹ ਨੌਕਰੀ ਛੱਡ ਕੇ ਅਮ-ਰੀਕਾ ਗਏ, ਉਥੇ ਜਾ ਕੇ ਉਨ੍ਹਾਂ ਗਦਰ ਅਖ਼ਬਾਰ ਕੱਢਿਆ ਤੇ ਉਹ ਵਿਚ ਲੰਬੇ-ਲੰਬੇ ਲੇਖ ਲਿਖ ਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ ਅਤੇ ਇਸ ਦੇ ਨਾਲ ਹੀ ਗੁਰੀਲੇ ਜਥਾਬੰਦ ਕਰਕੇ 30 ਦੇ ਕਰੀਬ ਅੰਗਰੇਜ਼ਾਂ ਦੇ ਖ਼ਰੀਦੇ ਗਦਾਰਾਂ ਨੂੰ ਸੋਧਿਆ। ਅਮਰੀਕਾ ਵਿਚ ਉਸ ਸਮੇਂ ਤਹਿਲਕਾ ਮਚ ਗਿਆ, ਅੰਗਰੇਜ਼ਾਂ ਅਮਰੀਕਾ ਸਰਕਾਰ ਨੂੰ ਮਜਬੂਰ ਕੀਤਾ, ਕਿ ਉਹ ਸੁਤੰਤਰ ਨੂੰ ਅਮਰੀਕਾ 'ਚੋਂ ਕੱਢ ਦੇਵੇ।

ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉਥੋਂ ਤਕ ਹਾਮੀ ਸਨ ਜਿੱਥੋਂ ਤਕ ਲੋਕਾਂ ਨੂੰ ਜਾਗ੍ਰਿਤ ਤੇ ਲਾਮਬੰਦ ਕਰਨਾ ਹੁੰਦਾ ਹੈ ਪਰ ਇਸਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ, ਉਹ ਕਿਹਾ ਕਰਦੇ ਸਨ, ਕਿ ਕਿਸੇ ਇੰਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ ਦੋਵੇਂ ਹੋਣੀਆਂ ਲਾਜ਼ਮੀ ਨੇ ਅਤੇ ਇਨ੍ਹਾਂ ਦੀ ਵਰਤੋ ਲੋਕ ਸਮੇਂ ਕਰਨੀ ਚਾਹੀਦੀ ਹੈ।

ਸੁਤੰਤਰ ਜੀ ਨੇ ਹਿੰਦੁਸਤਾਨ ਦੀ ਅੱਸੀ ਫੀਸਦੀ ਕਿਸਾਨੀ ਨੂੰ ਜਥਾਬੰਦ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਕੁਲ ਹਿੰਦ ਕਿਸਾਨ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ੍ਹਾਰਾ ਲਹਿਰ ਨੂੰ ਜਥਾਬੰਦ ਕਰਕੇ ਗੁਰੀਲਾ ਜਥੇ ਬਣਾਕੇ 171/2 ਏਕੜ ਜਮੀਨ ਮੁਜ਼ਾਰਿਆਂ ਨੂੰ ਬੇਜ਼ਮੀਨੇ ਲੋਕਾਂ ਵਿਚ ਵੰਡੀ। ਉਹ ਇਸ ਲਹਿਰ ਦੇ ਜਨਮ ਦਾਤਾ ਸਨ, ਉਹ ਭਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਿਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ ਆਪ ਵਿਚ ਇਕ ਮਿਸ਼ਾਲ ਹੈ। ਸਰਕਾਰ ਨੇ ਇਸ ਪਰਿਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸਰਕਾਰ ਨੇ ਉਨ੍ਹਾਂ ਦੀ ਕੋਈ ਉਚੇਚੇ ਵੱਡੀ ਯਾਦਗਾਰ ਹੀ ਬਣਾਈ ਹੈ ਤੇ ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ, ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ। ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਲਾ ਤੇਜਾ ਸਿੰਘ 'ਸੁਤੰਤਰ ਮਾਰਗ' ਰੱਖਣਾ ਚਾਹੀਦਾ ਹੈ। ਹਰ ਸਾਲ ਉਨ੍ਹਾਂ ਦੀ ਬਰਸੀ 12 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

# ਡਾ. ਬੀ.ਆਰ. ਅੰਬੇਡਕਰ ਜੀ ਦੇ ਉੱਚੇ ਤੇ ਸੁੱਚੇ ਵਿਚਾਰ





ਸੰਤੋਖ ਸਿੰਘ ਜੱਸੀ

1) ਮੇਰੀ ਜੈ ਜੈ ਕਾਰ ਕਰਨ ਦੀ ਬਜਾਏ, ਮੇਰੇ ਦੱਸੇ ਰਸਤੇ 'ਤੇ ਚੱਲੋ ਇਹੀ ਮੇਰੀ ਇੱਛਾ ਹੈ।

2) ਪੂਰੀ ਰਾਤ ਮੈਂ ਇਸ ਲਈ ਜਾਗਦਾ ਰਹਿੰਦਾ ਹਾਂ ਕਿਉਂਕਿ ਮੇਰਾ ਸਮਾਜ ਸੁੱਤਾ ਹੋਇਆ ਹੈ। ਉਸਦੇ ਜਾਗਣ ਦਾ ਇੰਤਜ਼ਾਰ ਕਰਦਾ ਹਾਂ।

3) ਜਿਹੜੀ ਕੌਮ ਆਪਣਾ ਇਤਿਹਾਸ ਨਹੀਂ ਜਾਣਦੀ, ਉਹ ਕੌਮ ਆਪਣਾ ਇਤਿਹਾਸ ਨਹੀਂ ਬਣਾ ਸਕਦੀ। ਜਾਗਦੇ ਲੋਕ ਹੀ ਇਤਿਹਾਸ ਬਣਾਉਂਦੇ ਹਨ।

4) ਆਪਣੀ ਕਿਸਮਤ 'ਤੇ ਵਿਸ਼ਵਾਸ ਕਰਨ ਦੀ ਬਜਾਏ, ਆਪਣੀ ਮਜ਼ਬੂਤੀ 'ਤੇ ਵਿਸ਼ਵਾਸ ਕਰੋ।

5) ਮੈਂ ਰਾਜਨੀਤੀ ਵਿੱਚ ਸੁੱਖ ਭੋਗਣ ਲਈ ਨਹੀਂ ਆਇਆ, ਸਗੋਂ ਦੱਬੇ ਕੁਚਲੇ ਲੋਕਾਂ ਨੂੰ ਅਧਿਕਾਰ ਦੁਆਉਣ ਵਾਸਤੇ ਆਇਆ ਹਾਂ।

6) ਮਨੂੰਵਾਦ ਨੂੰ ਜੜ੍ਹ ਤੋਂ ਖਤਮ ਕਰਨਾ, ਮੇਰਾ ਪਹਿਲਾ ਧਰਮ ਅਤੇ ਟੀਚਾ ਹੈ।

7) ਜਿਹੜਾ ਧਰਮ ਜਨਮ ਤੋਂ ਹੀ ਇੱਕ ਨੂੰ ਉੱਚਾ ਤੇ ਦੂਸਰੇ ਨੂੰ ਨੀਵਾਂ ਦਿਖਾਵੇ, ਉਹ ਧਰਮ ਨਹੀਂ, ਗ਼ੁਲਾਮ ਬਣਾਉਣ ਵਾਲਾ ਚਲਾਕੀ ਭਰਿਆ ਛੜਯੰਤਰ ਹੈ।

8) ਦੇਸ਼ ਉਦੋਂ ਹੀ ਉੱਚਾਈ ਪ੍ਰਾਪਤ ਕਰ ਸਕਦਾ ਹੈ, ਜਦੋਂ ਉੱਥੋਂ ਦੇ ਲੋਕਾਂ ਵਿੱਚ ਜਾਤੀ, ਨਸਲ, ਰੰਗ, ਲਿੰਗ, ਭੇਦ ਦਾ ਅੰਤਰ ਖ਼ਤਮ ਕਰ ਕੇ ਸਮਾਜ ਨੂੰ ਸਮਾਜਿਕ ਉੱਚਾਈ 'ਤੇ ਸਰਵਉੱਚ ਸਥਾਨ ਦਿੱਤਾ ਜਾਵੇ।

9) ਮੈਂ ਸਾਰੀ ਜ਼ਿੰਦਗੀ ਕੰਮ ਕੀਤਾ ਹੈ। ਹੁਣ ਮੇਰੇ ਸਮਾਜ ਦੇ ਨੌਜਵਾਨ ਇਸ ਕੰਮ ਲਈ ਅੱਗੇ ਆਉਣ।

10) ਆਪਣੇ ਆਪ ਨੂੰ ਵਧੀਆ ਦਿਖਾਉਣ ਲਈ ਨਾ ਜੀਓ, ਬਲਕਿ ਅੱਛਾ ਬਣਨ ਲਈ ਜੀਓ।

11) ਜਿਹੜਾ ਇਨਸਾਨ ਝੁਕ ਸਕਦਾ ਹੈ। ਉਹ ਸਾਰੀ ਦੁਨੀਆਂ ਨੂੰ ਵੀ ਝੁਕਾਉਣ ਦੀ ਤਾਕਤ ਰੱਖਦਾ ਹੈ।

12) ਲੋਕਤੰਤਰ ਸਰਕਾਰ ਦਾ ਮਹਿਜ਼ ਇੱਕ ਢਾਂਚਾ ਨਾ ਹੋਵੇ, ਇਹ ਜੀਉਂਦਾ ਜਾਗਦਾ ਹੋਣਾ ਚਾਹੀਦਾ ਹੈ।

13) ਇੱਕ ਇਤਿਹਾਸਕਾਰ ਸਟੀਕ, ਇਮਾਨਦਾਰ, ਨਿਰਪੱਖ ਹੋਵੇ। ਪੱਖਪਾਤੀ ਨਹੀਂ ਹੋਣਾ ਚਾਹੀਦਾ।

14) ਸੰਵਿਧਾਨ ਇਹ ਇੱਕ ਮਾਤਰ ਵਕੀਲਾਂ ਦਾ ਦਸਤਾਵੇਜ਼ ਨਹਂ ਹੈ। ਇਹ ਜੀਵਨ ਜਿਊਣ ਦਾ ਵਧੀਆ ਮਾਧਿਅਮ ਹੈ।

15) ਕਿਸ ਵੀ ਚੀਜ਼ ਦਾ ਸੁਆਦ ਬਦਲਿਆ ਜਾ ਸਕਦਾ ਹੈ, ਪ੍ਰੰਤੂ ਜ਼ਹਿਰ ਨੂੰ ਅੰਮ੍ਰਿਤ ਵਿੱਚ ਨਹੀਂ ਬਦਲਿਆ ਜਾ ਸਕਦਾ।

16) ਨਿਆਂ ਹਮੇਸ਼ਾਂ ਬਰਾਬਰਤਾ ਦੇ ਵਿਚਾਰ ਨੂੰ ਪੈਦਾ ਕਰਦਾ ਹੈ, ਅਨਿਆਏ ਨਹੀਂ ਕਰਦਾ।

17) ਮਨ ਦੀ ਆਜ਼ਾਦੀ ਹੀ ਅਸਲ ਵਿੱਚ ਆਜ਼ਾਦੀ ਹੈ, ਬਾਕੀ ਸਭ ਗ਼ੁਲਾਮੀ ਹੈ।

18) ਇਸ ਦੁਨੀਆਂ ਵਿੱਚ ਮਹਾਨ ਕੋਸ਼ਿਸ਼ਾਂ ਨਾਲ ਪ੍ਰਾਪਤ ਕੀਤਾ ਗਿਆ ਮਹਾਨ ਹੈ, ਬਾਕੀ ਸਭ ਕੁੱਝ ਬਹੁਮੁੱਲਾ ਨਹੀਂ ਹੈ।

19) ਗਿਆਨ ਹੀ ਵਿਅਕਤੀ ਦੇ ਜੀਵਨ ਦਾ ਆਧਾਰ ਹੈ। ਇਸ 'ਤੇ ਹੀ ਜ਼ਿੰਦਗੀ ਖੜ੍ਹੀ ਹੈ।

20) ਸਿੱਖਿਆ ਜਿੰਨੀ ਮਰਦਾਂ ਲਈ ਜ਼ਰੂਰੀ ਹੈ, ਉਸ ਤੋਂ ਜ਼ਿਆਦਾ ਜ਼ਰੂਰੀ ਔਰਤਾਂ ਲਈ ਵੀ ਹੈ।

21) ਸਿੱਖਿਆ ਸ਼ੇਰਨੀ ਦਾ ਉਹ ਦੁੱਧ ਹੈ, ਜਿਹੜਾ ਪੀਏਗਾ ਉਹ ਹੀ ਗਰਜੇਗਾ।

22) ਖ਼ਤਰਾ ਮੈਨੂੰ ਉਹਨਾਂ ਤੋਂ ਨਹੀਂ ਜੋ ਮੇਰੇ ਲਿਖੇ ਸੰਵਿਧਾਨ ਨਾਲ ਛੇੜ-ਛਾੜ ਕਰਦੇ ਹਨ। ਖ਼ਤਰਾ ਮੈਨੂੰ ਆਪਣੇ ਸਮਾਜ ਦੇ ਉਹਨਾਂ ਬਦਮਾਸ਼ਾਂ ਤੋਂ ਹੈ, ਜਿਹੜੇ ਰਾਖਵੇਂਕਰਨ ਨਾਲ ਪੜ੍ਹ-ਲਿਖ ਕੇ ਨੌਕਰੀ ਲੈ ਕੇ, ਵਿਧਾਇਕ ਬਣਕੇ, ਮੰਤਰੀ ਬਣਕੇ ਦੁਸ਼ਮਣਾਂ ਦੀਆਂ ਜੁੱਤੀਆਂ ਚੱਟਦੇ ਹਨ ਤੇ ਆਪਣੇ ਸਮਾਜ ਨੂੰ ਧੋਖਾ ਦੇ ਰਹੇ ਹਨ।

23) ਜੋ ਦਲਿਤ ਮੰਦਿਰਾਂ ਵਿੱਚੋਂ ਭਗਵਾਨ ਲੱਭ ਰਹੇ ਹਨ, ਜੇਕਰ ਅੰਬੇਡਕਰ ਸਾਹਿਬ ਨਾ ਹੁੰਦੇ ਤਾਂ ਉਹ ਲੋਕ ਕੂੜੇ ਵਿੱਚੋਂ ਖਾਣ ਲਈ ਲੱਭ ਰਹੇ ਹੁੰਦੇ।

---

**ਸ਼ਰਧਾਂਜਲੀ**

ਆਪਣੀ ਅਕਲ ਲਿਆਕਤ ਨਾਲ ਕਮਾਲਾਂ ਕਰ ਦਿੱਤੀਆਂ।
ਸਦੀਆਂ ਤੋਂ ਸੱਖਣੀਆਂ ਸਹਿਜਲ ਝੋਲ਼ੀਆਂ ਭਰ ਦਿੱਤੀਆਂ।

ਡਾ. ਅੰਬੇਡਕਰ ਦੀ ਸ਼ਖ਼ਸੀਅਤ ਉਹਨਾਂ ਦੀ ਵਿਦਵਤਾ, ਉਹਨਾਂ ਵਿੱਚ ਅਗਵਾਈ ਕਰਨ ਅਤੇ ਸੰਗਠਿਤ ਕਰਨ ਦੀ ਸਮਰੱਥਾ, ਅਜਿਹੇ ਗੁਣ ਆਪਣੇ ਆਪ ਵਿੱਚ ਹੀ ਉਹਨਾਂ ਨੂੰ ਸਿਰਮੌਰ, ਦੇਸ਼ ਦਾ ਮਾਣ (ਪੂੰਜੀ) ਦਰਸਾਉਣ ਲਈ ਕਾਫੀ ਹਨ। ਇਸ ਤੋਂ ਇਲਾਵਾ, ਉਹਨਾਂ ਨੇ ਛੂਆਛਾਤ ਨੂੰ ਖਤਮ ਕਰਨ ਦੇ ਯਤਨਾਂ ਦੁਆਰਾ ਆਪਦੀਆਂ ਅਪਾਰ ਸੇਵਾਵਾਂ ਭਾਰਤ ਭੂਮੀ ਲਈ ਦਿੱਤੀਆਂ। ਲੱਖਾਂ ਕਰੋੜਾਂ ਕਰੋੜਾਂ ਦਲਿਤ ਵਰਗਾਂ ਅੰਦਰ ਆਤਮ ਵਿਸ਼ਵਾਸ ਆਦਮੀਅਤਾ ਵਾਲੀ ਭਾਵਨਾ ਪੈਦਾ ਕੀਤੀ। ਦੇਸ਼ ਭਗਤੀ ਅਤੇ ਮਾਨਵਤਾ ਪੱਖ ਤੋਂ ਉਹਨਾਂ ਦੀ ਵੱਡੀ ਦੇਣ ਹੈ। ਅਖੌਤੀ ਅਛੂਤ ਜਾਤਾਂ ਅੰਦਰ ਅਜਿਹੀ ਉੱਚ ਸ਼ਖ਼ਸੀਅਤ ਦਾ ਜਨਮ ਲੈਣਾ ਇਹ ਸੱਚਮੁੱਚ ਹੀ ਅਛੂਤਾਂ ਨੂੰ ਆਤਮ-ਨਿਰਾਸ਼ਾ ਤੋਂ ਮੁਕਤ ਕਰਨ ਲਈ ਕਾਫੀ ਹੈ। ਉਹਨਾਂ ਵਿੱਚ ਜ਼ਿੰਦਾਦਿਲੀ ਭਰਨ ਲਈ ਕਾਫੀ ਹੈ ਕਿ ਉਹ ਅਖੌਤੀ ਛੂਤ ਜਾਤਾਂ (ਉੱਚ ਜਾਤਾਂ) ਦੀ ਉੱਚਤਾ ਨੂੰ ਚੁਣੌਤੀ ਦੇ ਸਕਦੇ ਹਨ।

**ਵੀਰ ਸਾਵਰਕਰ ਜੀਵਨ ਅਤੇ ਮਿਸ਼ਨ ਸਫਾ 346**

ਬਹੁਤਾ ਕਰਕੇ ਡਾ. ਅੰਬੇਡਕਰ ਨੂੰ ਹਿੰਦੂ ਸਮਾਜ ਦੇ ਸਾਰੇ ਅੱਤਿਆਚਾਰੀ ਲੱਛਣਾਂ ਵਿਰੁੱਧ ਵਿਦਰੋਹ ਦੇ ਪ੍ਰਤੀਕ ਵਜੋਂ ਚੇਤੇ ਰੱਖਿਆ ਜਾਵੇਗਾ। ਇਸ ਸ਼ੋਸ਼ਣ ਵਾਲੇ ਪੱਖਾਂ ਦੀ ਉਹਨਾਂ ਦੁਆਰਾ ਸਖਤ ਵਿਰੋਧਤਾ ਨੇ ਲੋਕਾਂ ਦੀ ਸੋਚ, ਲੋਕਾਂ ਦੇ ਮਨਾਂ ਨੂੰ ਜਾਗਰੂਕ ਕੀਤਾ, ਭਾਵੇਂ ਉਹਨਾਂ ਬਾਰੇ ਵਾਦ-ਵਿਵਾਦ ਵੀ ਕਾਫੀ ਰਿਹਾ, ਫਿਰ ਵੀ ਉਹਨਾਂ ਨੇ ਸਰਕਾਰੀ ਸਰਗਰਮੀਆਂ ਵਿੱਚ ਬਹੁਤ ਹੀ ਉਸਾਰੂ ਅਤੇ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਨੇ ਜਿਹਨਾਂ ਪਹਿਲੂਆਂ ਖਿਲਾਫ਼ ਬਗ਼ਾਵਤ ਕੀਤੀ, ਉਹ ਸਾਨੂੰ ਸਭ ਨੂੰ ਕਰਨੀ ਚਾਹੀਦੀ ਹੈ।

**ਜਵਾਹਰ ਲਾਲ ਨਹਿਰੂ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਡੇ ਸੰਵਿਧਾਨ ਦੇ ਨਿਰਮਾਤਾ ਸਨ, ਵੱਖ-ਵੱਖ ਹੈਸੀਅਤ ਵਿੱਚ ਖਾਸ ਕਰਕੇ ਦਲਿਤ ਵਰਗਾਂ ਦੇ ਉੱਥਾਨ ਲਈ ਉਹਨਾਂ ਦੀਆਂ ਸੇਵਾਵਾਂ ਦਾ ਜਵਾਬ ਨਹੀਂ।

**ਡਾ. ਰਜਿੰਦਰ ਪ੍ਰਸਾਦ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਦਾ, ਪੂਰੀ ਤਰ੍ਹਾਂ ਇਮਾਨਦਾਰ, ਤਿੱਖੀ ਕਾਨੂੰਨੀ ਸੂਝ ਵਾਲਾ, ਆਪਣੀ ਗੱਲ ਦਾ ਪੱਕਾ ਅਤੇ ਮਹਾਨ ਵਿਦਵਤਾ ਵਾਲਾ ਵਿਅਕਤੀ ਸੀ।

**ਰਾਜਗੋਪਾਲਚਾਰੀ, ਜੀਵਨ ਅਤੇ ਮਿਸ਼ਨ ਸਫਾ 518**

ਉੱਚ ਜਾਤਾਂ ਦੀ ਜ਼ਮੀਰ ਨੂੰ ਆਪਣੇ ਪ੍ਰਭਾਵ ਨਾਲ ਟੁੰਬਣ ਕਰਕੇ ਗਾਂਧੀ ਨੇ ਆਪਣੇ ਆਪ ਨੂੰ ਮਹਾਨ ਆਗੂ ਸਾਬਿਤ ਕੀਤਾ, ਪਰ ਮੇਰੀ ਰਾਏ ਵਿੱਚ ਡਾ. ਅੰਬੇਡਕਰ ਅਸਲ ਮਹਾਤਮਾ ਹੈ। ਉਹਨਾਂ ਦਾ ਕੱਦ, ਉਹਨਾਂ ਦਾ ਰੁਤਬਾ ਨਾ ਕੇਵਲ ਅਨਿਆਂ ਖਿਲਾਫ਼ ਲੜਨ ਵਾਲੇ ਅਣਥੱਕ ਯੋਧੇ ਵਜੋਂ ਹੈ, ਬਲਕਿ ਬਤੌਰ ਮਹਾਨ ਭਾਰਤੀ ਵਜੋਂ ਵੀ ਹੈ।

**ਮਧੂਲਿਮੇ, ਅੰਤਲੇ ਕੁੱਝ ਸਾਲ ਸਫਾ 161**

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਡਾ. ਅੰਬੇਡਕਰ ਅਜਿਹੇ ਮਸ਼ਹੂਰ ਵਿਅਕਤੀਆਂ ਵਿੱਚੋਂ ਇੱਕ ਹੈ, ਜਿਸ ਨੇ ਮਹਾਨ ਦੇਸ਼ ਭਾਰਤ ਵਿੱਚ ਉਸ ਸਮੇਂ ਇੱਕ ਇਤਿਹਾਸਿਕ ਯੋਗਦਾਨ ਪਾਇਆ, ਜਦੋਂ ਦੇਸ਼ ਵੱਡੀਆਂ ਤਬਦੀਲੀਆਂ ਵਿੱਚੀਂ ਗੁਜ਼ਰ ਰਿਹਾ ਸੀ। ਡਾ. ਅੰਬੇਡਕਰ ਉਹਨਾਂ ਵਿੱਚੋਂ ਇੱਕ ਸੀ, ਜਿਸ ਨੇ ਦੇਸ਼ ਵਿੱਚ ਸਮਾਜਿਕ ਤਬਦੀਲੀ ਦੇ ਸਿਲਸਿਲੇ ਨੂੰ ਤੇਜ਼ ਕਰਨ ਵਿੱਚ ਸਹਾਇਤਾ ਕੀਤੀ, ਅਜਿਹਾ ਸਿਲਸਿਲਾ ਜਿਸ ਦੇ ਸਿੱਟੇ ਵਜੋਂ ਲੱਖਾਂ ਲੋਕ ਬਿਹਤਰ ਅਤੇ ਸੁਖੀ ਜੀਵਨ ਜੀਊਣ ਦੇ ਯੋਗ ਹੋ ਗਏ।

**ਯੂ. ਨੂ. ਪ੍ਰਧਾਨ ਮੰਤਰੀ ਬਰਮਾ ਜੀਵਨ ਅਤੇ ਮਿਸ਼ਨ ਸਫਾ 519**

ਬਾਬਾ ਸਾਹਿਬ ਦੇ ਮਹਾਨ ਬੌਧਿਕ ਗੁਣਾਂ, ਦੇਸ਼ ਅਤੇ ਆਪਣੇ ਸਮੁਦਾਇ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਕਾਰਨ ਦੇਸ਼ ਦੇ ਮਹਾਨ ਬੰਦਿਆਂ ਦੀ ਮੋਹਰਲੀ ਕਤਾਰ ਵਿੱਚ ਉਹਨਾਂ ਦਾ ਸ਼ੁਮਾਰ ਹੁੰਦਾ ਹੈ। ਦੁਨੀਆਂ ਵਿੱਚ ਆਮ ਕਰਕੇ ਅਤੇ ਭਾਰਤ ਵਿੱਚ ਖਾਸ ਕਰਕੇ ਜਿਹੜੇ ਵੀ ਮਨੁੱਖੀ ਸੁਤੰਤਰਤਾ ਪ੍ਰਾਪਤੀ ਨਾਲ ਸੰਬੰਧਿਤ ਹਨ, ਉਹਨਾਂ ਲਈ ਬਾਬਾ ਸਾਹਿਬ ਦੀ ਘਾਲਣਾ, ਮਾਣ, ਸਤਿਕਾਰ, ਧੰਨਵਾਦ ਕਰਨ ਯੋਗ ਹੈ।

**ਬੀ.ਜੀ. ਹੌਰਨੀਮਨ, ਸੰਪਾਦਕ ਬੰਬੇ ਸੈਂਟੀਨਲ**
**ਜੀਵਨ ਅਤੇ ਮਿਸ਼ਨ ਸਫਾ 346**

ਹਰ ਭਾਰਤੀ ਨਾਗਰਿਕ ਆਪਣੇ ਅਧਿਕਾਰ ਮਾਨਣ ਸਮੇਂ ਬਾਬਾ ਸਾਹਿਬ ਦਾ ਨਾਂ ਅਹਿਸਾਨਮੰਦੀ ਨਾਲ ਯਾਦ ਕਰੇਗਾ। ਮੈਂ ਉਹਨਾਂ ਨੂੰ ਐੱਸ.ਸੀ. ਦੇ ਹੀ ਲੀਡਰ ਨਹੀਂ, ਸਾਰੀ ਕੌਮ ਸਾਰੇ ਦੇਸ਼ ਦੇ ਲੀਡਰ ਮੰਨਦਾ ਹਾਂ। ਸੰਵਿਧਾਨ ਕਾਨੂੰਨ ਦੇ ਇੱਕ ਮਾਹਿਰ ਵਜੋਂ ਉਹਨਾਂ ਦਾ ਨਾਂ ਦੁਨੀਆਂ ਭਰ ਵਿੱਚ ਜਾਣਿਆਂ ਜਾਂਦਾ ਹੈ। ਉਹ ਰਾਜਨੀਤੀ ਦੇ ਵੀ ਵਿਦਵਾਨ ਹਨ।

**ਜਸਟਿਸ ਐਮ.ਸੀ. ਛਾਗਲਾ ਜੀਵਨ ਅਤੇ ਮਿਸ਼ਨ ਸਫਾ 419**

ਆਉਣ ਵਾਲੀਆਂ ਨਸਲਾਂ ਲਈ ਡਾ. ਅੰਬੇਡਕਰ, ਸੰਵਿਧਾਨ ਸਭਾ ਦੇ ਮਸੀਹਾ ਵਜੋਂ ਜਾਣੇ ਜਾਣਗੇ। ਇੱਕ ਦਿਨ ਅਜਿਹਾ ਆਵੇਗਾ, ਜਦੋਂ ਲੋਕ ਉਹਨਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਦੇਖਣਗੇ।

**ਕੇ. ਹਨੂਮਥੱਈਆ ਜੀਵਨ ਅਤੇ ਮਿਸ਼ਨ ਸਫਾ 420**

ਸੱਚ ਕਹੀਏ ਤਾਂ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਕੁੱਛ ਕਰਨ ਲਈ ਗਾਂਧੀ, ਡਾ. ਅੰਬੇਡਕਰ ਤੋਂ ਪ੍ਰਭਾਵਿਤ ਹੋਇਆ ਸੀ। ਡਾ. ਅੰਬੇਡਕਰ ਦੱਬੇ ਕੁਚਲੇ ਲੋਕਾਂ ਦੀ ਗੁਲਾਮੀ ਤੋੜਨ ਵਾਲਾ ਇੱਕ ਮਹਾਨ ਸਿੱਧ ਪੁਰਸ਼ ਸੀ।

**ਆਰ. ਕੇ. ਸਿੱਧਵਾਂ ਜੀਵਨ ਅਤੇ ਮਿਸ਼ਨ ਸਫਾ 420**

ਗਾਂਧੀ ਨਹਿਰੂ ਵਰਗੇ ਭਾਰਤੀ ਆਗੂ ਅਸਾਧਾਰਣ ਗੁਣਾਂ ਵਾਲੇ ਸਨ, ਪਰ ਡਾ. ਅੰਬੇਡਕਰ ਇਹਨਾਂ ਸਿਆਣਿਆਂ ਵਿੱਚੋਂ ਵੀ ਵੱਧ ਅਸਾਧਾਰਨ ਯੋਗਤਾ ਵਾਲਾ ਮਨੁੱਖ ਸੀ।

**ਮਾਈਕਲ ਫੁੱਟ, ਲੇਬਰ ਪਾਰਟੀ ਯੂ.ਕੇ. ਦਾ ਸਾਬਕਾ ਲੀਡਰ**
**ਸ਼ੋਰੀ ਨੂੰ ਜਵਾਬ ਸਫਾ-22**

ਡਾ. ਅੰਬੇਡਕਰ ਦੀ ਪ੍ਰਤਿਭਾ, ਉਹਨਾਂ ਦੇ ਗੁਣਾਂ ਦਾ ਕੌਮ ਪੂਰੀ ਤਰ੍ਹਾਂ ਲਾਹਾ ਨਹੀਂ ਲੈ ਸਕੀ। ਇਸ ਨੁਕਸ ਕਾਰਨ ਦੇਸ਼ ਨੂੰ ਵੱਡਾ ਘਾਟਾ ਪਿਆ ਹੈ, ਜਿਹੜੀ ਕੌਮ (ਦੇਸ਼) ਵਿਦਵਤਾ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਸਾਧਾਰਨ ਜਾਂ ਔਸਤ ਨੂੰ ਉਤਸ਼ਾਹਿਤ ਕਰਦੀ ਹੈ, ਬੌਧਿਕ ਇਮਾਨਦਾਰੀ ਅਤੇ ਭਰੋਸੇ ਹੌਸਲੇ ਨੂੰ ਤੋੜਦੀ ਹੈ, ਜੀ ਹਜ਼ੂਰੀਆਂ ਦਾ ਪੱਖ ਪੂਰਦੀ ਹੈ, ਹਮੇਸ਼ਾਂ ਪਤਨ ਵੱਲ ਜਾਂਦੀ ਹੈ। ਕਿੰਨਾ ਫਰਕ ਦਿਸਦਾ ਜੇ ਡਾ. ਅੰਬੇਡਕਰ ਵਰਗੇ ਕੁੱਛ ਬੁੱਧੀਮਾਨ ਲੋਕ ਇਸ ਮੁਲਕ ਦੀਆਂ ਉਸਾਰੂ ਗਤੀਵਿਧੀਆਂ ਦੇ ਮੁੱਖ ਸੰਚਾਲਕ ਹੁੰਦੇ।

**ਜਸਟਿਸ ਕੇ. ਸੁੱਬਾ ਰਾਓ ਸ਼ੋਰੀ ਨੂੰ ਜਵਾਬ ਸਫਾ-35**

ਅੰਗਰੇਜ਼ੀ ਭਾਸ਼ਾ ਉੱਤੇ ਡਾ. ਅੰਬੇਡਕਰ ਦੀ ਆਪਣੀ ਜੋਰਦਾਰ ਪਕੜ ਹੈ, ਇਸ ਭਾਸ਼ਾ ਦੀ ਵਰਤੋਂ ਉੱਤੇ ਉਹਨਾਂ ਦਾ ਨਿੱਜੀ ਰੰਗ ਹੈ। ਉਹ ਨਿਰਭੈ ਹੋ ਕੇ ਇਤਿਹਾਸਿਕ ਜਾਂ ਉਂਝ ਉਦਾਹਰਣਾਂ-ਪ੍ਰਮਾਣ ਦੇ ਕੇ ਬਹਿਸ ਕਰਨ ਵਿੱਚ ਮਾਹਿਰ ਹੈ। ਉਹਨਾਂ ਵਿਚਲੀ ਊਰਜਾ ਬੜੇ ਅਸਰਦਾਰ ਢੰਗ ਨਾਲ ਬਾਹਰ ਆਉਂਦੀ ਹੈ। ਜੇ ਡਾ. ਅੰਬੇਡਕਰ ਦਾ ਲਿਖਿਆ ਕੁੱਛ ਤੁਹਾਡੇ ਹੱਥ ਲੱਗੇ, ਜਰੂਰ ਪੜ੍ਹੋ। ਤੁਸੀਂ ਜਾਣ ਜਾਵੋਗੇ ਕਿ ਕੱਟੜ ਹਿੰਦੂ ਕਿਉਂ ਅਕਸਰ ਤੈਸ਼ ਵਿੱਚ ਆ ਜਾਂਦੇ ਹਨ। ਉਹ ਭਾਰਤ ਦੇ ਦਰਜਣ ਭਰ ਚਮਤਕਾਰੀ ਬੰਦਿਆਂ ਵਿੱਚੋਂ ਇੱਕ ਹੈ।

**Enlist India for Freedom** ਵਿੱਚ ਐਡਵਰਡ ਥੌਂਪਸਨ

ਅਸੀਂ ਜਿਹੜੇ ਬੰਬਈ ਇਲਾਕੇ ਤੋਂ ਆਉਂਦੇ ਹਾਂ, ਬਾਬਾ ਸਾਹਿਬ ਨੂੰ ਇੱਕ ਅਧਿਆਪਕ, ਇੱਕ ਆਰਥਿਕ ਮਾਹਿਰ, ਇੱਕ ਮਜ਼ਦੂਰ ਆਗੂ, ਇੱਕ ਰਾਜਨੀਤਿਕ ਲੀਡਰ ਵਜੋਂ ਯਾਦ ਕਰਦੇ ਹਾਂ। ਜੋ ਮਹਾਨ ਕੰਮ ਉਹਨਾਂ ਨੇ ਸਦਨ ਵਿੱਚ ਕੀਤਾ, ਸਰਕਾਰ ਦੇ ਮੰਤਰੀ ਹੁੰਦਿਆਂ ਕੀਤਾ, ਉਸ ਤੋਂ ਇਲਾਵਾ ਉਹਨਾਂ ਨੇ ਸਾਡੇ ਖੇਤਰ ਅੰਦਰ ਨਵੀਂ ਚੇਤਨਾ, ਨਵੀਂ ਜਾਗ੍ਰਿਤੀ ਲਿਆਂਦੀ। ਉਹਨਾਂ ਕਰਕੇ ਹੀ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਸਮਾਜਿਕ ਮਹੱਤਤਾ ਨਸੀਬ ਹੋਈ, ਉਹਨਾਂ ਅੰਦਰ ਆਤਮ ਵਿਸ਼ਵਾਸ ਆਇਆ। ਮੇਰਾ ਵਿਸ਼ਵਾਸ ਹੈ ਕਿ ਜੇ ਡਾ. ਅੰਬੇਡਕਰ ਨਾ ਹੁੰਦੇ ਤਾਂ ਦੇਸ਼ ਦਾ ਇਹ ਹਿੱਸਾ ਉਹ ਨਾ ਹੁੰਦਾ, ਜਿੰਦਾਂ ਦਾ ਇਹ ਅੱਜ ਹੈ।

**ਸ਼੍ਰੀ ਅਸ਼ੋਕ ਮਹਿਤਾ (ਭੰਡਾਰਾ) ਲਿਖਤਾਂ ਅਤੇ ਭਾਸ਼ਣ,**
**ਗ੍ਰੰਥ-15 ਸਫਾ-979**

ਡਾ. ਅੰਬੇਡਕਰ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਕੇਵਲ ਬਹੁਤ ਗਹਿਰੇ ਹੀ ਨਹੀਂ, ਬਹੁਤ ਗੰਭੀਰ ਵਿਦਵਾਨ ਸਨ। ਜਿਵੇਂ ਸਦਨ ਦੇ ਆਗੂ ਨੇ ਕਿਹਾ ਕਿ ਉਹ ਵਿਵਾਦਿਤ ਵਿਅਕਤੀ ਸਨ। ਉਹਨਾਂ ਦੀ ਸ਼ਖ਼ਸੀਅਤ ਜੁਝਾਰੂ ਭਾਵਨਾ ਵਾਲੀ ਸੀ। ਇਸ ਜੁਝਾਰੂ ਭਾਵਨਾ ਕਾਰਨ ਹੀ ਉਹ ਆਪਣੀਆਂ ਨਿੱਜੀ ਤਕਲੀਫ਼ਾਂ 'ਤੇ ਜਿੱਤ ਪ੍ਰਾਪਤ ਕਰ ਸਕੇ, ਨਹੀਂ ਤਾਂ ਘੱਟ ਦ੍ਰਿੜ੍ਹਤਾ ਵਾਲਾ ਬੰਦਾ ਉਂਝ ਹੀ ਕੁਚਲਿਆ ਜਾਂਦਾ।

**ਸ਼੍ਰੀ ਫਰੈਂਕ ਅੰਥਨੀ (ਨਾਮਜ਼ਦ ਐਂਗਲੋ ਇੰਡੀਅਨ)**
**ਲਿਖਤਾਂ ਅਤੇ ਭਾਸ਼ਣ, ਗ੍ਰੰਥ-15 ਸਫਾ 980**

ਬਾਬਾ ਸਾਹਿਬ, ਭਾਰਤ ਦੇ ਮਹਾਨ ਸਪੂਤ ਸਨ। ਉਹ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਹੀ ਮਸੀਹਾ ਅਤੇ ਰੱਖਿਅਕ ਨਹੀਂ ਬਲਕਿ ਮਹਾਨ ਅੰਤਰਰਾਸ਼ਟਰੀ ਪੱਧਰ ਦੇ ਰਹਿਬਰ ਸਨ। ੨ਇਨਸਾਈਡ ਏਸ਼ੀਐ ਦੇ ਲੇਖਕ ਲਾਰਡ ਗੁੰਥਰ ਅਨੁਸਾਰ ਦੁਨੀਆਂ ਭਰ ਦੇ ਛੇ ਬੁੱਧੀਮਾਨ ਮਨੁੱਖਾਂ ਵਿੱਚੋਂ ਉਹ ਇੱਕ ਸਨ। ਉਹਨਾਂ ਨੇ ਅਨਿਆਂ ਅਸਮਾਨਤਾ ਅਤੇ ਛੂਆਛਾਤ ਦੇ ਕੈਂਸਰ ਵਿਰੁੱਧ ਵੱਡੀ ਲੜਾਈ ਲੜੀ। ਜਿੰਨੀ ਸਫ਼ਲਤਾ ਨਾਲ ਉਹਨਾਂ ਨੇ ਛੂਆਛਾਤ ਦੇ ਕਲੰਕ ਨੂੰ ਦੂਰ ਕਰਨ ਦੀ ਜੰਗ ਲੜੀ, ਹੋਰ ਕਿਸੇ ਨੇ ਨਹੀਂ ਲੜੀ। ਸ਼ਾਇਦ ਇਹੀ ਕਾਰਨ ਹੈ ਕਿ ਹੋਰ ਕੋਈ ਆਗੂ ਜਾਂ ਸੰਤ, ਲੋਕਾਂ ਦਾ ਹਰਮਨ ਪਿਆਰਾ ਬਾਬਾ ਸਾਹਿਬੈ ਨਹੀਂ ਬਣ ਸਕਿਆ, ਸਿਰਫ ਅੰਬੇਡਕਰ ਹੀ ਬਾਬਾ ਸਾਹਿਬ ਬਣ ਸਕੇ, ਭਾਰਤ ਦੇ ਲਤਾੜਿਆਂ ਪਛਾੜਿਆਂ ਦਾ ਕਲਿਆਣ ਕਰਨ ਵਾਲੇ ਬਣ ਸਕੇ।

**ਆਰ. ਐੱਮ. ਸੁਮਨ ਕੌਂਸਲਰ ਲੈਚਵਰਦ ਹਰਟਸ**
**ਡਾ. ਅੰਬੇਡਕਰ ਦੇ ਜੀਵਨ ਕੁੱਝ ਆਖਰੀ ਸਾਲ ਸਫਾ-260**

ਡਾ. ਅੰਬੇਡਕਰ ਜੁਝਾਰੂ ਤਬੀਅਤ ਦਾ ਬੰਦਾ ਸੀ, ਹੌਸਲੇ ਵਾਲਾ ਵਿਅਕਤੀ ਸੀ, ਕੱਟੜ ਹਿੰਦੂਵਾਦ ਸਾਹਮਣੇ ਉਹਨਾਂ ਨੇ ਇੱਕ ਚੁਣੌਤੀ ਪੇਸ਼ ਕੀਤੀ ਅਤੇ ਹਿੰਦੂਵਾਦ ਨੇ ਉਹਨਾਂ ਨੂੰ ਚੰਗਾ ਹੁੰਗਾਰਾ ਦਿੱਤਾ। ਸੰਭਵ ਤੌਰ 'ਤੇ ਉਹ ਯਾਦ ਰੱਖੇ ਜਾਣਗੇ। ਭਾਵੇਂ ਉਹਨਾਂ ਦੇ ਅਖੌਤੀ ਸਮਕਾਲੀ ਪ੍ਰਸਿੱਧ ਵਿਅਕਤੀ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰ ਜਾਣਗੇ।

**ਦੀ ਟਾਈਮਜ਼ ਆੱਫ ਇੰਡੀਆ ਬੰਬੇ। ਦਸੰਬਰ 9, 1956**

# ਨੀ ਮੈਂ ਉੱਥੋਂ ਦਾ ਜਿੱਥੇ ਜੰਮਿਆਂ 'ਭਗਤ ਸਰਦਾਰ'

## ਖਟਕੜ ਕਲਾਂ ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਦਾ ਪਿੰਡ ਸ਼ਹੀਦ ਦੇ ਨਾਮ ਤੇ ਸ਼ਹੀਦ ਭਗਤ ਸਿੰਘ ਨਗਰ ਬਣਾ ਕੇ ਸਰਕਾਰ ਹੋਈ ਨਤਮਸਤਕ ਸੈਲਾਨੀਆਂ ਲਈ 16 ਕਰੋੜ 70 ਲੱਖ ਨਾਲ ਤਿਆਰ ਹੋ ਰਹੀ ਯਾਦਗਾਰ ਬਣ ਰਹੀ ਖਿੱਚ ਦਾ ਕੇਂਦਰ



ਸੰਤੋਖ ਸਿੰਘ ਜੱਸੀ

ਸ਼ਹੀਦੀ ਸ਼ਬਦ ਆਮ ਤੌਰ ਤੇ ਦੇਸ਼ ਭਗਤਾਂ ਦੁਆਰਾ ਦਿੱਤੀ ਜਾਨ ਦੀ ਕੁਰਬਾਨੀ ਦੇ ਸੰਦਰਭ 'ਚ ਬੋਲਿਆ/ਕਿਹਾ ਜਾਂਦਾ ਹੈ। ਸ਼ਹੀਦੀ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ,ਜਿਸ ਦਾ ਅਰਥ ਗਵਾਹ ਹੈ ਤੇ ਸ਼ਹਾਦਤ ਗਵਾਹੀ ਦੇਣ ਨੂੰ ਕਿਹਾ ਜਾਂਦਾ ਹੈ। ਸ਼ਹੀਦੀ ਵਿੱਚ ਆਪਾ ਵਾਰਿਆ ਜਾਂਦਾ ਹੈ ਅਤੇ ਨਿੱਜ ਤੇ ਨਿੱਜਤਵ ਨੂੰ ਆਦਰਸ਼ਾਂ ਤੋਂ ਕੁਰਬਾਨ ਕੀਤਾ ਜਾਂਦਾ ਹੈ। ਸ਼ਹੀਦਾਂ ਦੀਆਂ ਕੁਰਬਾਨੀਆਂ, ਦੇਸ਼ ਭਗਤਾਂ ਦੁਆਰਾ ਆਪਣੇ ਪਿੰਡੇ ਤੇ ਸਹੇ ਅਕਿਹ ਤੇ ਅਸਿਹ ਜ਼ੁਲਮਾਂ ਤੋਂ ਬਾਅਦ ਭਾਰਤ ਵਾਸੀਆਂ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਦਾ ਸਫਰ ਤੈਅ ਕੀਤਾ ਹੈ।ਹਜ਼ਾਰਾਂ ਦੇਸ਼ ਭਗਤਾਂ, ਸ਼ਹੀਦਾਂ ਕਾਰਨ ਭਾਰਤ ਵਿੱਚ ਕੋਈ ਨਵਾਬ,ਰਾਜਾ,ਮਹਾਰਾਜਾ ਜਾਂ ਸੁਲਤਾਨ ਨਹੀਂ ਹੈ,ਸਗੋਂ ਭਾਰਤੀ ਸੰਵਿਧਾਨ ਕਾਰਨ ਸਾਰੇ ਮਨੁੱਖ ਬਰਾਬਰ ਹਨ।





ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੇੜੇ ਬੰਗਾ (ਨਵਾਂਸ਼ਹਿਰ) ਮੁੱਖ ਮਾਰਗ ਤੇ ਸ਼ਹੀਦ ਦੇ ਆਦਮ ਕੱਦ ਬੁੱਤ ਤੇ ਨਤਮਸਤਕ ਹੁੰਦਾ ਹੋਇਆ ਲੇਖਕ, ਮੁੱਖ ਮਾਰਗ ਤੋਂ ਸ਼ਹੀਦ ਦੇ ਘਰ ਨੂੰ ਜਾਂਦੀ ਸੜਕ, ਸ਼ਹੀਦ ਦਾ ਜੱਦੀ ਘਰ ਅਤੇ ਆਲੀਸ਼ਾਨ ਪਾਰਕ ਦਾ ਦ੍ਰਿਸ਼।

ਬੇਸ਼ੱਕ ਦੇਸ਼ / ਪੰਜਾਬ ਵਿੱਚ ਸਾਰੇ ਸ਼ਹੀਦ ਦੇਸ਼ / ਸਮਾਜ ਲਈ ਬਰਾਬਰ ਹਨ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਕਿਸੇ ਦਾ ਯੋਗਦਾਨ ਵੀ ਘੱਟ ਨਹੀਂ ਹੈ ਪਰ ਸ਼ਹੀਦ ਭਗਤ ਸਿੰਘ ਦੇ ਨਾਮ ਤੋਂ ਪੰਜਾਬ ਹੀ ਨਹੀਂ ਸਗੋਂ ਪੂਰਾ ਭਾਰਤ ਅਤੇ ਜਿੱਥੇ ਵੀ ਭਾਰਤੀ ਲੋਕ ਵਸਦੇ ਹਨ, ਬੱਚਾ ਬੱਚਾ ਜਾਣੂ ਹੈ। ਸ਼ਹੀਦਾਂ ਵਿੱਚ ਸ਼ਹੀਦ -ਏ- ਆਜ਼ਮ ਦਾ ਸਨਮਾਨ ਭਗਤ ਸਿੰਘ ਦੇ ਹੀ ਹਿੱਸੇ ਆਇਆ ਹੈ।ਸ਼ਹੀਦ ਭਗਤ ਸਿੰਘ ਨੇ ਜਿੱਥੇ 23 ਸਾਲ ਦੀ ਉਮਰ ਵਿੱਚ ਫਾਂਸੀ ਦਾ ਫੰਦਾ ਚੁੰਮਿਆਂ ਉੱਥੇ ਵਿਚਾਰਧਾਰਾ ਵੀ ਦਿੱਤੀ। ਸ਼ਹੀਦ ਭਗਤ ਸਿੰਘ ਦੀਆਂ ਲਿਖੀਆਂ ਪੁਸਤਕਾਂ ਤੇ ਉਹਨਾਂ ਬਾਰੇ ਲਿਖੀਆਂ ਪੁਸਤਕਾਂ ਉਹਨਾਂ ਦੁਆਰਾ ਦਿੱਤੇ ਵਿਚਾਰਾ ਬਾਰੇ ਦੱਸਦੀਆਂ ਹਨ ਕਿ ਸ਼ਹੀਦ ਭਗਤ ਸਿੰਘ ਨੇ ਬਹੁਤ ਡੂੰਘਾਈ ਨਾਲ ਮਨੁੱਖ ਤੋਂ ਮਨੁੱਖ ਦੀ ਲੁੱਟ ਨੂੰ ਬਚਾਉਣ ਵਾਲਾ ਸਾਹਿਤ ਪੜ੍ਹਿਆ। ਜਦੋਂ ਉਹਨਾਂ ਲਾਹੌਰ ਅਸੈਂਬਲੀ ਵਿੱਚ ਬੰਬ ਸੁੱਟਿਆ ਉਦੋਂ ਉਹਨਾਂ ਕਿਹਾ ਕਿ ਇਹ ਬੰਬ ਕਿਸੇ ਨੂੰ ਮਾਰਨ ਲਈ ਨਹੀਂ ਸਗੋਂ ਅੰਗਰੇਜ਼ੀ ਹਕੂਮਤ ਨੂੰ ਜਗਾਉਣ ਲਈ ਸੁੱਟਿਆ ਹੈ। ਸ਼ਹੀਦ ਭਗਤ ਦਾ 'ਅਛੂਤ ਦਾ ਸਵਾਲ' ਨਾਮੀ ਲੇਖ ਭਾਰਤ ਦੀ ਵਰਨ ਵਿਵਸਥਾ/ਅਛੂਤ ਹੋਣ ਦੀ ਸਮੱਸਿਆ ਦਾ ਉਲੇਖ ਕਰਦਾ ਹੈ।ਉਹਨਾਂ ਲਿਖਿਆ ਕਿ ਇੱਕ ਕੁੱਤਾ ਤਲਾਅ 'ਚੋਂ ਪਾਣੀ ਪੀ ਸਕਦਾ ਹੈ ਪਰ ਅਛੂਤ ਨਹੀਂ।

ਅਜਿਹੀ ਗੈਰ ਬਰਾਬਰੀ ਵਾਲੀ ਵਿਵਸਥਾ ਨੂੰ ਉਹ ਬਦਲਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਦੇਸ਼ ਆਜ਼ਾਦ ਹੋਣ ਤੇ ਦੇਸ਼ ਵਿੱਚ ਸਹੀ ਅਰਥਾਂ ਵਿੱਚ ਸਮਾਜਵਾਦ ਲਾਗੂ ਹੋਵੇ ਤਾਂ ਜੋ ਸਰਕਾਰ ਹਰ ਵਰਗ ਦੇ ਲੋਕਾਂ ਦਾ ਕਲਿਆਣ, ਉਹਨਾਂ ਦੇ ਜੀਵਨ ਸੁਧਾਰ ਤੇ ਬਰਾਬਰਤਾ ਵਾਲਾ ਵਰਤਾਰਾ ਬਿਨ੍ਹਾਂ ਕਿਸੇ ਜਾਤ/ਪਾਤ ਅਤੇ ਵਿਤਕਰੇ ਦੇ ਕਰੇ।

ਪਰ ਸ਼ਹੀਦ ਭਗਤ ਸਿੰਘ ਸਮੇਤ ਸੈਕੜੇ ਸ਼ਹੀਦਾਂ / ਹਜ਼ਾਰਾਂ ਦੇਸ਼ ਭਗਤਾਂ / ਆਜ਼ਾਦੀ ਘੁਲਾਟੀਆਂ ਦੇ ਸੁਪਨੇ ਅੱਜ ਤੱਕ ਸਾਕਾਰ ਨਹੀਂ ਹੋ ਸਕੇ ਕਿਉਂਕਿ ਅੱਜ ਵੀ ਗੈਰ ਬਰਾਬਰੀ ਐਨੀ ਵੱਡੀ ਪੱਧਰ ਤੇ ਫੈਲੀ ਹੋਈ ਹੈ ਕਿ ਦੇਸ਼ ਦਾ 73% ਸਰਮਾਇਆ ਸਿਰਫ 1% ਲੋਕਾਂ ਦੀ ਜੇਬ ਵਿੱਚ ਸੁਰੱਖਿਅਤ ਹੈ। ਜ਼ਿੰਦਗੀ ਦੇ ਹਰ ਖੇਤਰ ਵਿੱਚ ਅਜਿਹਾ ਵਰਤਾਰਾ ਵਾਪਰਦਾ ਦਿਸ ਰਿਹਾ ਹੈ।

ਲੋਕ ਸੰਗਠਿਤ ਨਾ ਹੋ ਸਕੇ ਅਤੇ ਸਰਕਾਰਾ ਤੇ ਜੋ ਦਬਾਓ ਇੱਕ ਲੋਕਤੰਤਰੀ ਪ੍ਰਣਾਲੀ ਵਿੱਚ ਬਣਨਾ ਚਾਹੀਦਾ ਸੀ ਉਹ ਵਿਰੋਧੀ ਧਿਰਾਂ ਅੱਜ ਤੱਕ ਨਹੀਂ ਬਣਾ ਸਕੀਆਂ। ਜਿਸ ਕਾਰਨ ਦੇਸ਼ ਦੇ ਕਰੋੜਾਂ ਲੋਕਾਂ ਦਾ ਜੀਵਨ ਪੱਧਰ ਅਜੇ ਵੀ ਨੀਵਾਂ ਹੈ ਅਤੇ ਜੋ ਯਤਨ ਹਨ, ਉਹ ਘੱਟ ਹਨ। ਜਦ ਕਿ ਸਰਕਾਰਾਂ ਅਤੇ ਆਮ ਨਾਗਰੀਕਾਂ ਦਾ ਫਰਜ਼ ਬਣਦਾ ਹੈ ਕਿ ਉਹ ਭਾਰਤ ਨੂੰ, ਸ਼ਹੀਦ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਤਾਂ ਕਿ ਜਿਨ੍ਹਾਂ ਆਦਰਸ਼ਾਂ ਅਤੇ ਅਸੂਲਾਂ ਲਈ ਸ਼ਹੀਦਾਂ ਨੇ ਜਾਨਾਂ ਵਾਰੀਆਂ ਉਹਨਾਂ ਤਹਿਤ ਆਦਰਸ਼ ਸਮਾਜ ਸਿਰਜਿਆ ਜਾ ਸਕੇ। ਇਹ ਹੀ ਸ਼ਹੀਦ ਭਗਤ ਸਿੰਘ ਅਤੇ ਹੋਰ ਹਜ਼ਾਰਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜ਼ਲੀ ਹੋਵੇਗੀ। ***(ਇਕ ਪੁਰਾਣਾ ਲੇਖ)***

# ਬਹੁਜਨਾਂ ਦੇ ਅਜ਼ਾਦੀ ਅੰਦੋਲਨ ਦੇ ਮਸੀਹਾ ਸਾਹਿਬ ਸ਼੍ਰੀ ਕਾਂਸ਼ੀ ਰਾਮ

ਭਾਰਤ 'ਤੇ ਪਿਛਲੇ 4000-4500 ਸਾਲਾਂ ਤੋਂ ਅਬਾਦ ਸਿੰਧੂ ਘਾਟੀ ਦੀ ਸੱਭਿਅਤਾ ਨੂੰ ਮੱਧ ਏਸ਼ੀਆਂ ਤੋਂ 'ਮਕਖ ਸ਼ਾਤਿਰ, ਚਲਾਕ ਅਤੇ ਮੱਕਾਰ ਲੋਕਾਂ ਨੇ ਸਾਜ਼ਿਸ਼ਾਂ, ਗੈਰ-ਕੁਦਰਤੀ, ਗੈਰ-ਕਾਨੂੰਨੀ, ਗੈਰ-ਮਨੁੱਖੀ ਢੰਗ ਤਰੀਕੇ ਅਪਣਾ ਕੇ ਸਥਾਪਿਤ ਰਾਜ ਭਾਗ 'ਤੇ ਕਬਜ਼ਾ ਕਰਕੇ ਹੁਕਮਰਾਨ ਧਿਰ ਨੂੰ ਗ਼ੁਲਾਮ ਬਣਾ ਲਿਆ। ਇਨ੍ਹਾਂ ਮਨੂੰਵਾਦੀ ਲੋਕਾਂ ਨੇ ਅਖ਼ੌਤੀ ਰੱਬ ਦਾ ਸਹਾਰਾ ਲੈ ਕੇ ਆਪਣੇ-ਆਪ ਨੂੰ ਸਰਵ ਤਵਖਸ਼ਟ ਮਨੁੱਖ ਐਲਾਨਿਆ। ਭਾਰਤ ਦੇ ਮੂਲਨਿਵਾਸੀ, ਸਿੰਧੂ ਘਾਟੀ ਸੱਭਿਅਤਾ ਦੇ ਵਾਰਸਾਂ ਨੂੰ ਸ਼ੂਦਰ, ਅਛੂਤਾਂ ਦਾ ਨਾਮ ਦਿੱਤਾ। ਇਸ ਤਰ੍ਹਾਂ ਦੇਸ਼ ਵਿੱਚ ਗੈਰ-ਬਰਾਬਰੀ ਵਾਲੀ ਵਿਵਸਥਾ ਲਾਗੂ ਕਰ ਦਿੱਤੀ। ਇਸ ਵਿਵਸਥਾ ਦੇ ਸ਼ਿਕਾਰ ਲੋਕਾਂ ਦੇ ਸਮਰਥਨ ਵਿੱਚ ਰਹਿਨੁਮਾ ਦੇ ਰੂਪ ਵਿੱਚ ਤਥਾਗਤ ਗੌਤਮ ਬੁੱਧ, ਗੁਰੂ ਨਾਨਕ ਸਾਹਿਬ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 100 ਦੇ ਆਸ-ਪਾਸ ਮਹਾਂਪੁਰਸ਼ਾਂ ਨੇ ਭਾਰਤ ਨੂੰ ਮੁੜ੍ਹ ਲੀਹਾਂ 'ਤੇ ਲਿਆਉਣ ਅਤੇ ਸਮਾਜ ਵਿੱਚ ਚੇਤੰਨਤਾ ਪੈਦਾ ਕਰਨ ਲਈ ਸੰਘਰਸ਼, ਤਪੱਸਿਆ, ਤਿਆਗ ਅਤੇ ਬਗਾਵਤਾਂ ਕੀਤੀਆਂ ਅਤੇ ਬਲੀਦਾਨ ਕੀਤਾ।

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਨੇ ਮਨੁੱਖੀ ਹੱਕਾਂ ਲਈ ਬਚਪਨ, ਜਵਾਨੀ ਤੋਂ ਲੈ ਕੇ ਪਰਿਨਿਰਵਾਣ ਤੱਕ ਜੂਝ ਕੇ ਦੇਸ਼ ਦੀ ਵਿਵਸਥਾ/ਪ੍ਰਸ਼ਾਸਨ ਨੂੰ ਚਲਾਉਣ ਲਈ ਕਾਨੂੰਨੀ ਦਸਤਾਵੇਜ਼ (ਭਾਰਤੀ ਸੰਵਿਧਾਨ) ਲਿਖ ਕੇ ਦੇਸ਼ ਵਾਸੀਆਂ ਨੂੰ ਦਿੱਤਾ। ਬਾਬਾ ਸਾਹਿਬ ਦੇ ਦਫ਼ਨ ਹੋਏ ਮਿਸ਼ਨ ਨੂੰ ਮੁੜ੍ਹ ਸੁਰਜੀਤ (ਜਿੰਦਾ) ਕਰਨ ਵਾਲੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੇ ਭਾਰਤ ਦੀ ਧਰਤੀ 'ਤੇ ਸਮਾਜਿਕ, ਆਰਥਿਕ, ਰਾਜਨੀਤਿਕ, ਖੇਤਰ 'ਚ ਇਨਕਲਾਬੀ ਕਦਮ ਪੁੱਟੇ। ਉਨ੍ਹਾਂ ਨੇ ਜਨ ਚੇਤਨਾ, ਨਵੀਂ ਅਪਣਾਈ ਰਣਨੀਤੀ ਤਹਿਤ ਹਜ਼ਾਰਾਂ ਸਾਲਾਂ ਤੋਂ ਰਾਜ ਕਰਨ ਵਾਲੇ ਲੋਕਾਂ ਨੂੰ ਦਿਨੇ ਤਾਰੇ ਦਿਖਾਏ। ਸਾਹਿਬ ਕਾਂਸ਼ੀ ਰਾਮ ਦੇ ਰਾਜਨੀਤਿਕ ਵਿਰੋਧੀ ਅੱਜ ਵੀ ਮੰਨਦੇ ਹਨ ਕਿ ਕਾਂਸ਼ੀ ਰਾਮ ਨੇ ਭਾਰਤ ਦੀ ਰਾਜਨੀਤੀ ਵਿੱਚ 1985 ਤੋਂ ਅਜਿਹੀ ਉਥਲ-ਪੁਥਲ ਮਚਾਈ ਕਿ ਰਾਜਨੀਤੀ ਜਿਹੜੀ ਪਹਿਲਾਂ ਕੁੱਝ ਕੁ ਲੋਕਾਂ, ਘਰਾਣਿਆਂ ਤੱਕ ਹੀ ਸੀਮਿਤ ਸੀ, ਅੱਜ ਆਮ ਲੋਕਾਂ ਦੀ ਰੁਚੀ ਰਾਜਨੀਤੀ 'ਚ ਵਧੀ ਹੋਈ ਸਪੱਸ਼ਟ ਦਿਸਦੀ ਹੈ।

ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੇ 6 ਦਸੰਬਰ 1978 ਈ: ਨੂੰ ਦੇਸ਼ ਵਿੱਚ ਬਾਮਸੇਫ (ਮੁਲਾਜ਼ਮਾਂ ਦਾ ਸੰਗਠਨ) ਨਾਮ ਦਾ ਸੰਗਠਨ ਬਣਾਇਆ, ਜੋ ਕਿ ਇੱਕ ਵੱਡੀ ਯੂਨੀਵਰਸਿਟੀ ਦੇ ਰੂਪ ਵਾਂਗ ਸਾਹਮਣੇ ਆਇਆ। ਉਹਨਾਂ ਨੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀ.ਐੱਸ.4) ਨਾਮ ਦਾ ਸੰਗਠਨ ਆਮ ਲੋਕਾਂ ਵਿੱਚ ਸੰਘਰਸ਼ ਅਤੇ ਚੇਤੰਨਤਾ ਪੈਦਾ ਕਰਨ ਲਈ ਬਣਾਇਆ। ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਲਈ ਉਨ੍ਹਾਂ ਨੇ 14 ਅਪ੍ਰੈਲ 1984 ਈ: ਨੂੰ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਬਣਾ ਕੇ ਹਜ਼ਾਰਾਂ ਸਾਲਾਂ ਤੋਂ ਹਾਸ਼ੀਏ 'ਤੇ ਕੀਤੇ, ਪੀੜ੍ਹਿਤ, ਸ਼ੋਸ਼ਿਤ ਸਮਾਜ ਨੂੰ ਮੁੜ੍ਹ ਰਾਜ ਕਰਨ ਦੀ ਜਾਗ ਲਗਾਈ। ਉਨ੍ਹਾਂ ਕਿਹਾ ਕਿ 'ਆਓ ਆਪਣੇ 'ਤੇ ਦੂਜਿਆਂ ਤੋਂ ਰਾਜ ਕਰਾਉਣ ਦੀ ਬਜਾਏ ਆਪਾਂ ਖ਼ੁਦ ਰਾਜ ਕਰੀਏ'। ਉਨ੍ਹਾਂ ਇਤਿਹਾਸ ਤੋਂ ਸਬਕ ਲੈਂਦਿਆਂ ਆਪਣੀ ਨਿੱਜੀ ਗ੍ਰਹਿਸਤ, ਪਰਿਵਾਰਿਕ ਜਿੰਦਗੀ ਨੂੰ ਤਿਲਾਜ਼ਲੀ ਦਿੰਦੇ ਹੋਏ ਅਤੇ ਸਮਾਜਿਕ ਚੇਤਨਾ ਪੈਦਾ ਹੋਣ ਕਾਰਨ ਆਪਣੇ-ਆਪ ਨੂੰ ਸਮਾਹ ਲਈ ਸਮਰਪਿਤ ਕਰ ਦਿੱਤਾ।

ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਪੰਛੀ ਝਾਤ ਮਾਰਦਿਆਂ ਗਿਆਨ ਮਿਲ਼ਦਾ ਹੈ ਕਿ ਇੱਕ ਸਾਇਕਲ 'ਤੇ ਸਵਾਰ ਸਬਜ਼ੀ ਵੇਚਣ ਵਾਲਾ, ਜਿਮੀਂਦਾਰਾਂ ਦੇ ਸੀਰੀ ਲੱਗਣ ਵਾਲੇ ਵਰਕਰਾਂ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਆਗੂ ਬਣਾਇਆ। ਇੱਕ ਸਧਾਰਨ ਅਧਿਆਪਕ, ਇੱਕ ਸਧਾਰਨ ਪਰਿਵਾਰ ਦੀ, ਪਰ ਸੰਘਰਸ਼ਾਂ ਦੀ ਮੋਹਰੀ ਲੜਕੀ ਕੁਮਾਰੀ ਮਾਇਆਵਤੀ ਨੂੰ ਪਾਕਿਸਤਾਨ ਦੇਸ਼ ਤੋਂ ਵੀ ਵੱਡੇ ਸੂਬੇ ਅਤੇ ਮਿੰਨੀ ਭਾਰਤ ਕਰਕੇ ਜਾਣੇ ਜਾਂਦੇ ਉੱਤਰ-ਪ੍ਰਦੇਸ਼ ਦੀ ਚਾਰ-ਚਾਰ ਵਾਰ ਮੁੱਖ ਮੰਤਰੀ ਬਣਾ ਕੇ ਦੁਨੀਆਂ ਨੂੰ ਦੱਸ ਦਿੱਤਾ ਕਿ ਜੇਕਰ ਇਰਾਦਾ ਨੇਕ ਹੋਵੇ ਤਾਂ ਰਸਤੇ ਨਿਕਲ ਹੀ ਆਉਂਦੇ ਹਨ। ਇਹ ਗੱਲ ਸੂਰਜ-ਚੰਦਰਮਾ ਦੇ ਚੜ੍ਹਨ-ਛਿਪਣ ਵਾਂਗ, ਵੀਹ ਵਿਸਵੇ ਸੋ਼ਲਾ ਆਨੇ ਅਤੇ ਕੰਧ 'ਤੇ ਲਿਖੇ ਸੱਚ ਵਾਂਗ ਹੈ ਕਿ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਦਾ ਰਾਜ ਇੱਕ ਦਿਨ ਭਾਰਤ ਦੀ ਧਰਤੀ 'ਤੇ ਜ਼ਰੂਰ ਆਵੇਗਾ।



ਸੱਚ ਜਾਣਿਓ ਅੱਜ ਵੀ ਕਾਂਸ਼ੀ ਰਾਮ ਕਬਰਾਂ ਵਿੱਚੋਂ ਪੁੱਛਦਾ ਲੱਗਦੈ ਕਿ ਸੱਚ ਦੱਸਿਓ, ਸੱਚ ਬੋਲਿਓ ਕਿ ਮੇਰੇ ਜਾਣ ਤੋਂ ਬਾਅਦ 'ਇਨਸਾਫ਼ ਦੀ ਦੇਵੀ' ਮੰਨਣ ਲੱਗੀ ਹੈ ਕਿ ਨਹੀਂ? ਮਨੁੱਖਤਾ ਤੇ ਮਨੁੱਖੀ ਹੱਕਾਂ ਦੀ ਬਹਾਲੀ ਲਈ ਹਾਸ਼ੀਏ 'ਤੇ ਕੀਤੇ ਲੋਕਾਂ ਦੀ, ਦਲਿਤਾਂ, ਬਹੁਜਨਾਂ, ਸ਼ੋਸ਼ਿਤਾਂ, ਪੀੜ੍ਹਿਤਾਂ ਦੀ ਮੁਕਤੀ ਸੱਤਾ ਪ੍ਰਾਪਤੀ ਰਾਹੀਂ ਹੀ ਹੋਣੀ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਦਲਿਤਾਂ ਦੇ ਵਿਹੜਿਆਂ 'ਚ ਅਜਿਹੀ ਚੇਤਨਤਾ ਤੇ ਜਗਿਆਸਾ ਪੈਦਾ ਕੀਤੀ। ਇੱਕ ਥਾਂ 'ਚ ਸੰਦੇਸ਼ ਦੇ ਰੂਪ ਵਿੱਚ ਡਾ. ਕਪੂਰ ਲਿਖਦੇ ਹਨ ਕਿ 'ਇਤਿਹਾਸ ਦੀ ਮਾਲ ਰੋਡ 'ਤੇ ਹੁਣ ਉਹ ਮੋੜ੍ਹ ਆ ਗਿਆ ਹੈ, ਜਦੋਂ ਦਲਿਤ ਵੀ ਪੂਰੇ ਜਾਹੋ-ਜਲਮ; ਨਾਲ ਅਤੇ ਸਵੈਮਾਨ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾ਼ਲ ਕੇ, ਅੱਖਾਂ ਵਿੱਚ ਨਵੇਂ ਸੁਫ਼ਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਂਆਂ ਰੀਝਾਂ ਜਗਾ ਕੇ ਨਵੀਂਆਂ ਪੁਲਾਂਘਾਂ ਪੁੱਟਣਗੇ ਅਤੇ ਹਰ ਰੁਕਾਵਟ ਨੂੰ ਲੰਘ ਜਾਣਗੇ'।

ਅੱਜ ਦੇ ਸਮੇਂ ਮਨੁੱਖੀ ਹੱਕਾਂ ਦੀ ਬਹਾਲੀ, ਸਮਾਨਤਾ, ਸੁਤੰਤਰਤਾ, ਭਾਈਚਾਰਾ ਤੇ ਨਿਆਂ ਲਈ, ਸਿੱਖਿਅਤ, ਸੰਗਠਿਤ ਅਤੇ ਮਿਸ਼ਨਰੀ ਹੋਣ ਲਈ ਦਲਿਤ, ਬਹੁਜਨ, ਸ਼ੋਸ਼ਿਤਾਂ ਨੂੰ ਇੱਕ ਮੰਚ 'ਤੇ ਰਲ਼-ਮਿਲ਼ ਕੇ ਆਪਸੀ ਮਤਭੇਦ ਭੁਲਾ ਕੇ ਅਤੇ ਵੱਡੇ ਨਿਸ਼ਾਨੇ ਰਾਜਸੱਤਾ ਦੀ ਪ੍ਰਾਪਤੀ ਲਈ, ਸਮਰਪਿਤ ਭਾਵਨਾ ਨਾਲ ਕੰਮ ਕਰਨ ਦੀ ਲੋੜ੍ਹ ਹੈ। ਅਜੋਕਾ ਸਮਾਂ ਇਹ ਮੰਗ ਕਰਦਾ ਹੈ। ਜੇਕਰ ਅਸੀਂ ਇਸ ਗੱਲ, ਵਿਚਾਰ, ਸੋਚ, ਮਿਸ਼ਨ ਤੇ ਜਨੂਨੀ ਭਾਵਨਾ, ਜਗਿਆਸੂ ਪ੍ਰਵਿਰਤੀ ਦੇ ਨਾਲ ਕੰਮ ਕਰਾਂਗੇ ਤਾਂ ਸਾਹਿਬ ਦੀ ਮਿਹਨਤ ਨੂੰ ਇੱਕ ਦਿਨ ਬੂਰ ਜ਼ਰੂਰ ਪਵੇਗਾ। ਬਹੁਜਨ ਸਮਾਜ ਇੱਕ ਸ਼ਾਸਕ ਵਰਗ ਬਣ ਕੇ ਮੁੜ੍ਹ ਮੌਰੀਆ ਵੰਸ਼ ਸਥਾਪਿਤ 'ਗ ਸਕੇਗਾ। ਮੁੜ੍ਹ ਪੂਰਨ ਬਰਾਬਰੀ ਵਾਲੀ ਵਿਵਸਥਾ ਕਾਇਮ ਹੋ ਸਕੇਗੀ, ਕਿਉਂਕਿ ਅਸੀਂ ਹੀ ਇਸ ਦੇਸ਼ ਦੇ ਅਸਲੀ ਮਾਲਕ ਹਾਂ।

ਸਾਹਿਬ ਕਾਂਸ਼ੀ ਰਾਮ ਦਾ ਸਭ ਤੋਂ ਵੱਡਾ ਅੰਦੋਲਨ, ਸਭ ਤੋਂ ਵੱਡੀ ਸੋਚ ਇਹ ਰਹੀ ਕਿ ਦੇਸ਼ ਵਿੱਚ ਸਮਾਜਿਕ ਬਜਗਵਰਤਨ, ਆਰਥਿਕ 'ਹਮਦਜ਼ ਮਿ਼ਲੇ। ਇਹ ਉਨ੍ਹਾਂ ਦਾ ਜ਼ਿੰਦਗੀ ਭਰ ਮੂਲ ਸਿਧਾਂਤ ਰਿਹਾ, ਜਿਸ 'ਤੇ ਉਨ੍ਹਾਂ ਅਖ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਠੋਕ ਵਜਾ ਕੇ ਪਹਿਰਾ ਦਿੱਤਾ। ਇਨ੍ਹਾਂ ਅੰਦੋਲਨਾਂ ਕਾਰਨ ਅੱਗੇ ਰਾਜਨੀਤਿਕ ਗਤੀਵਿਧੀਆਂ ਦਾ ਵਿਸਥਾਰ ਹੋਇਆ ਹੈ। ਇਤਿਹਾਸ ਤੋਂ ਸਿੱਖੇ ਸਬਕ, ਕੀਤੀਆਂ ਭੁੱਲਾਂ, ਗਲਤੀਆਂ ਤੋਂ ਸਬਕ ਲੈ ਕੇ ਆਓ ਦਿੱਲੀ ਦੇ ਤਖ਼ਤ ਵੱਲ ਨੂੰ ਵਧੀਏ।

ਸਾਹਿਬ ਨੇ ਪੈਦਲ, ਸਾਈਕਲ, ਰੇ਼ਲਗੱਡੀ ਦੇ ਤੀਜ਼ੇ ਤੇ ਚੌਥੇ ਦਰਜ਼ੇ 'ਚ, ਕਾਰ, ਜੀਪ, ਹੈਲੀਕਾਪਟਰ ਤੇ ਹਵਾਈ ਜ਼ਹਾਜ਼ਾਂ ਰਾਹੀਂ ਕਰੋੜ੍ਹਾਂ ਲੋਕਾਂ ਅੰਦਰ ਸਵੈ-ਮਾਣ ਭਰਿਆ।

ਜਿਵੇਂ ਚਾਰਲਸ ਡਾਰਵਿਨ ਨੇ ਕਿਹਾ ਕਿ ਅਜਿਹਾ ਆਦਮੀ ਜੋ ਇੱਕ ਘੰਟੇ ਦਾ ਸਮਾਂ ਵੀ ਬਰਬਾਦ ਕਰਦਾ ਹੈ, ਸਮਝੋ ਉਸਨੂੰ ਆਪਣੀ ਜ਼ਿੰਦਗੀ ਦੀ ਕੀਮਤ ਦਾ ਪਤਾ ਨਹੀਂ ਹੈ। ਇਸ ਤੋਂ ਅੱਗੇ ਚੱਲਦਿਆਂ 20ਵੀਂ-21ਵੀਂ ਸਦੀ ਦੇ ਦਲਿਤ, ਬਹੁਜਨ ਜਰਨੈਲ ਨੇ ਇੱਕ ਵੀ ਪਲ ਗਵਾਏ ਬਗੈਰ ਹਜ਼ਾਰਾਂ ਸਾਲਾਂ ਦੇ ਅਨਿਆਂ ਨੂੰ ਦੂਰ ਕਰਨ ਲਈ ਮਹਾਂਪੁਰਸ਼ਾਂ ਦੇ ਮਿਸ਼ਨ ਨੂੰ ਹਰ ਪਲ, ਹਰ ਛਣ '!ਪਖ ਵਧਾਇਆ।

ਹੁਣ ਕੋਠੇ 'ਤੇ ਸਪੀਕਰਾਂ ਰਾਹੀਂ ਵੀ ਕਾਂਸ਼ੀ ਰਾਮ ਕੜਕਵੀਂ ਆਵਾਜ਼ ਵਿੱਚ ਬੋਲਦੈ ਸੁਣਦੈ 'ਕਿ ਇਕੱਠੇ ਹੋ ਜਾਓ ਜੇ ਲੈਣੇ ਹੱਕ ਬਰਾਬਰ ਦੇ।'

ਦੁਨੀਆਂ ਦੇ ਇਤਿਹਾਸ ਵਿੱਚ ਇਹ ਪਹਿਲੀ ਖ਼ਬਰ ਹੈ ਕਿ ਕਾਂਸ਼ੀ ਰਾਮ ਨੇ ਉਸ ਵੇਲੇ ਦੇ ਮੌਜੂਦਾ ਰਾਸ਼ਟਰਪਤੀ (ਸ਼ੰਕਰ ਦਿਆਲ ਸ਼ਰਮਾ) ਪਾਸ ਜਾ ਕੇ ਕਿਹਾ ਕਿ ਜੇਕਰ ਮੇਰੇ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਜਾਂ ਬੂਥ ਅਤੇ ਉਨ੍ਹਾਂ ਦੀਆਂ ਵੋਟਾਂ ਲੁੱਟੀਆਂ ਗਈਆਂ ਤਾਂ ਉਸਦੀ ਸਾਰੀ ਜਿੰਮੇਵਾਰੀ ਆਪ ਜੀ ਦੀ ਜਾਂ ਫਿਰ ਚੋਣ ਕਮਿਸ਼ਨ ਦੀ ਹੋਵੇਗੀ।

### ਉਹ ਘਟਨਾ ਜਿਸ ਨੇ ਕਾਂਸ਼ੀ ਰਾਮ ਨੂੰ ਬਹੁਜਨ ਨਾਇਕ ਬਣਾਇਆ

ਇਹ ਘਟਨਾ ਤਕਰੀਬਨ ਸਾਲ 1962-63 'ਚ ਪੂਨੇ (ਮਹਾਰਾਸਟਰ) ਦੇ ਰਿਸਰਚ ਇੰਸਟੀਚਿਊਟ 'ਚ ਤਥਾਗਤ ਗੌਤਮ ਬੁੱਧ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਛੁੱਟੀ ਰੱਦ ਕਰਕੇ ਬਾਲ ਗੰਗਾਧਰ ਤਿਲਕ ਤੇ ਦੀਵਾਲੀ ਦੀ ਛੁੱਟੀ ਬਹਾਲ ਕਰਨ 'ਤੇ ਵਾਪਰੀ। ਇਸ ਅਦਾਰੇ ਦੇ ਵਰਕਰ ਯੂਨੀਅਨ ਦੇ ਪ੍ਰਧਾਨ ਦੀਨਾ ਭਾਨਾ ਨੇ ਇਨ੍ਹਾਂ ਛੁੱਟੀਆਂ 'ਤੇ ਵਿਰੋਧ ਕੀਤਾ, ਜਿਸ ਕਾਰਨ ਅਦਾਰੇ ਦੇ ਅਧਿਕਾਰੀਆਂ ਨਾਲ ਤਲਖ਼-ਬਿਆਨੀ ਹੋਈ। ਸਿੱਟੇ ਵਜੋਂ ਦੀਨਾ ਭਾਨਾ ਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਗਿਆ।

ਇਸ ਬਾਰੇ ਮਿਸਟਰ ਖਾਪਰਡੇ ਤੇ ਦੀਨਾ ਭਾਨਾ ਨੇ ਕਾਂਸ਼ੀ ਰਾਮ ਨੂੰ ਬਾਬਾ ਸਾਹਿਬ ਅੰਬੇਡਕਰ ਬਾਰੇ ਜਾਣਕਾਰੀ ਦਿੱਤੀ ਕਿ ਬਾਬਾ ਸਾਹਿਬ ਡਾ. ਅੰਬੇਡਕਰ ਸਾਡਾ ਬੰਦਾ ਸੀ ਅਤੇ ਸਾਡੇ ਲਈ ਸਾਰੀ ਜ਼ਿੰਦਗੀ ਸੰਘਰਸ਼ ਕਰਦਾ ਰਿਹਾ ਤੇ ਉਨ੍ਹਾਂ ਨੇ ਭਾਰਤ ਦਾ ਸੰਵਿਧਾਨ ਲਿਖਣ 'ਚ ਪ੍ਰਮੁੱਖ ਭੂਮਿਕਾ ਨਿਭਾਈ। ਖਾਪਰਡੇ ਨੇ ਬਾਬਾ ਸਾਹਿਬ ਦੀ ਅੰਗਰੇਜ਼ੀ 'ਚ ਲਿਖੀ ਪੁਸਤਕ "Annihilation of Caste"(ਭਾਵ ਜ਼ਾਤ-ਪਾਤ ਦਾ ਬੀਜ ਨਾਸ਼) ਕਾਂਸ਼ੀ ਰਾਮ ਜੀ ਨੂੰ ਪੜ੍ਹਨ ਵਾਸਤੇ ਦਿੱਤੀ। ਉਨ੍ਹਾਂ ਨੇ ਇਹ ਕਿਤਾਬ 7 ਵਾਰ ਪੜ੍ਹੀ, ਇਸ ਪੁਸਤਕ ਨੇ ਕਾਂਸ਼ੀ ਰਾਮ ਦੀ ਜ਼ਿੰਦਗੀ ਹੀ ਬਦਲ ਦਿੱਤੀ। ਨੌਕਰੀ ਛੱਡੀ, ਘਰ ਛੱਡਿਆ, ਪਰਿਵਾਰ ਛੱਡਿਆ, ਰਿਸ਼ਤੇ ਨਾਤੇ ਛੱਡੇ ਤੇ ਖ਼ੁਦ ਬਾਬਾ ਸਾਹਿਬ ਤੋਂ ਬਾਅਦ ਸਮਾਜ ਦਾ ਬੰਦਾ ਬਣ ਕੇ ਸਮਾਜ ਲਈ ਸੰਘਰਸ਼ ਕਰਨ ਲੱਗਾ। ਅੱਜ ਕਰੋੜ੍ਹਾਂ ਲੋਕਾਂ ਦਾ ਉਹ ਬੰਦਾ ਹੀ ਨਹੀਂ ਸਗੋਂ ਜ਼ਿੰਦਗੀ ਦਾ ਇੱਕ ਅਜਿਹਾ ਬਿੰਬ ਬਣ ਗਿਆ, ਜਿਸ ਤੋਂ ਪੰਜਾਬ, ਭਾਰਤ ਅਤੇ ਦੁਨੀਆਂ 'ਚ ਦਿਲਚਸਪੀ ਰੱਖਣ ਵਾਲਾ ਹਰ ਵਿਅਕਤੀ ਪ੍ਰਭਾਵਿਤ ਹੋਏ ਬਿਨ੍ਹਾਂ ਰਹਿ ਨਹੀਂ ਸਕਿਆ। 'ਰੁਛਜ਼ ਗਮਠ ਦੇ ਕੰਮ ਕਰਨ ਦੇ ਤਰੀਕੇ ਅਤੇ ਉੱਤਰ-ਪ੍ਰਦੇਸ਼ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰਾਜਨੀਤੀ ਦੀ ਅਜਿਹੀ ਖੇਡ ਖੇਡੀ ਕਿ ਪੂਰਨ ਬਹੁਮਤ ਵਾ਼ਲੀਆਂ ਸਰਕਾਰਾਂ ਮਜ਼ਬੂਰ ਹੋ ਕੇ ਛੋਟੀਆਂ ਪਾਰਟੀਆਂ ਅੱਗੇ ਗੋਡੇ ਟੇਕਦੀਆਂ ਦੁਨੀਆਂ ਨੇ ਦੇਖੀਆਂ। ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਆਪਣੀ ਕ੍ਰਿਸ਼ਮਈ ਸ਼ਖਸੀਅਤ ਕਾਰਨ ਰਹਿੰਦੀ ਦੁਨੀਆ ਤੱਕ ਕਰੋੜਾਂ ਲੋਕਾਂ ਦੇ ਦਿੱਲਾਂ ਤੇ ਰਾਜ ਕਰਦੇ ਰਹਿਣਗੇ।

**– ਸੰਤੋਖ ਸਿੰਘ ਜੱਸੀ**


# ਮਾਨਵਤਾ ਦੇ ਪੁੰਜ ਬਾਬਾ ਸਾਹਿਬ ਅੰਬੇਡਕਰ



ਕੇ. ਸੀ. ਸੁਲੇਖ
0172-4623503

ਅੱਜ ਜੇ ਭਾਰਤ ਰਾਸ਼ਟਰ ਵਿਚ ਵਿੱਚਰ ਰਹੇ ਇਨਸਾਨੀ ਜੀਵਨ ਉੱਤੇ ਕਿਸੇ ਵੀ ਕੋਣ (ਐਂਗਲ) ਸਮਾਜਿਕ, ਸਭਿਆਚਾਰਕ, ਆਰਥਿਕ ਜਾਂ ਰਾਜਨੀਤਿਕ ਤੋਂ ਨਜ਼ਰ ਮਾਰੀ ਜਾਵੇ ਤਾਂ ਇਸ ਵਿਚ ਸਮੇਂ-ਸਮੇਂ ਵਾਪਰੀ ਘੱਟ ਜਾਂ ਵੱਧ ਤੀਬਰਤਾ ਨੂੰ ਛੱਡ ਕੇ ਸਿਵਾਏ ਆਮ ਜਨਤਾ ਦੀ ਦਰਦ ਭਰੀ ਚੀਕ ਚਿਲਾਹਟ, ਹਾਹਾਕਾਰ, ਕੁਰਲਾਹਟ ਤੋਂ ਹੋਰ ਕੁਝ ਨਜ਼ਰ ਨਹੀਂ ਆਵੇਗਾ। ਕਿਤੇ ਦਿਨੋ ਦਿਨ ਵੱਧ ਰਹੀ ਮਹਿੰਗਾਈ ਦੀ ਚੋਭ, ਕਿਤੇ ਬੇਰੁਜ਼ਗਾਰੀ ਦੀ ਮਾਰ, ਕਿਤੇ ਫਾਕੇ ਖੁਦਕੁਸ਼ੀਆਂ, ਕੁਪੋਸ਼ਣ, ਬਿਮਾਰੀ ਕਿਤੇ ਘਿਨੌਣੀ ਵਾਰਦਾਤਾਂ, ਰੇਪ, ਗੈਂਗਰੇਪ ਅਤੇ ਕਤਲ। ਇਹ ਕਿਸੇ ਤਰ੍ਹਾਂ ਵੀ ਸੁਖੀ ਸਮਾਜ ਦੀ ਤਸਵੀਰ ਨਹੀਂ ਹੈ। ਦੂਜੇ ਪਾਸੇ ਅੰਕੜਿਆਂ ਦੇ ਬਹੁਮਤ ਦੇ ਨਸ਼ੇ ਵਿਚ ਧੁੱਤ ਹੁਕਮਰਾਨਾਂ ਨੂੰ ਆਪਣੇ ਸੰਪਰਦਾਇਕ ਏਜੰਡੇ ਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਪੂਰਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ਦਿਸਦਾ। ਸ਼ਾਹੀਨ ਬਾਗ (ਦਿੱਲੀ) ਵਿਖੇ ਨਾਗਰਿਕਤਾ ਕਾਨੂੰਨ ਦੇ ਖਿਲਾਫ ਰੋਸ ਵਿਚ ਚਾਰ ਮਹੀਨਿਆਂ ਤੋਂ ਸ਼ਾਂਤੀ ਪੂਰਨ ਧਰਨੇ ਤੇ ਬੱਚਿਆਂ ਸਮੇਤ ਬੈਠੀਆਂ ਬੁੱਢੀਆਂ, ਜੁਆਨ ਔਰਤਾਂ ਅਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਲੋਕ ਸਮੂਹ ਦੀ ਗੱਲ ਸੁਣਨ ਲਈ ਹਕੂਮਤ ਦੇ ਸੱਤਾਧਾਰੀਆਂ ਕੋਲ ਐਨਾ ਸਮਾਂ ਨਹੀਂ ਜਿੰਨਾ ਉਹ ਇਸ ਆਵਾਜ਼ (ਗਲਤ ਜਾਂ ਸਹੀ) ਨੂੰ ਗੋਲੀ ਅਤੇ ਪੁਲਿਸ ਦਹਿਸ਼ਤ ਨਾਲ ਦਬਾਉਣਾ ਜ਼ਿਆਦਾ ਬਿਹਤਰ ਸਮਝਦੇ ਹਨ ਅਤੇ ਸਭ ਤੋਂ ਵੱਧ ਸਿਤਮ ਦੀ ਇਹ ਗੱਲ ਹੈ ਕਿ ਇਹ ਸਭ ਕੁਝ ਅਜਿਹੇ ਦੇਸ਼ ਵਿਚ ਹੋ ਰਿਹਾ ਹੈ, ਜਿਸ ਨੂੰ ਦੁਨੀਆਂ ਵਿਚ ਸਭ ਤੋਂ ਵੱਡੀ ਜਮਹੂਰੀਅਤ (ਲੋਕਤੰਤਰ-ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਹਕੂਮਤ) ਵਾਲਾ ਦੇਸ਼ ਮੰਨਿਆ ਗਿਆ ਹੈ, ਜਿਸ ਦਾ ਇਕ ਸੰਵਿਧਾਨ ਵੀ ਹੈ, ਅਜਿਹਾ ਸੰਵਿਧਾਨ ਜਿਸ ਨੂੰ ਦੁਨੀਆਂ ਵਿਚ ਇਕ ਬਿਹਤਰੀਨ ਅਤੇ ਸਮਤਾ ਮੂਲਕ ਆਦਰਸ਼ ਸੰਵਿਧਾਨ ਮੰਨਿਆ ਹੈ, ਜਿਸ ਨੂੰ ਇਸ ਵੇਲੇ ਦੀ ਹਕੂਮਤ ਦੇ ਸਰਵੇ ਸਰਵਾ (ਲੇਕਿਨ ਸਵੈ ਵਿਰੋਧਤਾਵਾਂ ਦੇ ਚਿੰਨ੍ਹ) ਮੋਦੀ ਸਾਹਿਬ ਵੀ ਕਾਨੂੰਨੀ ਕਿਤਾਬ ਨਹੀਂ ਪਵਿੱਤਰ ਧਰਮ ਗ੍ਰੰਥ ਕਹਿੰਦੇ ਚਲੇ ਆ ਰਹੇ ਹਨ ਅਤੇ ਉਹ ਸੰਵਿਧਾਨ ਜਿਸ ਦੇ ਰਚਣਹਾਰੇ ਇਕ ਅਦਭੁਤ ਸ਼ਖਸੀਅਤ ਦੇ ਮਾਲਕ The Greatest Indian (ਸਾਰਵਜਨ ਵੋਟ 2012), ਗਿਆਨ ਦੇ ਸਾਗਰ (ਬਰਾਕ ਓਬਾਮਾ), ਸਦੀਆਂ ਵਿਚ ਪੈਦਾ ਹੋਣ ਵਾਲੇ ਤਥਾ ਰਾਤ ਬੁੱਧ ਤੋਂ ਬਾਅਦ ਮਹਾਂ ਕਲਿਆਣਕਾਰੀ ਪੁਰਸ਼ (ਆਕਸਫੋਰਡ ਯੂਨੀ-ਵਰਸਿਟੀ), ਡਾ. ਅੰਬੇਡਕਰ ਹਨ। ਲੋਕਤੰਤਰ ਦੇ ਅਜਿਹੇ ਪਤਨ ਤੇ ਜਿੰਨਾ ਵੀ ਮਾਤਮ ਮਨਾਇਆ ਜਾਵੇ, ਉਹ ਘੱਟ ਹੀ ਹੋਵੇਗਾ। ਕਹਿੰਦੇ ਹਨ ਕਿ ਆਪਣੇ ਪਰਾਏ, ਦੋਸਤ ਦੁਸ਼ਮਣ ਦਾ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਬੰਦੇ ਦੇ ਸਿਰ 'ਤੇ ਕੋਈ ਮੁਸੀਬਤ ਆ ਜਾਵੇ। ਦੁਨੀਆਂ ਨੇ ਦੇਖਿਆ ਜਦ ਤੋਂ ਮੋਦੀ ਸਾਹਿਬ ਦੇ Hatchet man (ਕੁਹਾੜੀ ਮਾਰ) ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਨੇ ਸੰਸਦ ਤੋਂ ਨਾਗਰਿਕਤਾ ਕਾਨੂੰਨ ਪਾਸ ਕਰਵਾਇਆ ਹੈ ਅਤੇ ਦੂਜੇ ਹੋਰ ਇਸ ਪ੍ਰਕਾਰ ਦੇ ਕਾਨੂੰਨ ਲਿਆਉਣ ਦੀ ਗੱਲ ਕੀਤੀ ਹੈ, ਉਦੋਂ ਤੋਂ ਹੀ ਵਿਰੋਧੀ ਪਾਰਟੀਆਂ ਅਤੇ ਖਾਸ ਤੌਰ ਤੇ ਮੁਸਲਿਮ ਸਮੁਦਾਏ ਇਸ ਸੰਸ਼ੋਧਿਤ ਕਾਨੂੰਨ) ਸੀ. ਏ. ਏ.) ਦੇ ਖਿਲਾਫ ਉੱਠ ਖੜ੍ਹੇ ਹੋਏ ਹਨ, ਜਿਹਨਾਂ ਦੀ ਨਜ਼ਰ ਵਿਚ ਇਹ ਕਾਨੂੰਨ ਸੰਵਿਧਾਨ ਦੀ ਮੂਲ ਭਾਵਨਾ (ਸੁਤੰਤਰਤਾ, ਸਮਾਨਤਾ, ਭ੍ਰਾਤਰੀ ਭਾਵ, ਸਮਾਜਿਕ ਨਿਆਂ) ਨੂੰ ਨਕਾਰਦਾ ਲੋਕਤੰਤਰ ਵਿਰੋਧੀ ਹੈ ਅਤੇ ਖਾਸ ਤੌਰ 'ਤੇ ਮਸਲਿਮ ਕੁਸ਼ (ਮੁਸਲਿਮ ਮਾਰ) ਹੈ। ਸਵਾਲ ਹੈ ਕਿ ਜੇ ਮੋਦੀ ਜੀ ਦੇ ਨਾਅਰੇ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕਾ ਵਿਸ਼ਵਾਸ' ਵਿਚ ਸੱਚਮੁਚ ਕੋਈ ਦਮ ਹੈ ਤਾਂ ਹੁਣ ਤੱਕ ਇਸ ਸਮੁਦਾਏ ਦਾ ਵੀ ਵਿਸ਼ਵਾਸ ਜਿੱਤ ਕਿਉਂ ਨਹੀਂ ਲਿਆ? ਉਹ ਵੀ ਤਾਂ ਆਖਿਰ ਦੇਸ਼ ਦੇ ਸੰਵਿਧਾਨ ਅਨੁਸਾਰ ਬਰਾਬਰ ਦੇ ਸਨਮਾਨਿਤ ਨਾਗਰਿਕ ਹਨ?

ਅਜਿਹੇ ਤਣਾਅਪੂਰਨ ਮਾਹੌਲ ਵਿਚ ਅਤੇ ਸੰਭਾਵਿਤ ਖ਼ਤਰੇ ਵਿਚ ਖਲਕਾਨ ਇਸ ਤਬਕੇ ਨੂੰ ਕਿਸੇ ਪਾਸਿਉਂ ਕੋਈ ਰਾਹਤ ਭਰੀ ਉਮੀਦ ਦੀ ਕਿਰਨ ਨਜ਼ਰ ਆਉਂਦੀ ਹੈ ਤਾਂ ਉਹ ਕੇਵਲ ਭਾਰਤ ਦਾ ਸੰਵਿਧਾਨ ਅਤੇ ਉਸ ਦੇ ਰਚੇਤਾ ਅੰਬੇਡਕਰ ਹੀ ਹਨ। ਬਾਬਾ ਸਾਹਿਬ ਦੀ ਤਸਵੀਰ ਧਰਨੇ 'ਤੇ ਬੈਠੀਆਂ ਔਰਤਾਂ ਅਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਦੇ ਹੱਥ ਵਿਚ ਦੇਖੀ ਜਾ ਸਕਦੀ ਹੈ। ਸਾਵਰਕਰ ਜਾਂ ਮੋਹਨ ਭਾਗਵਤ ਦੀ ਕਿਉਂ ਨਹੀਂ? ਇਹ ਕੀ ਜ਼ਾਹਿਰ ਕਰਦਾ ਹੈ? ਸਾਥ, ਵਿਕਾਸ ਅਤੇ ਵਿਸ਼ਵਾਸ ਦੇ ਜੁਮਲੇ ਕਿੱਥੇ ਚਲੇ ਜਾਂਦੇ ਹਨ? ਦੁਨੀਆਂ ਨੇ ਅੱਜ ਤੱਕ ਅਤੇ ਖਾਸ ਤੌਰ 'ਤੇ ਹਿੰਦੂ ਸਮਾਜ ਨੇ ਬਾਬਾ ਸਾਹਿਬ ਨੂੰ ਕੇਵਲ ਦਲਿਤਾਂ ਦੇ ਲੀਡਰ ਵਜੋਂ ਸੀਮਤ ਰੱਖਿਆ। ਮਾਨਵੀ ਪੱਖਾਂ ਨੂੰ ਕਦੇ ਮਹਿਸੂਸ ਹੀ ਨਹੀਂ ਕੀਤਾ। ਇਹ ਤਾਂ ਭੀੜ ਪੈਣ ਤੇ ਹੀ ਬਾਬਾ ਸਾਹਿਬ ਵਰਗੇ ਮਹਾਂਮਾਨਵ ਦੀ ਮਹਾਨਤਾ ਦਾ ਅਹਿਸਾਸ ਹੋਣ ਲੱਗਿਆ ਹੈ। ਦਲਿਤ ਸਮਾਜ ਜਿਸ ਦੇ ਉਹ ਗੋਸ਼ਤ ਪੋਸਤ ਅਤੇ ਜੰਮਪਲ ਹਨ ਤੇ ਸਿਰਫ਼ ਸੰਵਿਧਾਨ ਨਿਰਮਾਤਾ ਅਤੇ ਰਿਜ਼ਰਵੇਸ਼ਨਦਾਤਾ ਦੇ ਰੂਪ ਵਿਚ ਯਾਦ ਕਰਦੇ ਹਨ। ਅਜਿਹੀ ਸਮਝ ਬਾਬਾ ਸਾਹਿਬ ਦੀ ਬਹੁਪੱਖੀ ਸ਼ਖਸੀਅਤ ਬਾਰੇ ਰੱਖਣਾ ਨਾ ਕੇਵਲ ਅਧੂਰੇ ਗਿਆਨ ਦੀ ਸੂਚਕ ਹੈ, ਸਗੋਂ ਅੱਗੇ ਲਈ ਖੁਦ ਆਪਣੇ ਭਵਿੱਖ ਲਈ ਵੀ ਘਾਤਕ ਹੈ। ਇਸ ਤਰ੍ਹਾਂ ਲੋਕ ਉਹਨਾਂ ਦੇ ਮਾਨਵ ਹਿੱਤ ਦਿੱਤੇ ਸੰਦੇਸ਼ ਅਤੇ ਮਾਰਗ ਦੀਆਂ ਬਰਕਤਾਂ ਤੋਂ ਮਹਿਰੂਮ ਰਹਿ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਨੇ ਬਚਪਨ ਤੋਂ ਹੀ ਆਪਣੇ ਸਮਾਜ ਨੂੰ ਮਨੂੰਵਾਦੀ ਬ੍ਰਾਹਮਣਵਾਦ ਦੇ ਮੱਕੜਜਾਲ ਤੋਂ ਆਜ਼ਾਦ ਕਰਵਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ, ਜਿਸ ਦਾ ਕਾਰਨ ਉਹਨਾਂ ਨਾਲ ਹਿੰਦੂ ਸਮਾਜ ਦੁਆਰਾ ਕੀਤਾ ਗਿਆ ਦੁਰਵਿਹਾਰ, ਜਾਤ, ਨਫਰਤ ਅਤੇ ਅਪਮਾਨਜਨਕ ਘਟ-ਨਾਵਾਂ ਸਨ। ਲੇਕਿਨ ਇਹ ਵੀ ਉਹ ਹੀ ਬੜਾ ਸੱਚ ਹੈ ਕਿ ਉਹ ਬਚਪਨ ਤੋਂ ਹੀ ਪ੍ਰਾਕਿਰਤਕ ਸਾਂਚੇ ਵਿਚ ਢਲੇ ਹੋਏ ਮਾਨਵਵਾਦੀ ਪੁਰਸ਼ ਸਨ। ਉਹਨਾਂ ਤੇ ਮੁਢਲਾ ਪ੍ਰਭਾਵ ਉਹਨਾਂ ਦੇ ਪਿਤਾ ਜੀ ਦੀ ਸੰਤ ਕਬੀਰ ਬਾਣੀ ਦਾ ਵੀ ਹੋਇਆ ਜਿਸ ਦੀ ਪ੍ਰੋੜ੍ਹਤਾ ਦਾ ਕੰਮ ਸਕੂਲੀ ਦਿਨਾਂ ਵਿਚ ਬੁੱਧ ਦੀਆਂ ਸਿੱਖਿਆਵਾਂ ਨੇ ਕਰ ਦਿੱਤਾ। ਉਹ ਬੁੱਧ ਦੀਆਂ ਸਿੱਖਿਆਵਾਂ ਅਤੇ ਮਾਨਵੀ ਫ਼ਲਸਫ਼ੇ ਤੋਂ ਐਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਜਾਤ ਨਫਰਤ ਅਤੇ ਇਨਸਾਨੀ ਭੇਦਭਾਵ ਦੇ ਪ੍ਰਤੀਕ ਹਿੰਦੂ ਧਰਮ ਨੂੰ ਹੀ ਤਿਆਗ ਦਿੱਤਾ ਅਤੇ ਹੋਰ ਲੱਖਾਂ ਲੋਕਾਂ ਨਾਲ ਬੁੱਧ ਧੰਮ ਗ੍ਰਹਿਣ ਕਰ ਲਿਆ। ਉਹ ਹਿੰਦੂ ਧਰਮ ਦੀ ਬ੍ਰਾਹਮਣਵਾਦੀ ਵਿਵਸਥਾ ਦੇ ਖਿਲਾਫ ਉਮਰ ਭਰ ਲੜਦੇ ਰਹੇ, ਜਿਸ ਦਾ ਇਕੋ ਇਕ ਕਾਰਨ ਉਹਨਾਂ ਦੇ ਦਿਲ ਵਿਚ ਸਵਾਲ ਪੈਦਾ ਹੋਣਾ ਸੀ ਕਿ ਜਦ ਬੰਦੇ ਕੁਦਰਤੀ ਤੌਰ 'ਤੇ ਸਰੀਰ ਦੀ ਬਣਤਰ- ਅੱਖਾਂ, ਕੰਨ, ਮੂੰਹ, ਬਾਹਾਂ, ਲੱਤਾਂ, ਪੈਰਾਂ ਪੱਖੋਂ ਇਕੋ ਜਿਹੇ ਪੈਦਾ ਹੋਏ ਹਨ ਤਾਂ ਕੁਝ ਫਿਰਕਿਆਂ 'ਚ ਵੰਡ ਕੇ ਅਤੇ ਕੁਝ ਅਭਾਗੇ ਵਰਗਾਂ ਨੂੰ 'ਅਛੂਤ' ਕਰਾਰ ਦੇ ਕੇ ਉਹਨਾਂ ਦੇ ਜੀਵਨ ਨੂੰ ਨਰਕ ਸਮਾਨ ਬਣਾਉਣ ਵਾਲੇ ਕੌਣ ਹੁੰਦੇ ਹਨ?



ਸਪਸ਼ਟ ਰੂਪ ਵਿਚ ਇਹ ਵਿਚਾਰ ਇਕ ਪਹਾੜ ਵਰਗੀ ਚਤਰ ਵਰਨੀ ਜਾਤ ਵਿਵਸਥਾ ਦੇ ਖਿਲਾਫ ਬਗਾਵਤ ਦਾ ਬਿਗਲ ਸੀ, ਜਿਸ ਦੇ ਬਾਰੇ ਖੁਦ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੇ ਉਹਨਾਂ ਦੇ ਪ੍ਰੀ-ਨਿਰਵਾਣ, ਪਿੱਛੋਂ ਪਾਰਲੀਮੈਂਟ ਵਿਚ ਸ਼ਰਧਾਂਜਲੀ ਦਿੰਦਿਆਂ ਮੰਨਿਆ ਸੀ ਕਿ 'ਡਾ. ਅੰਬੇਡਕਰ ਹਿੰਦੂ ਧਰਮ ਦੇ ਦਮਨਕਾਰੀ ਅਲਾਮਾਂ ਦੇ ਖਿਲਾਫ ਉੱਠੇ ਵਿਦਰੋਹ ਦਾ ਚਿੰਨ੍ਹ ਸਨ, ਪਰ ਜ਼ਿਕਰਯੋਗ ਹੈ ਕਿ ਉਹਨਾਂ ਦੇ ਖਿਲਾਫ ਅੱਜ ਵਾਂਗ 'ਅਪਮਾਨਜਨਕ' ਸ਼ਬਦਾਂ ਲਈ ਦੇਸ਼ ਧ੍ਰੋਹ ਦਾ ਕੋਈ ਮੁਕੱਦਮਾ ਦਰਜ ਨਹੀਂ ਹੋਇਆ। ਕਿਉਂ? ਕਿਉਂਕਿ ਇਹ ਸਚਾਈ ਸੀ ਅਤੇ ਲੋਕਤੰਤਰੀ ਪ੍ਰਣਾਲੀ ਅਤੇ ਮਰਿਆਦਾਵਾਂ ਅਜੇ ਜਿੰਦਾ ਸਨ। ਇਹ ਵੀ ਸੱਚ ਹੈ ਕਿ ਕੱਟੜ ਪੰਥੀ ਲੋਕ ਉਹਨਾਂ ਦਿਨਾਂ ਵਿਚ ਬਾਬਾ ਸਾਹਿਬ ਦੇ ਵਿਰੋਧੀ ਵਿਚਾਰਾਂ/ਪੁਸਤਕਾਂ ਦੇ ਖਿਲਾਫ ਸ਼ੋਰ ਸ਼ਰਾਬਾ ਅਤੇ ਹੱਲਾ-ਗੁੱਲਾ ਵੀ ਮਚਾਉਂਦੇ ਰਹੇ ਪਰ ਕੁਝ ਵੀ ਵਿਗਾੜ ਨਹੀਂ ਸਕੇ। ਅੱਜ ਉਹੀ ਸੰਘੀ ਮਾਨਸਿਕਤਾ ਵਾਲੇ ਲੋਕ ਉਹਨਾਂ ਦੀ ਭੰਡੀ ਕਰਦੇ-ਕਰਦੇ ਪ੍ਰਸ਼ੰਸਾ ਤੇ ਆ ਗਏ ਹਨ। ਸੁਰ ਕਿਉਂ ਬਦਲ ਗਏ? ਇਸ ਤੋਂ ਵੱਧ ਹਿਪੋਕ੍ਰੇਸੀ-ਪਾਖੰਡ, ਦੰਭ ਅਤੇ ਦੋਗਲੇਪਣ ਦੀ ਹੋਰ ਪ੍ਰਚੰਡ ਮਿਸਾਲ ਕੀ ਹੋ ਸਕਦੀ ਹੇ?

ਮਾਨਵਵਾਦ ਬਾਬਾ ਸਾਹਿਬ ਦੀ ਅੰਦਰ ਵਿਆਪੀ ਫਿਤਰਤ ਅਤੇ ਜੀਵਨ ਦੇ ਅੰਤਿਮ ਉਦੇਸ਼ ਦਾ ਹੀ ਅੰਗ ਸੀ, ਜਿਸ ਦਾ ਪ੍ਰਗਟਾਵਾ ਉਹਨਾਂ ਦੇ ਹਰ ਵਿਚਾਰ ਅਤੇ ਸਰਗਰਮੀ ਤੋਂ ਹੁੰਦਾ ਹੈ।

ਆਦਰਸ਼ ਸਮਾਜ ਦੀ ਗੱਲ ਕਰਦੇ ਹੋਏ ਉਹ ਕਹਿੰਦੇ ਹਨ ਕਿ ਆਦਰਸ਼ ਸਮਾਜ ਉਹ ਹੈ ਕਿ ਜਿਸ ਵਿਚ ਜੇ ਦੇਸ਼ ਦੇ ਇਕ ਕੋਨੇ ਵਿਚ ਬੈਠੇ ਇਕ ਵਿਅਕਤੀ ਨੂੰ ਕੰਡਾ ਚੁਭੇ ਤਾਂ ਦੇਸ਼ ਦੇ ਦੂਜੇ ਕੋਨੇ ਵਿਚ ਬੈਠੇ ਵਿਅਕਤੀ ਨੂੰ ਉਸ ਦੀ ਚੋਭ ਮਹਿਸੂਸ ਹੋਵੇ ਯਾਨਿ Social endosmosis ਇਹ ਨਹੀਂ ਕਿ ਇਕ ਉੱਚੇ ਅਹੁਦੇ 'ਤੇ ਬੈਠਾ ਮੰਤਰੀ ਇਹ ਕਹੇ ਕਿ ਵੋਟਿੰਗ ਮਸ਼ੀਨ ਦਾ ਬਟਨ ਇੰਨੇ ਜ਼ੋਰ ਨਾਲ ਦਬਾਓ ਕਿ ਉਸ ਦਾ ਕਰੰਟ ਸ਼ਾਹੀਨ ਬਾਗ ਨੂੰ ਲੱਗੇ। ਮਾਨਵ ਧਰਮ ਬਾਰੇ ਇਹੋ ਜਿਹੇ ਸੂਖਮ ਵਿਚਾਰ ਰੱਖਦੇ ਹੋਏ ਬਾਬਾ ਸਾਹਿਬ ਜਾਤ-ਨਫਰਤ ਅਤੇ ਛੂਤ ਛਾਤ ਜਿਹੇ ਘਿਨੌਣੇ ਚਲਨ ਅਤੇ ਵਿਵਹਾਰ ਨੂੰ ਕਿਵੇਂ ਸਹਿਣ ਕਰ ਸਕਦੈ, ਜਿਸ ਦਾ ਸਾਹਮਣਾ ਉਹਨਾਂ ਨੂੰ ਬਚਪਨ ਵਿਚ ਸਕੂਲ-ਕਾਲਜ ਵਿਚ ਪੜ੍ਹਾਈ ਦੌਰਾਨ ਅਤੇ ਬਾਅਦ ਵਿਚ ਅਮਰੀਕਾ, ਇੰਗਲੈਂਡ ਵਰਗੇ ਆਜ਼ਾਦ ਦੇਸ਼ਾਂ ਵਿਚ ਉੱਚੀ ਪੜ੍ਹਾਈ ਕਰਨ ਦੇ ਬਾਅਦ ਵੀ ਬੜੌਦਾ ਬੰਬਈ ਅਤੇ ਹੋਰ ਥਾਂਹ-ਥਾਂਹ ਕਰਨਾ ਪਿਆ। ਇਸ ਤਰ੍ਹਾਂ ਜੇ ਉਹਨਾਂ ਨੇ 'ਹਿੰਦੂ ਸਭਿਅਤਾ' ਨੂੰ ਸਭਿਆਤਾ ਦੇ ਨਾਂ ਤੇ ਕੋਝਾ ਕਲੰਕ ਕਹਿ ਦਿੱਤਾ ਤਾਂ ਇਸ ਵਿਚ ਕੀ ਗਲਤ ਸੀ? ਕਿਹੜੀ ਅਤਿਕਥਨੀ ਸੀ? ਇਸ ਤਰ੍ਹਾਂ ਇਹ ਸਮੁੱਚੇ ਦੇਸ਼ ਲਈ ਬਹੁਤ ਹੀ ਗੰਭੀਰ ਚਿੰਤਾ ਦੀ ਗੱਲ ਹੈ ਕਿ ਅੱਜ ਦੀ ਹਿੰਦੁਤਵੀ ਸਰਕਾਰ ਆਪਣੀ ਅਥਾਹ ਸ਼ਕਤੀ (ਧਨ ਸਾਧਨ ਸੰਗਠਨ) ਦੇ ਜ਼ੋਰ ਤੇ ਮੁੜ ਉਹੀ ਸੰਪਰਦਾਇਕ ਵਿਵਸਥਾ ਸਥਾਪਤ ਕਰਨ ਦਾ ਸੰਕਲਪ ਧਾਰੀ ਬੈਠੀ ਹੈ।

ਇਹ ਇਹਨਾਂ ਹੀ ਮਾਨਵੀ ਪ੍ਰਵਿਰਤੀਆਂ ਦੇ ਪ੍ਰਭਾਵ ਦਾ ਨਤੀਜਾ ਸੀ ਕਿ ਉਹਨਾਂ ਨੇ ਦੇਸ਼ ਅਤੇ ਸਮਾਜ ਦੇ ਸਥਾਈ ਅਮਨ ਸ਼ਾਂਤੀ ਅਤੇ ਕਲਿਆਣ ਹਿੱਤ ਖੁਦ ਬੁੱਧ ਮਾਰਗ ਅਪਣਾਇਆ ਅਤੇ ਦੁਨੀਆਂ ਨੂੰ ਰਾਹ ਪਾਇਆ। ਬੁੱਧ ਮਾਰਗ ਦੀਆਂ ਅਦੁੱਤੀ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰਦੇ ਹੋਏ ਉਹਨਾਂ ਨੇ ਕਿਹਾ ਕਿ 'ਮੈਂ ਬੁੱਧਿਜਮ ਨੂੰ ਸਭ ਤੋਂ ਵੱਧ ਇਸ ਲਈ ਤਰਜੀਹ ਦਿੱਤੀ ਹੈ ਕਿ ਇਹ ਤਿੰਨੋ ਮਨੁੱਖੀ ਸਿਧਾਂਤਾਂ- ਸੁਤੰਤਰਤਾ, ਸਮਾਨਤਾ ਅਤੇ ਭ੍ਰਾਤਰੀਭਾਵ ਨੂੰ ਇੱਕਜੁਟ ਪੇਸ਼ ਕਰਦਾ ਹੈ, ਜਿਹੜਾ ਕਿਸੇ ਹੋਰ ਧਰਮ 'ਚ ਨਹੀਂ ਹੈ।' ਦੂਜੇ ਧਰਮ ਮੌਤ ਤੋਂ ਬਾਅਦ ਜੀਵਨ, ਈਸ਼ਵਰ ਅਤੇ ਆਤਮਾ ਦੇ ਚੱਕਰਾਂ 'ਚ ਫਸੇ ਹੋਏ ਹਨ। ਬੁੱਧਿਜ਼ਮ ਇਕੋ ਸਮੇਂ ਪ੍ਰੱਗਿਆ (ਸੂਝ, ਬੂਝ, ਕਰੁਣਾ (ਹਮਦਰਦੀ) ਅਤੇ ਸਮਾਨਤਾ 'ਤੇ ਜ਼ੋਰ ਦਿੰਦਾ ਹੈ। ਧਰਤੀ ਉੱਤੇ ਇਨਸਾਨ ਨੂੰ ਹੋਰ ਕੀ ਚਾਹੀਦਾ? ਪ੍ਰਤੱਖ ਹੈ ਜੇ ਕੋਈ ਧਰਮ ਆਤਮਾ ਦੀ ਮੁਕਤੀ ਲਈ ਪ੍ਰਭੂ ਭਗਤੀ ਦੀ ਨਸੀਹਤ ਦਿੰਦਾ ਹੈ, ਉਸ ਵਿਚ ਸਮਾਨਤਾ ਅਤੇ ਭ੍ਰਾਤਰੀਭਾਵ ਨਦਾਰਤ ਹੈ, ਵੱਧ ਤੋਂ ਵੱਧ ਜੇ ਅਜਿਹੇ ਧਰਮਾਂ ਦੇ ਗੁਰੂ ਜਾਂ ਸੰਤ ਮਹਾਤਮਾ ਕਹਿੰਦੇ ਹਨ ਕਿ ਪ੍ਰਮਾਤਮਾ ਦੀ ਨਜ਼ਰ ਵਿਚ ਸਭ ਇਨਸਾਨ ਬਰਾਬਰ ਹਨ ਪਰ ਉਹ ਇਹ ਨਹੀਂ ਕਹਿ ਸਕਦੇ ਕਿ ਇਨਸਾਨ ਆਪਸ ਵਿਚ ਵੀ ਬਰਾਬਰ ਹਨ ਅਤੇ ਜੇ ਕੋਈ ਧਰਮ ਇਹ ਕਹਿੰਦਾ ਵੀ ਹੈ ਤਾਂ ਉਸ ਦੇ ਅਮਲੀ (ਵਿਵਹਾਰਿਕ) ਰੂਪ ਵਿਚ ਨਹੀਂ ਹੈ। ਹਿੰਦੂ ਧਰਮ ਤਾਂ ਇਸ ਕਸੌਟੀ 'ਤੇ ਉੱਕਾ ਹੀ ਪੂਰਾ ਨਹੀਂ ਉਤਰਦਾ। ਨਾ ਉਸ ਵਿਚ ਸੁਤੰਤਰਤਾ ਹੈ ਨਾ ਹੀ ਸਮਾਨਤਾ ਅਤੇ ਭ੍ਰਾਤਰੀ ਭਾਵ ਬਲਕਿ ਇਕ-ਦੂਜੇ ਨਾਲ ਨਿਰੀ ਨਫਰਤ ਅਤੇ ਭੇਦਭਾਵ।

ਬਾਬਾ ਸਾਹਿਬ ਨੇ ਭਾਰਤ ਦੀ ਧਰਤੀ ਤੇ ਬੁੱਧ ਧੰਮ ਨੂੰ ਦੁਬਾਰਾ ਖੜ੍ਹਾ ਕਰਕੇ ਦੇਸ਼ ਵਾਸੀਆਂ ਖਾਸ ਕਰ ਜਾਤ-ਪਾਤ ਦੇ ਸਤਾਏ ਕਰੋੜਾਂ ਦੀ ਗਿਣਤੀ ਵਾਲੇ ਕਮਜ਼ੋਰ ਵਰਗਾਂ ਉੱਤੇ ਬਹੁਤ ਬੜਾ ਉਪਕਾਰ ਕੀਤਾ ਹੈ। ਹਿੰਦੂ ਸਮਾਜ ਨੇ ਬੁੱਧ ਧਰਮ ਦੀ ਕੱਟੜ ਵਿਰੋਧਤਾ ਅਤੇ ਉਸ ਨੂੰ ਮਾਰ ਮੁਕਾਉਣ ਅਤੇ ਉਸ ਦਾ ਭਾਰਤ ਵਿਚ ਨਾਮ ਨਿਸ਼ਾਨ ਮਿਟਾਉਣ ਲਈ ਕੀ ਕੁਝ ਨਹੀਂ ਕੀਤਾ। ਇਸ ਸ਼ਰਮਨਾਕ ਅਧਿਆਏ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਪਰ ਕਹਿੰਦੇ ਹਨ ਕਿ ਸਚਾਈ ਉਹ ਜਿਹੜੀ ਸਿਰ ਚੜ੍ਹ ਕੇ ਬੋਲੇ। ਜਦ ਪਿਛਲੇ ਸਾਲ ਮੋਦੀ ਜੀ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਪਾਕਿਸਤਾਨ ਵੱਲੋਂ ਭਾਰਤ 'ਤੇ ਲਗਾਏ ਗਏ ਇਲਜ਼ਾਮਾਂ ਦਾ 27 ਸਤੰਬਰ ਨੂੰ ਖੜ੍ਹੇ ਹੋ ਕੇ ਜਵਾਬ ਦਿੱਤਾ। ਉਸ ਵੇਲੇ ਉਹਨਾਂ ਦੀ ਆਪਣੀ ਅਮਨ ਪਸੰਦੀ ਦਾ ਭਰੋਸਾ ਦਿਵਾਉਣ ਲਈ ਬੁੱਧ ਦੇ ਨਾਮ ਦਾ ਹੀ ਸਹਾਰਾ ਲੈਣਾ ਪਿਆ, ਜਦ ਉਹਨਾਂ ਨੇ ਬੜੇ ਜੋਸ਼ੀਲੇ ਅੰਦਾਜ਼ ਵਿਚ ਤਾਲੀਆਂ ਵਜਵਾ ਕੇ ਕਿਹਾ ਕਿ 'ਅਸੀਂ ਸੰਸਾਰ ਨੂੰ ਯੁੱਧ ਨਹੀਂ ਬੁੱਧ ਦਿੱਤੇ ਹਨ।' ਸਵਾਲ ਹੈ ਕਿ ਪਾਕਿਸਤਾਨ ਨੂੰ ਜਵਾਬ ਦੇਣ ਲੱਗਿਆਂ ਬੁੱਧ ਦੇ ਨਾਮ ਦਾ ਹੀ ਸਹਾਰਾ ਕਿਉਂ ਲਿਆ, ਕਿਸੇ ਹੋਰ ਹਿੰਦੂ ਦੇਵੀ-ਦੇਵਤਾ ਦੇ ਨਾਮ ਕਿਉਂ ਨਹੀਂ? ਹਿੰਦੂ ਹਿਪੋਕ੍ਰੇਸੀ, ਦੰਭ ਦੀ ਇਹ ਇਕ ਹੋਰ ਪ੍ਰਮੁੱਖ ਮਿਸਾਲ ਹੈ। ਇਸੇ ਦੰਭ ਜਾਂ ਕਹਿ ਲਓ ਹਿੰਦੂ ਸੰਪਰਦਾਇਕ ਮਾਨਸਿਕਤਾ ਤੇ ਆਪਣੀ ਨਜ਼ਮ 'ਨਾਨਕ' ਵਿਚ ਸ਼ਾਇਰਾਨਾ ਹੰਝੂ ਬਣਾਉਂਦੇ ਹੋਏ ਅਲਾਮਾ ਇਕਬਾਲ ਨੇ ਫਿਟਕਾਰ ਪਾਈ ਸੀ:

ਸ਼ਮਾ-ਏ-ਹੱਕ ਸੇ ਜੋ ਮੁਨੱਵਰ ਹੋ ਯਿਹ ਵੁਹ ਮਹਿਫਲ ਨਾ ਥੀ
ਬਾਰਿਸ਼-ਏ-ਰਹਿਮਤ ਹੂਈ ਮਗਰ ਜ਼ਮੀਂ ਕਾਬਿਲ ਨਾ ਥੀ

(ਯਥਾਰਥ) ਦੀ ਰੌਸ਼ਨੀ ਨਾਲ ਜਗਮਗ ਹੋਣਾ ਚਾਹੀਦਾ ਸੀ (ਯਾਨਿ ਬੁੱਧ ਦੇ ਗਿਆਨ ਤੋਂ) ਅਫਸੋਸ ਕਿ ਉਸ ਦੇ ਉਹ ਕਾਬਿਲ (ਯੋਗ) ਹੈ, ਸਿੱਧ ਨਹੀਂ ਹੋਇਆ। ਇਸ ਧਰਤੀ 'ਤੇ (ਬੁੱਧ ਦੇ ਆਉਣ 'ਤੇ) ਰੂਹਾਨੀ ਬਾਰਿਸ਼ ਤਾਂ ਹੋਈ ਲੇਕਿਨ ਇਹ ਧਰਤੀ ਹੀ ਬਦਕਿਸਮਤ ਨਿਕਲੀ ਕਿ ਉਸ ਤੋਂ ਕੋਈ ਵੀ ਲਾਭ ਪ੍ਰਾਪਤ ਨਾ ਕਰ ਸਕੀ। ਇਕੱਲੇ ਇਸੇ ਪਰਉਪਕਾਰੀ ਗੁਣ ਵਿਸ਼ੇਸ਼ ਕਰਕੇ ਬਾਬਾ ਸਾਹਿਬ ਦਾ ਸ਼ੁਮਾਰ ਦੁਨੀਆਂ ਦੇ ਮਹਾਂਕਲਿਆਣਕਾਰੀ ਪੁਰਸ਼ਾਂ ਵਿਚ ਮਾਨਵਤਾ ਦੇ ਪੁੰਜ ਵਜੋਂ ਹੋ ਰਿਹਾ ਹੈ। ਭੁੱਲਣਾ ਨਹੀਂ ਚਾਹੀਦਾ, ਇਸੇ ਪ੍ਰਕਿਰਤਕ ਰੁਚੀ ਰੁਝਾਨ ਸਦਕੇ ਉਹਨਾਂ ਨੇ ਭਾਰਤ ਦੇ ਸੰਵਿਧਾਨ ਨੂੰ ਲੋਕ ਹਿਤਕਾਰੀ ਬਣਾਇਆ। ਇਸੇ ਮਾਨਵੀ ਪ੍ਰਤਿਸ਼ਠਾ ਦਾ ਮਾਣ ਵਧਾਉਣ ਖਾਤਰ ਤੁਲਸੀ ਦੇ ਦੁਤਕਾਰੇ ਹੋਏ ਸ਼ੂਦਰ, ਅਤਿ ਸ਼ੂਦਰ ਅਤੇ ਇਸਤਰੀ ਜਾਤੀ ਨੂੰ ਪਸ਼ੂ ਦੇ ਦਰਜੇ ਤੋਂ ਉਠਾ ਕੇ ਇਨਸਾਨੀ ਦਰਜੇ ਤੱਕ ਪਹੁੰਚਾਇਆ ਅਤੇ ਸਮੁੱਚੇ ਤੌਰ 'ਤੇ ਦੇਸ਼ ਅਤੇ ਸਮਾਜ ਨੂੰ ਅੰਧ ਵਿਸ਼ਵਾਸ ਅਤੇ ਹਾਨੀਕਾਰਕ ਆਧਰਮਿਕ ਮਾਨਤਾਵਾਂ, ਧਾਰਨਾਵਾਂ ਪ੍ਰੰਪਰਾਵਾਂ ਦੀ ਗਰਕਣ 'ਚੋਂ ਕੱਢ ਕੇ ਉਸ ਦਾ ਆਜ਼ਾਦ, ਆਧੁਨਿਕ ਅਤੇ ਵਿਗਿਆਨਕ ਯੁੱਗ ਵਿਚ ਪ੍ਰਵੇਸ਼ ਕਰਾਇਆ। ਹੁਣ ਕੋਈ ਚਾਹੇ ਜਿੰਨਾ ਮਰਜ਼ੀ ਆਪਣੀ ਰਾਏ ਗੁਆਚੇ, ਸਵਰਨ ਯੁੱਗਾਂ ਸਤਿਯੁਗ, ਤ੍ਰੇਤਾ ਯੁੱਗ ਅਤੇ ਦੁਆਪਰ ਯੁੱਗ ਦੀਆਂ ਆਪਣੇ ਮਨ ਪ੍ਰਚਾਵੇ ਲਈ ਹਜ਼ਾਰ ਟਾਹਰਾ ਮਾਰਦਾ ਫਿਰੇ!

ਦਿਲ ਕੇ ਖੁਸ਼ ਰੱਖਨੇ ਕੋ ਗਾਲਿਬ ਖਿਆਲ ਅੱਛਾ ਹੈ!

ਬਾਬਾ ਸਾਹਿਬ ਮੁਕਾਬਲਤਨ 65 ਸਾਲ ਦੀ ਥੋੜ੍ਹੀ ਉਮਰ ਵਿਚ ਹੀ ਵਿਛੋੜਾ ਦੇ ਗਏ ਪਰ ਉਹ ਇਸ ਥੋੜ੍ਹੇ ਜਿਹੇ ਸਮੇਂ ਵਿਚ ਵੀ ਉਹ ਮਾਨਵ ਕਲਿਆਣ ਹਿਤ ਕੁਝ ਕਰ ਗਏ, ਜਿਹੜਾ ਖੁਦ ਰੱਬ ਦੇ ਭੇਜੇ ਹੋਏ ਅਣਗਿਣਤ ਈਸ਼ਵਰੀ ਪੁਰਸ਼ ਯੁੱਗਾਂ ਯੁੱਗਾਂ ਵਿਚ ਵੀ ਨਾ ਕਰ ਸਕੇ। ਸਦੀਵੀ ਯਾਦ ਵਜੋਂ ਉਹ ਆਪਣੇ ਪਿੱਛੇ ਗਿਆਨ ਦੇ ਵਿਸ਼ਾਲ ਭੰਡਾਰ ਦੀ ਸ਼ਕਲ ਵਿਚ ਬਹੁਤ ਬਹੁਮੁੱਲੀ ਵਿਰਾਸਤ ਛੱਡ ਗਏ ਜੋ ਸਮਾਜ ਦੇ ਸਦੀਆਂ ਤੋਂ ਲਤਾੜੇ ਅਤੇ ਉਤਪੀੜਤ ਵਰਗਾਂ ਨੂੰ ਉਹਨਾਂ ਉੱਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ ਖਿਲਾਫ ਡਟ ਕੇ ਲੋਹਾ ਲੈਣ ਲਈ ਪ੍ਰੇਰਦਾ ਰਹੇਗਾ। ਉਹਨਾਂ ਦੇ 129ਵੇਂ ਜਨਮ ਦਿਨ 'ਤੇ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਜੇ ਉਹਨਾਂ ਦੇ ਅਨੁਯਾਈ ਉਹਨਾਂ ਦੇ ਹੀ ਆਦੇਸ਼ ਅਨੁਸਾਰ ਸਿੱਖਿਅਤ ਬਣ ਕੇ ਸੰਗਠਿਤ ਰੂਪ ਵਿਚ ਆਪਣੀ ਸਮਾਜਿਕ ਆਜ਼ਾਦੀ ਲਈ ਸੰਘਰਸ਼ ਕਰਨ।

# 'ਜੋ ਬੋਲੇ ਸੋ ਨਿਰਭੈ'' ਦੇ ਜੈਕਾਰਿਆਂ ਨਾਲ ਗੂੰਜਿਆ ਜਿਲਾ ਕਰਮੋਨਾ ਦਾ ਪਿੰਡ ਕਸਤਲਦੀਦੋਨੇ



**ਰੋਮ (ਇਟਲੀ) ਟੇਕ ਚੰਦ ਜਗਤਪੁਰ-** ਸ਼੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਸਤਲਦੀਦੋਨੇ ਕਰਮੋਨਾ) ਵਲੋ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਆਗਮਨ ਪੁਰਬ ਤੇ ਵਿਸ਼ੇਸ਼ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ।ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਛੱਤਰ-ਛਾਇਆ ਹੇਠ ਸਜਾਏ ਗਏ ਨਗਰ ਕੀਰਤਨ ਵਿੱਚ ਸੰਗਤਾਂ ਹੁੰਮ -ਹੁੰਮਾ ਕੇ ਪਹੁੰਚੀਆਂ। ਇਸ ਨਗਰ ਕੀਰਤਨ ਵਿੱਚ ਸੰਤ ਗੁਰਦੀਪ ਗਿਰੀ ਜੀ ਪਠਾਨਕੋਟ ਵਾਲੇ ਉਚੇਚੇ ਤੌਰ ਤੇ ਸ਼ਾਮਿਲ ਹੋਏ। ਨਗਰ ਕੀਰਤਨ ਤੋਂ ਪਹਿਲਾਂ ਨਿਸ਼ਾਨ ਸਾਹਿਬ ਚੜਾਉਣ ਦੀ ਰਸਮ ਅਦਾ ਕੀਤੀ ਗਈ ।ਇਸ ਨਗਰ ਕੀਰਤਨ ਵਿੱਚ ਇਟਲੀ ਦੀਆਂ ਵੱਖ -ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਅਹੁਦੇਦਾਰ ਸੰਗਤਾਂ ਸਮੇਤ ਹਾਜ਼ਰ ਹੋਏ ।ਨਗਰ ਕੀਰਤਨ ਦੀ ਸ਼ੁਰੂਆਤ 'ਬੋਲੇ ਸੋ ਨਿਰਭੈ ''ਦੇ ਜੈਕਾਰਿਆਂ ਨਾਲ ਹੋਈ। ਨਗਰ ਕੀਰਤਨ ਵਿੱਚ ਸੰਗਤਾਂ ਹਰਿ ਹਰਿ ਦਾ ਜਾਪ ਕਰ ਰਹੀਆਂ ਸਨ। ਇਟਲੀ ਦੇ ਚਰਚਿਤ ਗਾਇਕਾਂ ਨੇ ਆਪਣੇ ਵੱਖ -ਵੱਖ ਸ਼ਬਦਾਂ ਨਾਲ ਹਾਜ਼ਰੀ ਲਵਗਾਈ ।ਕਮੇਟੀ ਵੱਲੋਂ ਆਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ।ਕਮੇਟੀ ਵਲੋ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਦਾ ਇਲਾਵਾ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਅਹੁਦੇਦਾਰ ਹਾਜ਼ਰ ਸਨ।



# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

# ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ



ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਹਿਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।

ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ- ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖ਼ੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖਤਮ ਕਰਕੇ ਕੌਮੀ ਜਾਂ ਕ੍ਰਾਡੀਅਲ ਧਰਮ ਨੂੰ ਲਾਗੂ ਕੀਤਾ। ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗਾੜੇ ਰੂਪ ਹਨ। ਹਿੰਦੂਵਾਦ ਲੁਪਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।





ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਊਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖੁਸ਼ੀ ਖੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖਿਲਾਫ, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖਿਲਾਫ ਪਹਿਲੋਂ ਵੀ ਬਗਾਵਤਾਂ ਹੋਈਆਂ।

ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਅੱਛੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਾਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਨਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿੰਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚਾਇਆ। ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ। ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਕ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

**(ਬਾਕੀ ਅਗਲੇ ਸਫੇ 'ਤੇ)**

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਨ ਅਮੀਰਾਨਾ ਸੋਚ ’ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ ’ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ ’ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ ’ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ ’ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ ’ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ ’ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ ’ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ ’ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ ’ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ ’ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ ’ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ ’ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ ’ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖ਼ਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

*(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)*


*(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)*

# ਪੰਜਾਬ ’ਚ ਹਰ ਦੋ ਦਿਨਾਂ ’ਚ ਹੋ ਰਿਹਾ ਹੈ ਇਕ ਮੁਕਾਬਲਾ, ਉਠੇ ਸਵਾਲ

**ਚੰਡੀਗੜ੍ਹ-** ਪੰਜਾਬ ’ਚ ਕੁਝ ਸਮੇਂ ਤੋਂ ਅਪਰਾਧੀਆਂ ਖਾਸ ਕਰਕੇ ਗੈਂਗਸਟਰਾਂ ਨਾਲ ਮੁਕਾਬਲਿਆਂ ’ਚ ਲਗਾਤਾਰ ਵਾਧਾ ਦਰਜ ਹੋਇਆ ਹੈ। ‘ਇਕ ਅਖ਼ਬਾਰ’ ਵੱਲੋਂ ਇਕੱਤਰ ਕੀਤੇ ਅੰਕੜਿਆਂ ਮੁਤਾਬਕ ਮੌਜੂਦਾ ਵਰ੍ਹੇ ਜਨਵਰੀ ਤੋਂ ਲੈ ਕੇ 31 ਮਾਰਚ ਤੱਕ 41 ਪੁਲੀਸ ਮੁਕਾਬਲੇ ਹੋਏ ਹਨ ਜੋ ਪਿਛਲੇ ਸਾਲ ਹੋਏ ਕੁੱਲ 64 ਮੁਕਾਬਲਿਆਂ ਨਾਲੋਂ ਕਿਤੇ ਜ਼ਿਆਦਾ ਹਨ। ਹਾਲੇ ਤੱਕ ਕਿਸੇ ਵੀ ਪੀੜਤ ਦੇ ਪਰਿਵਾਰ ਨੇ ਜਨਤਕ ਤੌਰ ’ਤੇ ਮੁਕਾਬਲਿਆਂ ਉਪਰ ਨਾ ਸਵਾਲ ਖੜ੍ਹੇ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਫਰਜ਼ੀ ਦੱਸਿਆ ਹੈ। ਤਕਰੀਬਨ ਦੋ ਦਿਨਾਂ ’ਚ ਇਕ ਮੁਕਾਬਲਾ ਹੋ ਰਿਹਾ ਹੈ ਜਿਥੋਂ ਪਤਾ ਲਗਦਾ ਹੈ ਕਿ ਪੁਲੀਸ ਨੂੰ ਸੂਬਾ ਸਰਕਾਰ ਅਤੇ ਸਿਖਰਲੇ ਅਧਿਕਾਰੀਆਂ ਦੀ ਪ੍ਰਵਾਨਗੀ ਮਿਲੀ ਹੋ ਸਕਦੀ ਹੈ। ਹਾਲੀਆ ਦੋ ਘਟਨਾਵਾਂ ਦੌਰਾਨ ਅੰਮ੍ਰਿਤਸਰ ਵਿੱਚ ਹੱਤਿਆ ਦਾ ਇਕ ਮੁਲਜ਼ਮ ਅਤੇ ਪਟਿਆਲਾ ’ਚ ਇਕ ਅਗਵਾਕਾਰ ਪੁਲੀਸ ਗੋਲੀਬਾਰੀ ’ਚ ਮਾਰੇ ਗਏ। ਇਨ੍ਹਾਂ ਤੋਂ ਇਲਾਵਾ ਪੁਲੀਸ ਨਾਲ ਮੁਕਾਬਲਿਆਂ ਦੌਰਾਨ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਕਾਤਲਾਂ ਸਮੇਤ ਕਰੀਬ 45 ਅਪਰਾਧੀਆਂ ਦੀਆਂ ਲੱਤਾਂ ’ਤੇ ਗੋਲੀਆਂ ਲੱਗੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਇਕ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਪੰਜਾਬ ਪੁਲੀਸ ਨੇ ਜੁਰਮ ਖ਼ਿਲਾਫ਼ ਤਿੱਖਾ ਰੁਖ਼ ਅਪਣਾਇਆ ਹੈ ਪਰ ਸੱਤਾ ਦੀ ਸੰਭਾਵੀ ਦੁਰਵਰਤੋਂ ਦਾ ਖ਼ਤਰਾ ਵੀ ਵਧ ਗਿਆ ਹੈ। ਇੰਜ ਜਾਪਦਾ ਹੈ ਕਿ ਮੁਕਾਬਲਿਆਂ ਦਾ ਅਧਿਕਾਰ ਮਿਲਣ ਕਾਰਨ ਪਿਛਲੇ ਮਹੀਨੇ ਪਟਿਆਲਾ ’ਚ ਥਲ ਸੈਨਾ ਦੇ ਕਰਨਲ ਅਤੇ ਉਸ ਦੇ ਪੁੱਤਰ ਦੀ ਕਰੀਬ 12 ਪੁਲੀਸ ਕਰਮੀਆਂ ਵੱਲੋਂ ਕੁੱਟਮਾਰ ਕਰਨ ਨਾਲ ਵਧੀਕੀਆਂ ਵਧ ਗਈਆਂ ਹਨ। ਇਸ ਘਟਨਾ ’ਚ ਸ਼ਾਮਲ ਪੁਲੀਸ ਕਰਮੀਆਂ ਨੇ ਖੰਨਾ ਦੇ ਪਿੰਡ ਸ਼ੀਹਾਂ ਦੌਦ ’ਚ ਸੱਤ ਸਾਲ ਦੇ ਬੱਚੇ ਨੂੰ ਅਗਵਾਕਾਰ ਜਸਪ੍ਰੀਤ ਸਿੰਘ ਦਾ ਮੁਕਾਬਲਾ ਕਰਕੇ ਸਫ਼ਲਤਾਪੂਰਵਕ ਬਚਾਇਆ ਸੀ। ਉਂਜ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਬਾਹਰ ਇਕ ਢਾਬੇ ’ਤੇ ਵਾਹਨ ਪਾਰਕਿੰਗ ਨੂੰ ਲੈ ਕੇ ਹੋਈ ਬਹਿਸ ਮਗਰੋਂ ਫੌਜੀ ਅਧਿਕਾਰੀ ਦੀ ਕੁੱਟਮਾਰ ਕਾਰਨ ਇਨ੍ਹਾਂ ਪੁਲੀਸ ਕਰਮੀਆਂ ਦੇ ਅਕਸ ’ਤੇ ਅਸਰ ਪਿਆ ਅਤੇ ਤਰੱਕੀ ਤੇ ਪੁਰਸਕਾਰ ਮਿਲਣ ਦੀ ਬਹੁਤੀ ਸੰਭਾਵਨਾ ਨਹੀਂ ਰਹੀ। ਮਨੁੱਖੀ ਹੱਕਾਂ ਬਾਰੇ ਕਾਰਕੁਨ ਨਵਕਿਰਨ ਸਿੰਘ ਨੇ ਪੁਲੀਸ ਨੂੰ ਮੁਕਾਬਲਿਆਂ ਲਈ ਦਿੱਤੀਆਂ ਖੁੱਲ੍ਹੀਆਂ ਤਾਕਤਾਂ ਖ਼ਿਲਾਫ਼ ਚਿਤਾਵਨੀ ਦਿੱਤੀ ਹੈ।

ਉਨ੍ਹਾਂ ਕਿਹਾ, ‘‘ਵਿਸ਼ੇਸ਼ ਅਧਿਕਾਰ ਮਿਲਣ ਨਾਲ ਵਿਅਕਤੀ ਕਾਨੂੰਨ ਆਪਣੇ ਹੱਥਾਂ ’ਚ ਲੈ ਲੈਂਦਾ ਹੈ। ਪੰਜਾਬ ’ਚ ਫ਼ਰਜ਼ੀ ਮੁਕਾਬਲਿਆਂ ਦਾ ਇਤਿਹਾਸ ਰਿਹਾ ਹੈ। ਇਹ ਖ਼ਤਰਨਾਕ ਰੁਝਾਨ ਹੈ ਜੋ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਬਣਾਉਂਦਾ ਹੈ। ਜੇ ਇਸ ਰੁਝਾਨ ਨੂੰ ਠੱਲ੍ਹ ਨਾ ਪਈ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਬੇਕਸੂਰ ਵਿਅਕਤੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ।’’ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਪਰਿਵਾਰ ਨੂੰ ਲਗਾਤਾਰ ਹਮਾਇਤ ਦੇ ਰਹੇ ਲੈਫ਼ਟੀਨੈਂਟ ਜਨਰਲ ਕੇਜੇਐੱਸ ‘ਟਾਈਨੀ’ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਫੌਜ ਅਤੇ ਪੁਲੀਸ ਨਾਲ ਮਿਲ ਕੇ ਕਈ ਅਪਰੇਸ਼ਨਾਂ ਨੂੰ ਅੰਜਾਮ ਦਿੱਤਾ ਹੈ ਪਰ ਪਟਿਆਲਾ ’ਚ ਜੋ ਕੁਝ ਵਾਪਰਿਆ ਹੈ, ਉਹੋ ਜਿਹੀ ਘਟਨਾ ਉਨ੍ਹਾਂ ਨੂੰ ਯਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਮੁਕਾਬਲਿਆਂ ਬਾਰੇ ਤਾਂ ਕੋਈ ਟਿੱਪਣੀ ਨਹੀਂ ਕਰਨਗੇ ਪਰ ਇੰਨਾ ਜ਼ਰੂਰ ਆਖਣਗੇ ਕਿ ਕਿਸੇ ਅਧਿਕਾਰੀ ਜਾਂ ਆਮ ਨਾਗਰਿਕ ’ਤੇ ਪੁਲੀਸ ਵੱਲੋਂ ਹਮਲਾ ਕਰਨਾ ਜਾਇਜ਼ ਨਹੀਂ ਹੈ।

ਮੁਕਾਬਲਿਆਂ ਦੀ ਵਧ ਰਹੀ ਗਿਣਤੀ ਬਾਰੇ ਪੁੱਛਣ ’ਤੇ ਡੀਜੀਪੀ ਗੌਰਵ ਯਾਦਵ ਨੇ ਕਿਹਾ, ‘‘ਪੁਲੀਸ ਅਪਰੇਸ਼ਨਾਂ ਦੌਰਾਨ ਅਪਰਾਧੀਆਂ ਨੂੰ ਸਰੀਰਕ ਤੌਰ ’ਤੇ ਨੁਕਸਾਨ ਪਹੁੰਚਾਏ ਜਾਣ ਦੀ ਕੋਈ ਨੀਤੀ ਨਹੀਂ ਹੈ। ਉਂਜ ਪੁਲੀਸ ’ਤੇ ਹਥਿਆਰਬੰਦ ਮਸ਼ਕੂਕਾਂ ਵੱਲੋਂ ਗੋਲੀਆਂ ਚਲਾਉਣ ’ਤੇ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ। ਹਾਲੀਆ ਮੁਕਾਬਲਿਆਂ ’ਚ ਅਪਰਾਧੀਆਂ ਨੇ ਪਹਿਲਾਂ ਗੋਲੀਆਂ ਚਲਾਈਆਂ ਹਨ।




### ਬੰਨੀ ਸ਼ਰਮਾ- ਜੋੜੀ ਵਿੱਚ ਨਾ ਵਿਛੋੜਾ ਰੱਬ ਪਾਏ ਰਜਨੀ ਨਹੀਂ ਰਹੇ

ਪੰਜਾਬੀ ਸੰਗੀਤ ਨਗਰੀ ਦੇ ਦਿੱਗਜ ਤੇ ਟੀ ਸੀਰੀਜ਼ ਦੇ ਗੁਲਸ਼ਨ ਕੁਮਾਰ



ਨਾਲ ਕੰਮ ਕਰਨ ਵਾਲੇ ਬੰਨੀ ਸ਼ਰਮਾ ਦੂਰਦਰਸ਼ਨ ਜਲੰਧਰ ਦੇ ਲੋਕ ਪ੍ਰਿਅ ਨਿੱਜੀ ਨਿਰਮਾਤਾ ਤੇ ਨਿਰਦੇਸ਼ਕ ਰਹੇ ਹਨ। ਉਹਨਾਂ ਨੂੰ ਇਸ ਮੰਜ਼ਿਲ ਤੱਕ ਪਹੁੰਚਦਾ ਕਰਨ ਲਈ ਓਹਨਾਂ ਦੀ ਜੀਵਨ ਸਾਥਣ ਰਜਨੀ ਸ਼ਰਮਾ ਦਾ ਮੁੱਖ ਯੋਗਦਾਨ ਰਿਹਾ ਹੈ ਪਰ ਰੱਬ ਅੱਗੇ ਕਾਹਦਾ ਜ਼ੋਰ! ਕਨੇਡਾ ਤੇ ਦੁਬਈ ਆਪਣੇ ਪਤੀ ਬੰਨੀ ਸ਼ਰਮਾ ਨਾਲ ਈਵੈਂਟ ਤੋ ਪਰਤ ਉਹ ਪੰਜਾਬ ਸਨ ਤੇ ਬੱਚੇ ਕਨੇਡਾ ਵਾਸੀ ਨੇ ਪਰ ਅਚਾਨਕ ਬੀਤੇ ਦਿਨੀਂ ਉਹ ਸਵਰਗਵਾਸ ਹੋ ਗਏ।ਬੰਨੀ ਸ਼ਰਮਾ ਦੇ ਗੁਰਦਾਸ ਮਾਨ ਸਾਬ, ਮਲਕੀਤ ਸਿੰਘ, ਜਸਬੀਰ ਜੱਸੀ ਨਾਲ ਅੱਛੇ ਸੰਬੰਧ ਕਿ ਸਭ ਨੂੰ ਰਜਨੀ ਸ਼ਰਮਾ ਅੱਛੀ ਤਰ੍ਹਾਂ ਮਿਲਦੇ ਵਿਚਰਦੇ ਸਨ ਖੈਰ ਤੇਰਾ ਭਾਣਾ ਮੀਠਾ ਲਾਗੇ ਹੀ ਹੈ ਬੰਨੀ ਸ਼ਰਮਾ ਲਈ।

### ਕਰਨ ਲੌਰੀ ਚਰਚਿਤ "ਜਰਨੈਲ ਦਾ ਵਾਰੀਅਰ" ਨਾਲ

ਕਰਨ ਨੇ ਬਹੁਤ ਸੰਘਰਸ਼ ਕੀਤਾ ਹੈ ਪਰ ਉਸ ਦਾ ਮਿੱਠਾ ਫਲ ਉਸ ਨੂੰ ਮਿਲਣਾ ਸ਼ੁਰੂ ਹੋਇਆ ਹੈ। ਕਰਨ ਲੌਰੀ ਨਿਰਦੇਸ਼ਤ ਫ਼ਿਲਮ "ਜਰਨੈਲ ਦਾ ਵਾਰੀਅਰ"



ਨੂੰ ਕ੍ਰਿਟਿਕਸ ਐਵਾਰਡ ਮਿਲਿਆ ਹੈ ਤੇ ਚੋਟੀ ਦੀਆਂ ਦੱਸ ਪੰਜਾਬੀ ਵੈੱਬ ਫ਼ਿਲਮਾਂ ਵਿੱਚ ਇਹ ਸ਼ਾਮਿਲ ਹੋਈ ਹੈ। ਰਾਜੂ ਘੁੰਮਣ ਦੇ ਨਾਮ ਤੇ ਉਹ ਟੀਵੀ ਜਲੰਧਰ ਤੇ ਰੰਗਮੰਚ ਲਈ ਸਰਗਰਮ ਰਿਹਾ ਤੇ ਬਾਲੀਵੁੱਡ ਨੇ ਉਸ ਨੂੰ ਕਰਨ ਲੌਰੀ ਦਾ ਨਾਮ ਦਿੱਤਾ। ਚੌਪਾਲ ਟੀਵੀ ਤੇ ਆ ਰਹੀ ਉਸ ਦੀ ਫ਼ਿਲਮ "ਜਰਨੈਲ ਦਾ ਵਾਰੀਅਰ" ਵਿੱਚ ਪੰਜਾਬੀ ਸਿਨੇਮਾ ਦਾ ਦਿੱਗਜ ਸਰਦਾਰ ਸੋਹੀ ਹੈ ਤੇ ਨਾਲ ਮੀਡੀਆ ਵਾਲੀ ਐਕਟ੍ਰੈਸ ਰਜਿੰਦਰ ਕੌਰ ਰੀਤ ਹੈ। ਇਸ ਵਿੱਚ ਗੈਰੀ ਧਾਲੀਵਾਲ ਵੀ ਹੈ ਤੇ ਦਿਲਨੂਰ ਕੌਰ ਏਂਜਲ ਦਾ ਕੰਮ ਵੀ ਚੋਟੀ ਦਾ ਹੈ।ਕਰਨ ਇਸ ਤਰਾਂ ਵੈੱਬ ਫ਼ਿਲਮਾਂ ਤੇ ਵੈੱਬ ਸੀਰੀਜ਼ ਦੇ ਬਾਅਦ ਸਿੱਧਾ ਪਾਲੀਵੁੱਡ ਵੱਡੇ ਪਰਦੇ ਵੱਲ ਜਾਏਗਾ ਤੇ ਕਰਨ ਦਾ ਨਾਮ ਹੁਣ "ਜਰਨੈਲ ਦਾ ਵਾਰੀਅਰ" ਕਰ ਸਾਰੇ ਜਾਣਦੇ ਹਨ।

### ਦੀਪਕ ਬਾਲੀ- ਪੰਜਾਬ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਬਣੇ



ਮਨਮੋਹਨ ਵਾਰਿਸ ਦਾ ਸਾਰਾ ਸੰਗੀਤ ਪ੍ਰਬੰਧ ਤੇ ਪਲਾਜ਼ਮਾ ਰਿਕਾਰਡਜ਼ ਕੰਪਨੀ ਦਾ ਸੀਈਓ ਤੇ ਫਿਰ ਆਪਣੀ ਮਿਹਨਤ ਨਾਲ ਸਮਾਜ ਸੇਵਾ ਤੇ ਵਪਾਰ ਦੀਪਕ ਬਾਲੀ ਨਾਮ ਹੈ ਚਰਚਿਤ ਜਿਹਨਾਂ ਨੂੰ ਪੰਜਾਬ ਸਰਕਾਰ ਨੇ ਸੱਭਿਆਚਾਰਕ ਅਤੇ ਸੈਰ ਸਪਾਟਾ ਵਿਭਾਗ ਦਾ ਸਲਾਹਕਾਰ ਲਾਇਆ ਹੈ। ਦੀਪਕ ਦੀ ਇਹ ਥਾਂ ਬਣਦੀ ਹੈ। ਪੰਜਾਬੀ ਜਾਗ੍ਰਿਤੀ ਮੰਚ ਨਾਲ ਪੰਜਾਬੀ ਬੋਲੀ ਲਈ ਮੁਹਿੰਮ ਹਨ ਦੀਪਕ ਬਾਲੀ ਤੇ ਪੰਜਾਬੀ ਸੰਗੀਤ ਦੇ ਬਾਅਦ ਉਹ ਪੰਜਾਬੀ ਫ਼ਿਲਮਾਂ ਦੀ ਤਰੱਕੀ ਲਈ ਯੋਜਨਾ ਬਣਾ ਰਹੇ ਹਨ। ਦੀਪਕ ਬਾਲੀ ਦਾ ਕਮਲ ਸੰਗਤਾਰ ਬਾਅਦ ਚੋਥਾ ਵੀਰ ਮਨਮੋਹਨ ਵਾਰਿਸ ਦਾ ਆਖਿਆ ਜਾਂਦਾ ਹੈ। ਦੀਪਕ ਆਪ ਪਾਰਟੀ ਲਈ ਜਲੰਧਰ ਖ਼ੂਬ ਮਿਹਨਤ ਕਰ ਰਹੇ ਹਨ। ਉਨ੍ਹਾਂ ਤੋਂ ਪੰਜਾਬੀ ਕਲਚਰ, ਸੰਗੀਤ ਤੇ ਫ਼ਿਲਮਾਂ ਨੂੰ ਵੱਡੀਆਂ ਆਸਾਂ ਹਨ ਤੇ ਪੰਜਾਬ ਟੂਰ ਹੱਬ ਵੀ ਬਣਾਉਣਗੇ।

### "ਅਕਾਲ" ਫ਼ਿਲਮ ਲਈ ਭਖਿਆ ਬਾਲੀਵੁੱਡ, ਦਿੱਗਜ ਆਏ

ਗਿੱਪੀ ਗਰੇਵਾਲ ਦੀ ਵੱਡੀ ਪੰਜਾਬੀ ਫ਼ਿਲਮ "ਅਕਾਲ" ਤਿਆਰ ਹੈ ਤੇ ਇਸ ਲਈ ਬਾਲੀਵੁੱਡ ਨੇ ਇਸ ਦਾ ਟ੍ਰੇਲਰ ਦੇਖ ਗਿੱਪੀ ਗਰੇਵਾਲ ਤੇ ਪੰਜਾਬੀ ਫ਼ਿਲਮਾਂ ਨੂੰ ਮੁਬਾਰਕ ਅਗੇਤ ਦਿੱਤੀ ਹੈ। ਅਕਸ਼ੇ ਕੁਮਾਰ ਨੇ ਇਸ ਨੂੰ ਅਤਿ ਉੱਤਮ ਕਿਹਾ ਹੈ ਤੇ ਹੋਰ ਵੀ ਬੀ ਟਾਊਨ ਦੇ ਦਿੱਗਜ ਫ਼ਿਲਮ ਦੀ ਹਰ ਕੋਣ ਤੋਂ ਸ਼ਲਾਘਾ ਕਰ ਰਹੇ ਹਨ। ਗੁਰਪ੍ਰੀਤ ਘੁੱਗੀ ਤੇ ਸਰਦਾਰ ਸੋਹੀ ਫ਼ਿਲਮ ਦਾ ਹਿੱਸਾ ਨੇ ਜਦ



ਕਿ ਖਾਸ ਰੋਲ ਅਸ਼ੀਸ਼ ਦੁੱਗਲ ਦਾ ਵੀ ਹੈ। ਕਰਨ ਜੌਹਰ ਜਿਹੇ ਦਿੱਗਜ "ਅਕਾਲ" ਨਾਲ ਜੁੜੇ ਹਨ ਤੇ ਹਿੰਦੀ ਦੇ ਇਲਾਵਾ ਸਾਊਥ ਵੀ ਇਸ ਲਈ ਆਕਰਸ਼ਕ ਹੈ। ਕਮਲ ਹਾਸਨ ਨੇ ਵੀ ਫ਼ਿਲਮ ਦੀ ਸਿਫ਼ਤ ਕੀਤੀ ਹੈ। ਵੈਰੀ ਨੂੰ ਤੇਗ਼ ਪੱਕੀ ਆਏ ਨੂੰ ਦੇਗ ਪੱਕੀ ਫ਼ਿਲਮ ਦੀ ਟੈਗ ਲਾਈਨ ਹੈ।ਰਵਨੀਤ ਕੌਰ ਗਰੇਵਾਲ ਫ਼ਿਲਮ ਵਿੱਚ ਹੈ ਤੇ ਇੱਕ ਇਤਿਹਾਸਕ ਕਿਰਦਾਰ ਨਿਮਰਤ ਖੈਹਰਾ ਨੇ "ਅਕਾਲ" ਵਿੱਚ ਕੀਤਾ ਹੈ। ਭਾਨਾ ਲਾ ਫ਼ਿਲਮ ਦੇ ਓਵਰ ਆਲ ਸਿਸਟਮ ਦੇਖ ਰਿਹਾ ਹੈ।

### ਬਲਜੀਤ ਸੈਣੀ ਦਾ ਫ਼ਿਲਮੀ ਸਫ਼ਰ ਕਈ ਗੱਲਾਂ ਤੋਂ ਪਰਦੇ ਉਠਾਏ


ਬਲਜੀਤ ਸੈਣੀ ਇਮਾਨਦਾਰ ਐਕਟਰ ਤੇ ਨਾਇਕ ਰਹੇ ਹਨ ਤੇ ਇਥੇ



ਇਮਾਨਦਾਰ ਨੂੰ ਉਲਟਾ ਡੰਗ ਇੰਡਸਟਰੀ ਮਾਰਦੀ ਹੈ ਉਹ ਆਖਦੇ ਹਨ। ਉਹਨਾਂ ਨੇ ਆਪਣੀ ਫ਼ਿਲਮ "ਜੱਟੀ ਜੰਮੇ ਸੂਰਮੇ" ਦੀ ਮਿਸਾਲ ਦਿੱਤੀ ਕਿ ਕਿਸ ਨੂੰ ਮੌਕਾ ਲਿਖਣ ਦਾ ਦਿੱਤਾ ਉਸ ਨੇ ਬਜਟ ਵਧਾ ਦਿੱਤਾ। ਫਿਰ ਵੀ ਦਿਲਜੀਤ ਕੌਰ, ਟੀਨਾ ਘਈ ਨੂੰ ਲਿਆ ਤੇ ਫ਼ਿਲਮ ਉਸ ਬਣਾ ਲਈ। ਸੈਣੀ ਨੇ ਗੁਰਦੀਪ ਸੰਧੂ ਨੂੰ ਵੀ ਦੱਸਿਆ ਕਿ ਉਸ ਦੀ ਫ਼ਿਲਮ "ਇਸ਼ਕ ਮੁਹੱਬਤ" ਵੀ ਇਹਨਾਂ ਕੰਮ ਦਾ ਸ਼ਿਕਾਰ ਬਣੀ ਹੈ। ਬਲਜੀਤ ਸਿੰਘ ਪੜ੍ਹੇ ਲਿਖੇ ਐਡਵੋਕੇਟ ਪੱਧਰ ਦੇ ਐਕਟਰ ਹਨ। ਉਹ ਸੰਗੀਤਕ ਰੰਗਤ ਨਾਲ ਸਮੋਏ ਹੋਏ ਹਨ। ਸੈਣੀ ਨੇ ਫ਼ਿਲਮ ਗਾਇਕ ਸਵਰਗੀ ਮੋਹੰਮਦ ਰਫ਼ੀ ਸਾਬ ਲਈ ਅੰਮ੍ਰਿਤਸਰ ਬਹੁਤ ਪ੍ਰੋਗਰਾਮ ਕਰ ਕਿ ਫਿਲਮੀ ਗਾਇਕੀ ਨੂੰ ਉਤਸ਼ਾਹਿਤ ਕੀਤਾ ਹੈ ਤੇ ਵਕਤ ਆਉਣ ਤੇ ਸ਼ੋਰਟ ਫ਼ਿਲਮਾਂ ਵਿੱਚ ਕੈਰੀਅਰ ਅਜ਼ਮੰਜ ਦਾ ਫੈਸਲਾ ਲਿਆ ਹੈ।

### ਅਸ਼ਮੱਰਹ ਸਿੰਘ ਡੀ ਜੇ ਜੋਕੀ ਬਣੀ ਹਾਕਮ ਬਖਤੜੀਵਾਲਾ ਦੀ ਬੇਟੀ

ਅਸ਼ਮਰਿਆ ਸਿੰਘ ਨਾਮ ਚੰਨਪ੍ਰੀਤ ਦਾ ਫ਼ਿਲਮੀ ਨਾਮ ਹੈ ਤੇ ਉਹ ਲੋਕ



ਪ੍ਰਿਅ ਗੀਤਕਾਰ ਤੇ ਗਾਇਕ ਹਾਕਮ ਬਖਤੜੀਵਾਲਾ ਦੀ ਬੇਟੀ ਹੈ। ਇਹ ਕੁੜੀ ਟੀਵੀ ਸਟਾਰ ਵੀ ਰਹੀ ਹੈ ਤੇ ਸਬ ਟੀਵੀ ਤੇ "ਜੁਗਨੀ ਚਲੀ ਜਲੰਧਰ" ਨਾਲ ਸਟਾਰ ਬਣੀ ਸੀ। ਅਸ਼ਮਰਹ ਸਿੰਘ ਨੇ ਕੁੱਝ ਕੁ ਫ਼ਿਲਮਜ਼ ਵੀ ਕੀਤੀਆਂ ਤੇ ਸੁਰਿੰਦਰ ਵਾਲੀਆ ਨੇ ਉਸ ਨੂੰ ਨਾਇਕਾ ਲੈਣ ਬਾਅਦ "ਲੰਡਨ ਦੀ ਹੀਰ" ਫ਼ਿਲਮ ਸ਼ੁਰੂ ਕੀਤੀ ਸੀ। ਹੁਣ ਮਾਡਲਿੰਗ ਦੇ ਬਾਅਦ ਉਹ ਡਿਸਕੋ ਜਾਕੀ ਬਣੀ ਹੈ ਜਿਸ ਨੂੰ ਡੀ ਜੇ ਵੀ ਕਿਹਾ ਜਾਂਦਾ ਹੈ। ਇਸ ਨਾਲ ਓਹ ਰਾਜਸਥਾਨ, ਯੂ ਪੀ ਤੇ ਹੋਰ ਸ਼ਹਿਰਾਂ ਵਿੱਚ ਪ੍ਰੋ-ਗਰਾਮ ਕਰ ਰਹੀ ਹੈ। ਲੁਧਿਆਣੇ ਦੀ ਇਸ ਕੁੜੀ ਦੀ ਦੂਜੀ ਭੈਣ ਫ਼ਿਲਮਾਂ ਲਈ ਸਾਊਥ ਵਿੱਚ ਹੈ। ਹਾਕਮ ਬਖਤੜੀਵਾਲਾ ਅਸ਼ ਬਾਬਤ ਆਖਦੇ ਨੇ ਕਿ ਉਸ ਨੂੰ ਲੱਗਿਆ ਕਿ ਡੀ ਜੇ ਅੰਦਰ ਉਸ ਦਾ ਕੈਰੀਅਰ ਠੀਕ ਹੈ ਤਾਂ ਇਸ ਵਿੱਚ ਉਸ ਦਾ ਇਹ ਫੈਸਲਾ ਹੈ। ਹਾਕਮ ਬਖਤੜੀਵਾਲਾ ਬਾਬਤ ਐਸ਼ ਨੇ ਕਿਹਾ ਕਿ ਉਸ ਦੇ ਪਿਤਾ ਮਾਤਾ ਨੇ ਉਹਨਾਂ ਲਈ ਬਹੁਤ ਮਿਹਨਤ ਕੀਤੀ ਹੈ ਤੇ ਉਹ ਫ਼ਿਲਮਜ਼ ਦੇ ਨਾਲ ਡਿਸਕੋ ਜਾਕੀ ਬਣ ਕਿ ਡੀ ਜੇ ਵਿੱਚ ਕੈਰੀਅਰ ਚਲਾ ਕਿ ਖੁਸ਼ ਹੈ।

## ਐਕਸ਼ਨ ਨਿਰਦੇਸ਼ਕ ਨੂੰ ਖ਼ਤਰੇ ਦਾ ਖਿਡਾਰੀ ਫ਼ਿਲਮ ਖ਼ੇਤਰ ਵਿੱਚ ਬਣਨਾ ਪੈਂਦਾ ਹੈ ਐਕਸ਼ਨ ਨਿਰਦੇਸ਼ਕ ਸਤਵੰਤ ਬੱਲ

ਐਕਟਿੰਗ ਦੇ ਸ਼ੌਂਕ ਕੁਦਰਤੀ ਹੁੰਦੇ ਨੇ ਵਰਨਾ ਸਤਵੰਤ ਬੱਲ ਆਮ ਜੱਟ ਤੇ ਖੇਤੀ ਬਾੜੀ ਵਿੱਚ ਸਰਗਰਮ ਸੀ ਪਰ ਸ਼ੌਂਕ ਨੇ ਵਲਵਲੇ ਲਏ ਤੇ ਆਪਣੇ ਸਵਰਗੀ ਮਿੱਤਰ ਮਲਵਿੰਦਰ ਖਹਿਰਾ ਨਾਲ ਉਸ ਐਕਟਿੰਗ ਲਈ ਸੰਘਰਸ਼ ਕੀਤਾ। ਦੂਰਦਰਸ਼ਨ





ਜਲੰਧਰ ਤੇ ਸੀਰੀਅਲ ਮਿਲੇ। ਡਾਕਟਰ ਹਰਭਜਨ ਸਿੰਘ ਦੇ "ਸੋਇੰਕ" ਤੇ ਅਵਤਾਰ ਵਰਮਾ ਦੇ ਇਲਾਵਾ ਪ੍ਰਮੋਦ ਕਾਲੀਆ ਨਾਲ ਵੀ ਕੰਮ ਕਰਦੇ ਸਤਵੰਤ ਬੱਲ ਨੂੰ ਪੰਜਾਬੀ ਫ਼ਿਲਮਾਂ ਵਿੱਚ ਕੰਮ ਮਿਲਿਆ ਤਾਂ ਗੁੱਗੂ ਗਿੱਲ ਨਾਲ "ਪੁਰਜ਼ਾ ਪੁਰਜ਼ਾ ਕੱਟ ਮਰੈ" ਕੀਤੀ। ਫਿਰ ਬੱਲ ਇਸ ਖੇਤਰ ਨੂੰ ਸਮਰਪਿਤ ਹੁੰਦਾ ਸਟੰਟ ਕਰਨ ਲੱਗੇ ਤੇ ਬਲਜੀਤ ਦੀ ਫ਼ਿਲਮ "ਧੀ ਪੰਜਾਬ ਦੀ" ਨਾਲ ਉਹ ਐਕਸ਼ਨ ਨਿਰਦੇਸ਼ਕ ਬਣੇ।ਅੱਜ ਕਲ ਐਕਟਿੰਗ ਦੀ ਥਾਂ ਐਕਸ਼ਨ ਨਿਰਦੇਸ਼ਕ ਬਣ ਉਹ ਬਾਲੀਵੁੱਡ ਤੇ ਸਾਊਥ ਵੱਲ ਹਨ। "ਜੱਦੀ ਸਰਦਾਰ" ਫ਼ਿਲਮ ਦੇ ਐਕਸ਼ਨ ਉਸ ਕਰਵਾਏ ਤੇ ਦੱਸਿਆ ਕਿ ਪੰਜਾਬੀ ਮਾਹੌਲ ਅਨੁਸਾਰ ਉਹ ਐਕਸ਼ਨ ਸਿਰਜਦੇ ਹਨ ਤੇ ਕਈ ਵਾਰ ਐਕਸ਼ਨ ਕਰਦੇ ਉਹਨਾਂ ਦੇ ਸੱਟ ਤੇ ਫਾਇਟਰ ਨਾਲ ਹਾਦਸੇ ਵੀ ਹੁੰਦੇ ਹਨ। ਫ਼ਿਲਮ ਦਾ ਐਕਸ਼ਨ ਕਰਵਾਉਣਾ ਔਖਾ ਕੰਮ ਹੈ। "ਮਿੱਟੀ" ਫ਼ਿਲਮ ਲਈ ਵੀ ਐਕਸ਼ਨ ਹਨਾਂ ਦੇ ਰਹੇ ਤੇ "ਇਸ਼ਕ" ਫ਼ਿਲਮ ਦੀ ਮਾਰ ਧੜ੍ਹ ਨੇ ਬੱਲ ਨੂੰ ਚਰਚਿਤ ਐਕਸ਼ਨ ਮਾਸਟਰ ਦਾ ਦਰਜ਼ਾ ਦਿੱਤਾ। ਫ਼ਿਲਮ "ਜ਼ਿੰਦੜੀ" ਦੇ ਸਟੰਟ ਤੇ ਗੌਰ ਕਰੋ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਲਈ ਜ਼ਬਰਦਸਤ ਸਟੰਟ ਉਸ ਕਰਵਾਏ ਤੇ ਫ਼ਿਲਮ ਸੀ "ਦੁੱਲਾ ਵੈਲੀ" ਤੇ ਇਸ ਤਰਾਂ ਲੋਕ ਪ੍ਰਿਅ ਐਕਸ਼ਨ ਨਿਰਦੇਸ਼ਕ ਸਤਵੰਤ ਬੱਲ ਬਣ ਗਏ। ਹੁਣ ਉਹਨਾਂ ਸੁਖਪਾਲ ਸਿੱਧੂ ਦੀ ਫ਼ਿਲਮ ਲਈ ਐਕਸ਼ਨ ਕਰਵਾਏ ਨੇ ਤੇ "ਕਬੂਤਰਬਾਜ਼ " ਫ਼ਿਲਮ ਦੇ ਐਕਸ਼ਨ ਨਿਰਦੇਸ਼ਕ ਸਤਵੰਤ ਬੱਲ ਨੇ ਕਿਹਾ ਕਿ ਹੁਣ ਸਾਊਥ ਜਾਣ ਦੀ ਤਮੰਨਾ ਹੈ, ਪੰਜਾਬੀ ਵਿੱਚ ਐਕਸ਼ਨ ਫ਼ਿਲਮਜ਼ ਘੱਟ ਨੇ ਤੇ ਜਿੰਨਾ ਬਜਟ ਵਧੀਆ ਹੋਏਗਾ ਐਕਸ਼ਨ ਵੀ ਸਾਊਥ ਦੀ ਤਰਾਂ ਵਧੀਆ ਤੇ ਨਿਆਰੇ ਹੋਣਗੇ। ਐਕਸ਼ਨ ਨਿਰਦੇਸ਼ਕ ਕਲ ਨੂੰ ਐਕਸ਼ਨ ਫਿਲਮ ਦੇ ਨਿਰਦੇਸ਼ਕ ਵੀ ਬਣ ਜਾਂਦੇ ਹਨ। ਕਿਸੇ ਇਤਿਹਾਸਕ ਫ਼ਿਲਮ ਦੇ ਐਕਸ਼ਨ ਕਰਵਾ ਦੇਵਾਂ ਚਾਹਤ ਹੈ। ਟਾਂਗਰਾ ਜਿਲ੍ਹਾ ਅੰਮ੍ਰਿਤਸਰ ਉਹਨਾਂ ਦਾ ਪਿੰਡ ਛੱਜਲਵੱਡੀ ਹੈ। ਸਤਵੰਤ ਬੱਲ ਨੂੰ ਦੁੱਖ ਆਪਣੇ ਸਵਰਗੀ ਭਰਾ ਦਾ ਜਿਸ ਇਸ ਰਸਤੇ ਉਸ ਦਾ ਸਾਥ ਬਹੁਤ ਦਿੱਤਾ ਪਰ ਅੱਜ ਜਦ ਉਹ ਕਾਮਯਾਬ ਐਕਸ਼ਨ ਨਿਰਦੇਸ਼ਕ ਹਨ ਤਾਂ ਉਹ ਨਹੀਂ ਹਨ। ਸਤਵੰਤ ਬੱਲ ਨੇ ਕਿਹਾ ਕਿ ਖਾਹਿਸ਼ ਸਦਾ ਵਧਦੀ ਰਹਿੰਦੀ ਹੈ ਪਰ ਬਾਲੀਵੁੱਡ ਤੇ ਸਾਊਥ ਦੇ ਹ ਸਟਾਰ ਐਕਸ਼ਨ ਨਿਰਦੇਸ਼ਕ ਬਣਨ ਇਹ ਚਾਹਤ ਹੈ। ਐਕਸ਼ਨ ਨਿਰਦੇਸ਼ਕ ਖਤਰੇ ਨਾਲ ਖੇਡਦਾ ਹੈ ਤੇ ਐਕਸ਼ਨ ਨਿਰਦੇਸ਼ਕ ਨੂੰ ਕਈ ਵਾਰ ਖੁਦ ਹਾਦਸਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਪਰ ਬੱਲ ਦਾ ਇਹ ਵੀ ਕਹਿਣਾ ਹੈ ਕਿ ਜ਼ਿੰਦਗੀ ਹੀ ਕੀ ਜੇਕਰ ਖਤਰੇ ਨਹੀਂ। ਆਸ ਹੈ ਸਤਵੰਤ ਬੱਲ ਕਿਸੇ ਫ਼ਿਲਮ ਦੇ ਐਕਸ਼ਨ ਲਈ ਬੈਸਟ ਐਕਸ਼ਨ ਨਿਰਦੇਸ਼ਕ ਦਾ ਰਾਸ਼ਟਰਪਤੀ ਐਵਾਰਡ ਇੱਕ ਦਿਨ ਪ੍ਰਾਪਤ ਕਰਨਗੇ ।

**ਪੇਸ਼ਕਸ਼- ਅੰਮ੍ਰਿਤ ਪਵਾਰ**

## 'ਕੈਂਪ ਲਾਓ ਨਸ਼ੇ ਛੁਡਾਉਣ ਦੇ ਲਈ'

ਹੱਥ ਜੋੜ ਬੇਨਤੀ ਕੈਂਪ ਲਾਉਣ ਵਾਲਿਆਂ ਨੂੰ,
ਹੁਣ ਨਾਲ ਕੈਂਪ ਲਾਓ ਨਸ਼ੇ ਛੁਡਾਉਣ ਦੇ ਲਈ।

ਮਾਪਿਆਂ ਦੇ ਪੁੱਤ, ਧੀ ਦੀ ਜ਼ਿੰਦਗੀ ਲਈ,
ਸੁਹਾਗਣਾਂ ਦੇ ਸੁਹਾਗ ਬਚਾਉਣ ਦੇ ਲਈ।

ਗਾਲ ਦਿੱਤੀਆਂ ਜਵਾਨੀਆਂ ਘਰ ਬਾਰ ਨਾਲ਼ੇ,
ਨਸ਼ਿਆਂ ਦੇ ਦਰਿਆ ਨੂੰ ਠੱਲ ਪਾਉਣ ਦੇ ਲਈ।

'ਮੇਜਰ' ਦਿਉ ਇਧਰ ਵੀ ਧਿਆਨ ਸਾਰੇ,
ਲੋਕਾਂ ਨੂੰ ਨਸ਼ੇੜੀਆਂ ਤੋਂ ਰਾਹਤ ਦਿਵਾਉਣ ਦੇ ਲਈ।



**ਮੇਜਰ ਸਿੰਘ 'ਬੁਢਲਾਡਾ'**
94176 42327

## ਪੁਲਿਸ ਵੱਲੋਂ ਜ਼ਿਲ੍ਹੇ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਚਲਾਇਆ ਗਿਆ 'ਕਾਸੋ' ਅਪਰੇਸ਼ਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੀਨੀਅਰ ਕਪਤਾਨ ਪੁਲਿਸ, ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ, ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆ ਵਿਰੁੱਧ' ਮਿਸ਼ਨ ਤਹਿਤ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਮਿਸ਼ਨ ਤਹਿਤ ਨਸ਼ਾਂ ਤਸਕਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿਮ ਤਹਿਤ ਅੱਜ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਏ।ਡੀ।ਜੀ।ਪੀ ਟ੍ਰੈਫਿਕ ਪੰਜਾਬ ਏ।ਐਸ ਰਾਏ ਅਤੇ ਡੀ।ਆਈ।ਜੀ ਲੁਧਿਆਣਾ ਰੇਂਜ ਜਗਦਲੇ ਨਿਲੰਬਰੀ ਵਿਜੇ ਦੀ ਨਿਗਰਾਨੀ ਹੇਠ ਜਿਲ੍ਹੇ ਦੇ ਨਸ਼ਾ ਪ੍ਰਭਾਵਿਤ ਇਲਾਕੇ ਵਿਚ 'ਕਾਰਡਨ ਐਂਡ ਸਰਚ ਆਪਰੇਸ਼ਨ' (ਕਾਸੋ) ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਰਚ ਆਪਰੇਸ਼ਨ ਵਿਚ 1 ਐਸ।ਪੀ, 6 ਡੀ।ਐਸ।ਪੀਜ਼ ਸਮੇਤ 107 ਪੁਲਿਸ ਕਰਮਚਾਰੀਆਂ ਦੀਆਂ ਪੁਲਿਸ ਪਾਰਟੀਆਂ ਬਣਾ ਕੇ ਜ਼ਿਲ੍ਹੇ ਦੇ ਡਰੱਗ ਹਾਟ ਸਪੋਟ ਪਿੰਡਾਂ/ਵਾਰਡਾਂ ਵਿਚ ਘੇਰਾਬੰਦੀ ਕਰਕੇ ਸਰਚ ਕੀਤੀ ਗਈ ਅਤੇ ਵਿਸ਼ੇਸ਼ ਤੌਰ 'ਤੇ ਨਸ਼ਾ ਤਸਕਰੀ ਦੇ ਧੰਦੇ ਵਿਚ ਸ਼ਾਮਲ ਰਹੇ ਵਿਅਕਤੀਆਂ ਦੀ




ਚੈਕਿੰਗ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਸਰਚ ਆਪਰੇਸ਼ਨ ਦੌਰਾਨ 223 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਅਤੇ 7 ਮੁਕੱਦਮੇ ਦਰਜ ਕਰਕੇ 7 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 110 ਨਸ਼ੀਲੀਆਂ ਗੋਲੀਆਂ, 21 ਗ੍ਰਾਮ ਹੈਰੋਇਨ ਅਤੇ 12 ਬੋਤਲਾ ਸ਼ਰਾਬ ਬਰਾਮਦ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਆਪਰੇਸ਼ਨ ਦਾ ਮੁੱਖ ਉਦੇਸ਼ ਨਸ਼ਾ ਤਸਕਰਾਂ ਨੂੰ ਕਾਬੂ ਕਰਨਾ, ਨਸ਼ਾ ਵੇਚਣ ਵਾਲੇ ਵਿਅਕਤੀਆਂ ਤੇ ਦਬਾ ਬਣਾਈ ਰੱਖਣਾ, ਉਨ੍ਹਾਂ ਦੀਆਂ ਮੌਜੂਦਾ ਗਤੀਵਿਧੀਆਂ 'ਤੇ ਨਿਗਰਾਨੀ ਰੱਖਣਾ, ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨਾ, ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਬਾਰੇ ਪਤਾ ਲਗਾ ਕੇ ਉਨ੍ਹਾਂ ਦਾ ਮੁੜ ਵਸੇਬਾ ਕਰਨਾ ਅਤੇ ਆਮ ਪਬਲਿਕ ਵਿਚ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਸੀ। ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜਾਰੀ ਇਸ ਮੁਹਿੰਮ ਵਿਚ ਪੁਲਿਸ ਦਾ ਸਹਿਯੋਗ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮਾਰਚ ਮਹੀਨੇ ਦੌਰਾਨ ਜ਼ਿਲ੍ਹਾ ਪੁਲਿਸ ਵੱਲੋਂ 123 ਮੁਕੱਦਮੇ ਦਰਜ ਕਰਕੇ 141 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਤਰਸੇਮ ਬੱਧਣ

# ਸੰਦੀਪਾ ਧਰ ਨੇ ਬੋਟੌਕਸ ਟ੍ਰੈਂਡ 'ਤੇ ਆਪਣੀ ਨਾਰਾਜ਼ਗੀ ਕੀਤੀ ਜ਼ਾਹਰ, ਸੈਲੇਬ੍ਰਿਟੀਜ਼ 'ਤੇ ਭੜਕੀ

ਕਈ ਫਿਲਮਾਂ ਅਤੇ ਟੀਵੀ ਸ਼ੋਅ ਦਾ ਹਿੱਸਾ ਰਹਿ ਚੁੱਕੀ ਅਦਾਕਾਰਾ ਸੰਦੀਪਾ ਧਰ ਨੇ ਉਨ੍ਹਾਂ ਬਾਲੀਵੁੱਡ ਸਿਤਾਰਿਆਂ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ ਜੋ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਰਜਰੀ ਕਰਵਾਉਣ ਵਿੱਚ ਕੋਈ ਮੁਸ਼ਕਲ ਨਹੀਂ ਹੈ। ਉਸ ਨੇ ਬੋਟੌਕਸ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕਰਨ ਵਾਲੀਆਂ ਮਸ਼ਹੂਰ ਹਸਤੀਆਂ ਦੀ ਆਲੋਚਨਾ ਕੀਤੀ। ਉਸਨੇ ਵਧ ਰਹੇ ਰੁਝਾਨ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਮਸ਼ਹੂਰ ਹਸਤੀਆਂ ਇਸ ਲਈ ਆਪਣੀ ਜਾਨ ਜੋਖਮ ਵਿੱਚ ਪਾ ਰਹੀਆਂ ਹਨ। ਸੰਦੀਪਾ ਧਰ ਨੇ ਕਿਹਾ, ' ਇੱਕ ਔਰਤ ਹੋਣ ਦੇ ਨਾਤੇ, ਮੈਨੂੰ ਨਹੀਂ ਪਤਾ ਕਿਉਂ, ਪਰ ਤੁਹਾਨੂੰ ਲਗਾਤਾਰ ਦੱਸਿਆ ਜਾਂਦਾ ਹੈ ਕਿ ਇੱਕ ਅਭਿਨੇਤਰੀ ਦੀ ਇੱਕ ਸ਼ੈਲਫ ਲਾਈਫ ਹੁੰਦੀ ਹੈ। ਨਾਲ ਹੀ, ਇਹ ਇੱਕ ਅਜਿਹਾ ਦ੍ਰਿਸ਼ਟੀਗਤ ਮਾਧਿਅਮ ਹੈ ਕਿ



ਤੁਹਾਡੇ ਤੋਂ ਹਮੇਸ਼ਾ ਇੱਕ ਖਾਸ ਤਰੀਕੇ ਨਾਲ ਦਿਖਣ ਦੀ ਉਮੀਦ ਕੀਤੀ ਜਾਂਦੀ ਹੈ। ਜਿਵੇਂ-ਜਿਵੇਂ ਤੁਸੀਂ ਵੱਡੇ ਹੁੰਦੇ ਹੋ, ਤੁਹਾਨੂੰ ਆਪਣੇ ਚਿਹਰੇ 'ਤੇ ਝੁਰੜੀਆਂ ਦਿਖਾਈ ਦੇਣ ਲੱਗਦੀਆਂ ਹਨ, ਤੁਸੀਂ ਆਪਣੀ ਉਮਰ ਵਧਣ ਦਾ ਅੰਦਾਜ਼ਾ ਲਗਾਉਣਾ ਸ਼ੁਰੂ ਕਰ ਦਿੰਦੇ ਹੋ, ਜੋ ਕਿ ਅਸਲ ਵਿੱਚ ਇੱਕ ਬਹੁਤ ਹੀ ਸੁੰਦਰ ਚੀਜ਼ ਹੈ, ਪਰ ਕਿਸੇ ਤਰ੍ਹਾਂ ਇਹ ਇੰਡਸਟਰੀ ਤੁਹਾਨੂੰ ਇਹ ਮਹਿਸੂਸ ਕਰਵਾਉਂਦੀ ਹੈ ਕਿ ਇਹ ਇੱਕ ਗਲਤ ਚੀਜ਼ ਹੈ। ਸੰਦੀਪਾ ਧਰ ਨੇ ਅੱਗੇ ਕਿਹਾ, "ਜਿਵੇਂ-ਜਿਵੇਂ ਮੈਂ ਵੱਡੀ ਹੁੰਦੀ ਹਾਂ, ਮੈਨੂੰ ਅਹਿਸਾਸ ਹੁੰਦਾ ਹੈ ਕਿ ਮੇਰੇ ਚਿਹਰੇ ਦੀ ਹਰ ਲਕੀਰ ਇੱਕ ਕਹਾਣੀ ਦੱਸਦੀ ਹੈ, ਜੋ ਮੇਰੇ ਕਿਰਦਾਰ ਨੂੰ ਹੋਰ ਨਿਖਾਰ ਦੇਵੇਗੀ। ਮੈਨੂੰ 21 ਸਾਲ ਦੀ ਕੁੜੀ ਵਾਂਗ ਦਿਖਣ ਲਈ ਟੀਕੇ ਅਤੇ ਸਰਜਰੀ ਦੀ ਲੋੜ ਨਹੀਂ ਹੈ।

# ਮੈਨੂੰ ਆਪਣੀ ਪਹਿਲੀ ਫਿਲਮ ਸਿਰਫ ਆਪਣੇ ਉਪਨਾਮ ਕਾਰਨ ਮਿਲੀ - ਪ੍ਰਿਥਵੀਰਾਜ ਸੁਕੁਮਾਰਨ

ਪ੍ਰਿਥਵੀਰਾਜ ਸੁਕੁਮਾਰਨ ਅੱਜ ਮਲਿਆਲਮ ਸਿਨੇਮਾ ਦੇ ਸਭ ਤੋਂ ਵੱਡੇ ਨਾਵਾਂ ਵਿੱਚੋਂ ਇੱਕ ਹੈ। ਅਦਾਕਾਰ ਅਤੇ ਫਿਲਮ ਨਿਰਮਾਤਾ ਨੇ ਮਲਿਆਲਮ ਵਿੱਚ ਬਲਾਕਬ-ਸਟਰ ਫ਼ਿਲਮਾਂ ਦਿੱਤੀਆਂ ਹਨ ਅਤੇ ਪੂਰੇ ਭਾਰਤ ਵਿੱਚ ਆਪਣੀ ਪਛਾਣ ਬਣਾਈ ਹੈ। ਪ੍ਰਿਥਵੀਰਾਜ 70 ਅਤੇ 80 ਦੇ ਦਹਾਕੇ ਵਿੱਚ ਮਲਿਆਲਮ ਸਿਨੇਮਾ ਦੇ ਸਭ ਤੋਂ ਮਸ਼ਹੂਰ ਸਿਤਾਰਿਆਂ ਵਿੱਚੋਂ ਇੱਕ, ਸਵਰਗੀ ਸੁਕੁਮਾਰਨ ਦੇ ਪੁੱਤਰ ਹਨ। ਭਾਵੇਂ ਸੁਪਰਸਟਾਰ ਦਾ ਦੇਹਾਂਤ 1997 ਵਿੱਚ ਹੋਇਆ ਸੀ, ਪਰ ਪ੍ਰਿਥਵੀਰਾਜ ਨੂੰ ਆਪਣਾ ਅਦਾਕਾਰੀ ਕਰੀਅਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਬਹੁਤ ਮਦਦ ਮਿਲੀ ਅਤੇ ਇਹ ਸਭ ਉਸਦੇ ਪਿਤਾ ਦੇ ਕਾਰਨ ਸੀ।



ਅਦਾਕਾਰ ਦਾ ਕਹਿਣਾ ਹੈ ਕਿ ਮੈਨੂੰ ਆਪਣੀ ਪਹਿਲੀ ਫਿਲਮ ਸਿਰਫ ਮੇਰੇ ਉਪਨਾਮ ਕਾਰਨ ਮਿਲੀ।' ਮੈਂ ਇੱਕ ਪੂਰੀ ਤਰ੍ਹਾਂ ਨੇਪੋ ਉਤਪਾਦ ਹਾਂ। 'ਐਲ 2: ਐਮਪੁਰਾਣ'' ਨੂੰ ਇਸ ਦੇ ਪੈਮਾਨੇ ਅਤੇ ਬਜਟ ਦੇ ਮਾਮਲੇ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਮਲਿਆਲਮ ਫਿਲਮ ਕਿਹਾ ਜਾ ਰਿਹਾ ਹੈ। ਜਦੋਂ ਐਡਵਾਂਸ ਬੁਕਿੰਗ ਸ਼ੁਰੂ ਹੋਈ ਤਾਂ ਫਿਲਮ ਨੇ ਬਾਕਸ ਆਫਿਸ 'ਤੇ ਸ਼ਾਨਦਾਰ ਸ਼ੁਰੂਆਤ ਕੀਤੀ।

# ਨੈਟਫਲਿਕਸ ਨਾਲ 11 ਮਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਦੇ ਦੋਸ਼ ਹੇਠ ਹਾਲੀਵੁੱਡ ਨਿਰਦੇਸ਼ਕ ਗ੍ਰਿਫਤਾਰ

ਇੱਕ ਹਾਲੀਵੁੱਡ ਲੇਖਕ-ਨਿਰਦੇਸ਼ਕ ਨੂੰ ਇਕ ਅਜਿਹੇ ਸਾਇੰਸ-ਫਾਈ ਸ਼ੋਅ ਲਈ ਨੈਟਫਲਿਕਸ ਤੋਂ 11 ਮਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ, ਜੋ ਕਦੇ ਪ੍ਰਸਾਰਿਤ ਨਹੀਂ ਹੋਇਆ। ਕਾਰਲ ਏਰਿਕ ਰਿੰਸ਼ ਜਿਸ ਨੂੰ ਫਿਲਮ '47 ਰੋਨਿਨ' ਦੇ ਨਿਰਦੇਸ਼ਨ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ, 'ਤੇ ਵਾਇਰ ਧੋਖਾਧੜੀ ਅਤੇ ਮਨੀ ਲਾਂਡਰਿੰਗ ਦਾ ਦੋਸ਼ ਲਗਾਇਆ ਗਿਆ ਹੈ।ਸੰਘੀ ਵਕੀਲਾਂ ਦਾ ਦੋਸ਼ ਹੈ ਕਿ ਇਹ ਸਟ੍ਰੀਮਿੰਗ ਦਿੱਗਜ ਨੂੰ ਧੋਖਾ ਦੇਣ ਦੀ ਇੱਕ ਯੋਜਨਾ ਸੀ। ਸਰਕਾਰੀ ਵਕੀਲਾਂ ਦੇ ਅਨੁਸਾਰ ਰਿੰਸ਼ ਨੇ ਨਿੱਜੀ ਖਰਚਿਆਂ ਅਤੇ ਲਗਜ਼ਰੀ ਚੀਜ਼ਾਂ 'ਤੇ ਲਗਭਗ 10 ਮਿਲੀਅਨ ਡਾਲਰ ਖਰਚ ਕੀਤੇ।



47 ਸਾਲਾ ਰਿੰਸ਼ ਨੂੰ ਕੈਲੀਫੋਰਨੀਆ ਦੇ ਵੈਸਟ ਹਾਲੀਵੁੱਡ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮੰਗਲਵਾਰ ਨੂੰ ਉਸਦੀ ਸ਼ੁਰੂਆਤੀ ਅਦਾਲਤੀ ਸੁਣਵਾਈ ਹੋਈ।ਅਮਰੀਕੀ ਮੈਜਿਸਟ੍ਰੇਟ ਜੱਜ ਪੇਡਰੋ ਵੀ ਕੈਸਟੀਲੋ ਨੇ ਮੰਗਲਵਾਰ ਨੂੰ ਬਾਅਦ ਵਿੱਚ ਉਸਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਜਦੋਂ ਉਹ 100,000 ਅਮਰੀਕੀ ਡਾਲਰ ਦਾ ਬੌਂਡ ਜਮ੍ਹਾ ਕਰਨ ਅਤੇ ਨਿਊਯਾਰਕ ਅਦਾਲਤ ਵਿਚ ਪੇਸ਼ ਹੋਣ ਲਈ ਸਹਿਮਤ ਹੋ ਗਿਆ। ਨੈਟਫਲਿਕਸ ਨੇ ਇਸ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# 'ਕਿੱਕ' ਫਿਲਮ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ - ਜੈਕਲੀਨ ਫਰਨਾਂਡੀਜ਼




ਅਦਾਕਾਰਾ ਜੈਕਲੀਨ ਫਰਨਾਂਡੀਜ਼ ਦਾ ਕਹਿਣਾ ਹੈ ਕਿ ਉਹ 2014 ਦੀ ਬਲਾਕਬਸਟਰ ਫਿਲਮ "ਕਿੱਕ" ਦੀ ਦੂਜੀ ਕਿਸ਼ਤ ਦਾ ਹਿੱਸਾ ਬਣਨ ਦੀ ਉਮੀਦ ਕਰਦੀ ਹੈ, ਇੱਕ ਅਜਿਹੀ ਫਿਲਮ ਜਿਸ ਨੇ ਉਸਦੀ ਜ਼ਿੰਦਗੀ ਬਦਲ ਦਿੱਤੀ। ਸਲਮਾਨ ਅਤੇ ਫਿਲਮ ਨਿਰਮਾਤਾ ਸਾਜਿਦ ਨਾਡੀ-ਆਡਵਾਲਾ, ਜਿਨ੍ਹਾਂ ਨੇ ਫਿਲਮ ਦਾ ਨਿਰਦੇਸ਼ਨ ਕੀਤਾ ਸੀ, ਨੇ ਪਿਛਲੇ ਸਾਲ ਅਧਿਕਾਰਤ ਤੌਰ 'ਤੇ ਇਸਦੇ ਸੀਕਵਲ ਦਾ ਐਲਾਨ ਕੀਤਾ ਸੀ। "ਕਿੱਕ" 2014 ਦੀਆਂ ਸਭ ਤੋਂ ਵੱਡੀਆਂ ਬਲਾਕਬਸਟਰ ਫਿਲਮਾਂ ਵਿੱਚੋਂ ਇੱਕ ਸੀ। ਇਹ ਖਾਨ ਦੀ 200 ਕਰੋੜ ਰੁਪਏ ਦੇ ਕਲੱਬ ਵਿੱਚ ਦਾਖਲ ਹੋਣ ਵਾਲੀ ਪਹਿਲੀ ਫਿਲਮ ਵੀ ਸੀ। "ਮਰਡਰ 2", "ਰੇਸ 2", ਅਤੇ "ਡਿਸ਼ੂਮ" ਵਰਗੀਆਂ ਫਿਲਮਾਂ ਲਈ ਜਾਣੀ ਜਾਂਦੀ ਫਰਨਾਂਡੀਜ਼ ਨੇ 2025 ਲਈ ਆਪਣਾ ਉਤਸ਼ਾਹ ਸਾਂਝਾ ਕੀਤਾ ਕਿਉਂਕਿ ਉਸਦੀਆਂ ਕਈ ਰਿਲੀਜ਼ਾਂ ਹਨ। ਉਹ "ਵੈਲਕਮ" ਅਤੇ "ਹਾਊਸਫੁੱਲ" ਫ੍ਰੈਂਚਾਇਜ਼ੀ ਦੀਆਂ ਆਉਣ ਵਾਲੀਆਂ ਕਿਸ਼ਤਾਂ ਵਿੱਚ ਦਿਖਾਈ ਦੇਵੇਗੀ।

"ਇਹ ਮੇਰੇ ਲਈ ਇੱਕ ਦਿਲਚਸਪ ਸਾਲ ਹੈ ਕਿਉਂਕਿ ਬਹੁਤ ਸਾਰੀਆਂ ਰਿਲੀਜ਼ਾਂ ਹੋਣਗੀਆਂ ਅਤੇ 'ਹਾਊਸਫੁੱਲ' 'ਤੇ ਵਾਪਸ ਆਉਣਾ ਬਹੁਤ ਦਿਲਚਸਪ ਹੈ। ਅਸੀਂ ਇਸ ਸਮੇਂ 'ਹਾਊਸਫੁੱਲ 5' 'ਤੇ ਹਾਂ, ਇਸ ਲਈ ਉਸ ਸ਼ਾਨਦਾਰ ਕਲਾਕਾਰਾਂ ਨਾਲ ਮਿਲ ਕੇ ਕੰਮ ਕਰਨਾ ਹਮੇਸ਼ਾ ਬਹੁਤ ਮਜ਼ੇਦਾਰ ਹੁੰਦਾ ਹੈ। "ਹਾਊਸਫੁੱਲ 5" ਵਿੱਚ ਅਕਸ਼ੈ ਕੁਮਾਰ, ਰਿਤੇਸ਼ ਦੇਸ਼ਮੁਖ, ਅਭਿਸ਼ੇਕ ਬੱਚਨ, ਫਰਦੀਨ ਖਾਨ, ਸੋਨਮ ਬਾਜਵਾ, ਨਰਗਿਸ ਫਾਖਰੀ, ਸੰਜੇ ਦੱਤ, ਜੈਕੀ ਸ਼ਰਾਫ, ਨਾਨਾ ਪਾਟੇਕਰ, ਚੰਕੀ ਪਾਂਡੇ, ਜੌਨੀ ਲੀਵਰ, ਸ਼੍ਰੇਅਸ ਤਲਪੜੇ, ਡੀਨੋ ਮੋਰੀਆ, ਚਿਤਰਾਂਗਦਾ ਸਿੰਘ, ਰਣਜੀਤ, ਸੌਂਦਰਿਆ ਸ਼ਰਮਾ ਅਤੇ ਨਿਕਿਤਿਨ ਧੀਰ ਵੀ ਹਨ।

# 'ਦਿ ਫੈਮਿਲੀ ਮੈਨ ਸੀਜ਼ਨ 3' ਜਲਦ ਹੋਵੇਗਾ ਰਿਲੀਜ਼

ਮਨੋਜ ਬਾਜਪਾਈ ਦੀ ਵੈੱਬ ਸੀਰੀਜ਼ 'ਦਿ ਫੈਮਿਲੀ ਮੈਨ ਸੀਜ਼ਨ 3' ਦੀ ਲੰਬੇ ਸਮੇ ਤੋਂ ਉਡੀਕ ਹੋ ਰਹੀ ਹੈ । ਰਾਜ ਅਤੇ ਡੀਕੇ ਦੀ ਇਸ ਜਾਸੂਸੀ-ਐਕਸ਼ਨ-ਥ੍ਰਿਲਰ ਦਾ ਸੀਜ਼ਨ 2 ਸਾਲ 2021



ਵਿੱਚ ਰਿਲੀਜ਼ ਹੋਇਆ ਸੀ। ਜਦੋਂ ਕਿ ਪਹਿਲਾ ਸੀਜ਼ਨ 2019 ਵਿੱਚ ਸੀ। 'ਦਿ ਫੈਮਿਲੀ ਮੈਨ' ਉਨ੍ਹਾਂ ਚੋਣਵੀਆਂ ਵੈੱਬ ਸੀਰੀਜ਼ਾਂ ਵਿੱਚੋਂ ਇੱਕ ਹੈ ਜਿਸ ਦੇ ਦੋਵੇਂ ਸੀਜ਼ਨ ਸੁਪਰਹਿੱਟ ਰਹੇ ਹਨ। ਸੀਜ਼ਨ 2 ਦੇ ਅੰਤ ਵਿੱਚ, ਇਹ ਦਿਖਾਇਆ ਗਿਆ ਸੀ ਕਿ ਸ਼੍ਰੀਕਾਂਤ ਤਿਵਾੜੀ ਇਸ ਵਾਰ ਸਭ ਤੋਂ ਵੱਡੇ ਮਿਸ਼ਨ 'ਤੇ ਨਿਕਲਣ ਜਾ ਰਹੇ ਹਨ। ਪਰ ਚਾਰ ਸਾਲ ਬਾਅਦ ਵੀ, ਨਿਰਮਾਤਾਵਾਂ ਨੇ ਇਸਦੀ ਰਿਲੀਜ਼ ਮਿਤੀ 'ਤੇ ਚੁੱਪੀ ਬਣਾਈ ਰੱਖੀ ਹੈ। ਪਰ ਹੁਣ ਖ਼ਬਰ ਹੈ ਕਿ 'ਦਿ ਫੈਮਿਲੀ ਮੈਨ 3' ਇਸ ਗਰਮੀਆਂ ਵਿੱਚ ਤਾਪਮਾਨ ਵਧਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਦੀ ਇੱਕ ਰਿਪੋਰਟ ਦੇ ਅਨੁਸਾਰ, 'ਦਿ ਫੈਮਿਲੀ ਮੈਨ ਸੀਜ਼ਨ 3' ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ 2025) ਤੋਂ ਬਾਅਦ ਟੀਟੀ ਪਲੇਟਫਾਰਮ 'ਐਮਾਜ਼ਾਨ ਪ੍ਰਾਈਮ ਵੀਡੀ ' 'ਤੇ ਰਿਲੀਜ਼ ਹੋ ਸਕਦਾ ਹੈ। ਆਈਪੀਐਲ 2025 ਦੇ ਮੈਚ 22 ਮਾਰਚ ਤੋਂ ਸ਼ੁਰੂ ਹੋ ਰਹੇ ਹਨ, ਜਦੋਂ ਕਿ ਫਾਈਨਲ 25 ਮਈ, 2025 ਨੂੰ ਖੇਡਿਆ ਜਾਵੇਗਾ।

# ਯੂ.ਕੇ. ਸਰਕਾਰ ਨੇ ਦਿੱਤਾ ਸੁਪਰਸਟਾਰ ਚਿਰੰਜੀਵੀ ਨੂੰ 'ਲਾਈਫਟਾਈਮ ਅਚੀਵਮੈਂਟ ਐਵਾਰਡ'



ਤੇਲਗੂ ਸਿਨੇਮਾ ਦੇ ਸੁਪਰਸਟਾਰ ਚਿਰੰਜੀਵੀ ਨੂੰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਸਿਨੇਮਾ ਵਿੱਚ ਉਸ ਦੇ ਸ਼ਾਨਦਾਰ ਕੰਮ ਲਈ ਅਕਸਰ ਉਸਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਇਸ ਅਦਾਕਾਰ ਨੂੰ ਸਰਕਾਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਹੈ, ਪਰ ਹੁਣ ਉਸਦੀਆਂ ਪ੍ਰਾਪਤੀਆਂ ਵਿੱਚ ਇੱਕ ਨਵਾਂ ਪੁਰਸਕਾਰ ਜੁੜ ਗਿਆ ਹੈ। ਇਹ ਮੈਗਾਸਟਾਰ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਪਹਿਲਾ ਭਾਰਤੀ ਸੇਲਿਬ੍ਰਿਟੀ ਬਣ ਗਿਆ ਹੈ।ਅਦਾਕਾਰ ਚਿਰੰਜੀਵੀ ਨੂੰ 19 ਮਾਰਚ 2025 ਨੂੰ ਸਿਨੇਮਾ ਅਤੇ ਸਮਾਜ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਇਹ ਪੁਰਸਕਾਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਸੰਸਦ ਵਿੱਚ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਸਦਾ ਪੁਰਸਕਾਰ ਸਿਨੇਮਾ ਅਤੇ ਭਾਰਤ ਲਈ ਮਾਣ ਕਰਨ ਦਾ ਇੱਕ ਮਹੱਤਵਪੂਰਨ ਕਾਰਨ ਹੈ। ਇਹ ਪੁਰਸਕਾਰ 'ਬ੍ਰਿਜ ਇੰਡੀਆ' ਨਾਮਕ ਥਿੰਕ ਟੈਂਕ ਦੁਆਰਾ ਆਯੋਜਿਤ ਕੀਤਾ ਗਿਆ ਸੀ। ਚਿਰੰਜੀਵੀ ਨੂੰ ਇਹ ਪੁਰਸਕਾਰ ਸਿਨੇਮਾ, ਲੋਕ ਸੇਵਾ ਅਤੇ ਪਰਉਪਕਾਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਦਿੱਤਾ ਗਿਆ।ਯੂਕੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਨਵੇਂਦੂ ਮਿਸ਼ਰਾ, ਸੰਸਦ ਮੈਂਬਰ ਸੋਜਨ ਜੋਸਫ਼ ਅਤੇ ਬੌਬ ਬਲੈਕਮੈਨ ਇਸ ਸਨਮਾਨ ਸਮਾਰੋਹ ਵਿੱਚ ਮੌਜੂਦ ਸਨ। ਇਸ ਖਾਸ ਪ੍ਰਾਪਤੀ ਤੋਂ ਬਾਅਦ, ਚਿਰੰਜੀਵੀ ਦੇ ਪ੍ਰਸ਼ੰਸਕ ਸੋਸ਼ਲ ਮੀਡੀਆ 'ਤੇ ਪੁਰਸਕਾਰ ਸਮਾਰੋਹ ਦੀਆਂ ਫੋਟੋਆਂ ਅਤੇ ਵੀਡੀ ਜ਼ ਸਾਂਝੀਆਂ ਕਰ ਰਹੇ ਹਨ।ਪਿਛਲੇ ਸਾਲ, ਚਿਰੰਜੀਵੀ ਨੂੰ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਸੇ ਸਾਲ, ਅਭਿਨੇਤਾ ਨੂੰ 537 ਗਾਣਿਆਂ ਅਤੇ 156 ਫਿਲਮਾਂ ਵਿੱਚ 24,000 ਤੋਂ ਵੱਧ ਡਾਂਸ ਸਟੈਪਸ ਦੇ ਨਾਲ ਸਭ ਤੋਂ ਸਫਲ ਅਦਾਕਾਰ-ਡਾਂਸਰ ਵਜੋਂ ਗਿਨੀਜ਼ ਵਰਲਡ ਰਿਕਾਰਡ ਵਿੱਚ ਨਾਮ ਦਿੱਤਾ ਗਿਆ ਸੀ। ਉਸਨੂੰ 2024 ਵਿੱਚ ਏਐਨਆਰ ਸ਼ਤਾਬਦੀ ਸਾਲ ਵਿੱਚ ਅੱਕੀਨੇਨੀ ਇੰਟਰਨੈਸ਼ਨਲ ਫਾਊਂਡੇਸ਼ਨ ਦੁਆਰਾ ਏਐਨਆਰ ਰਾਸ਼ਟਰੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

# ਧਨਸ਼੍ਰੀ ਨਾਲ ਵਿਆਹ ਚਹਿਲ ਨੂੰ ਪਿਆ ਮਹਿੰਗਾ, ਵੱਖ ਹੋਣ ਤੋਂ ਬਾਅਦ ਹਰ ਦਿਨ ਦੇ ਦੇਣੇ ਪੈਣਗੇ ਇੰਨੇ ਹਜ਼ਾਰ ਰੁਪਏ?

ਯੁਜਵੇਂਦਰ ਚਹਿਲ ਅਤੇ ਧਨਸ਼੍ਰੀ ਵਰਮਾ ਅਧਿਕਾਰਤ ਤੌਰ 'ਤੇ 20 ਮਾਰਚ 2025 ਨੂੰ ਇੱਕ ਦੂਜੇ ਤੋਂ ਵੱਖ ਹੋ ਗਏ ਸਨ। ਚਾਹਲ ਨੂੰ ਯਕਮੁਸ਼ਤ ਨਿਪਟਾਰੇ ਵਜੋਂ 4.75 ਕਰੋੜ



ਰੁਪਏ ਦਾ ਗੁਜਾਰਾ ਭੱਤਾ ਦੇਣਾ ਪਿਆ। ਦੋਵਾਂ ਨੇ 2020 ਵਿੱਚ ਵਿਆਹ ਕੀਤਾ ਸੀ ਅਤੇ 2022 ਵਿੱਚ ਵੱਖ ਹੋਣ ਦਾ ਫੈਸਲਾ ਕੀਤਾ ਸੀ। ਭਾਰਤੀ ਸਪਿਨਰ ਯੁਜਵੇਂਦਰ ਚਾਹਲ ਦਾ ਵਿਆਹ ਆਖਿਰਕਾਰ ਟੁੱਟ ਗਿਆ। ਪਿਛਲੇ ਕਈ ਮਹੀਨਿਆਂ ਤੋਂ ਧਨਸ਼੍ਰੀ ਵਰਮਾ ਨਾਲ ਉਨ੍ਹਾਂ ਦੇ ਵੱਖ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਸਨ। 20 ਮਾਰਚ ਨੂੰ ਉਨ੍ਹਾਂ ਦੇ ਤਲਾਕ ਦੀ ਖਬਰ ਸਾਹਮਣੇ ਆਈ ਸੀ, ਜਾਣਕਾਰੀ ਮੁਤਾਬਕ ਚਹਿਲ ਨੇ ਤਲਾਕ ਦੇ ਬਦਲੇ ਧਨਸ਼੍ਰੀ ਨੂੰ 4.75 ਕਰੋੜ ਰੁਪਏ ਦਿੱਤੇ ਹਨ। ਯੁਜਵੇਂਦਰ ਚਾਹਲ ਨੇ 22 ਦਸੰਬਰ 2020 ਨੂੰ ਧਨਸ਼੍ਰੀ ਵਰਮਾ ਨਾਲ ਵਿਆਹ ਕੀਤਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਦੋਹਾਂ ਨੇ ਜੂਨ 2022 'ਚ ਵੱਖ ਹੋਣ ਦਾ ਫੈਸਲਾ ਕੀਤਾ ਸੀ। ਹੁਣ ਮਾਰਚ 2025 ਵਿੱਚ ਉਨ੍ਹਾਂ ਦੇ ਪੂਰੀ ਤਰ੍ਹਾਂ ਵੱਖ ਹੋਣ ਦੀ ਖ਼ਬਰ ਆਈ ਹੈ। ਚਾਹਲ ਤੋਂ ਪਹਿਲਾਂ ਤਲਾਕ ਲਈ 60 ਕਰੋੜ ਰੁਪਏ ਦੀ ਭੱਤਾ ਲੈਣ ਦੀ ਖਬਰ ਸਾਹਮਣੇ ਆਈ ਸੀ ਪਰ ਧਨਸ਼੍ਰੀ ਇੰਸਟਾਗ੍ਰਾਮ 'ਤੇ ਇਹ ਗਲਤ ਨਿਕਲੀ।20 ਮਾਰਚ ਨੂੰ ਯੁਜਵੇਂਦਰ ਚਾਹਲ ਅਤੇ ਧਨਸ਼੍ਰੀ ਵਰਮਾ ਮੁੰਬਈ ਦੇ ਬਾਂਦਰਾ ਫੈਮਿਲੀ ਕੋਰਟ ਪਹੁੰਚੇ। ਦੋਵਾਂ ਵਿਚਾਲੇ ਚੱਲ ਰਹੀ ਤਲਾਕ ਦੀ ਸੁਣਵਾਈ 'ਤੇ ਇਸ ਦਿਨ ਫੈਸਲਾ ਹੋਣਾ ਸੀ। ਇਸ ਤਲਾਕ 'ਤੇ ਅਦਾਲਤ ਨੇ 4.75 ਕਰੋੜ ਰੁਪਏ ਦਾ ਗੁਜਾਰਾ ਮਨਜ਼ੂਰ ਕੀਤਾ। ਅਦਾਲਤ ਦਾ ਫੈਸਲਾ ਆਉਣ ਤੋਂ ਬਾਅਦ ਦੋਵੇਂ ਅਧਿਕਾਰਤ ਤੌਰ 'ਤੇ ਵੱਖ ਹੋ ਗਏ। ਸਾਲ 2020 ਵਿੱਚ, ਕੋਵਿਡ-19 ਦੇ ਦੌਰ ਦੌਰਾਨ ਯੁਜਵੇਂਦਰ ਚਾਹਲ ਨੇ ਡਾਂਸ ਸਿੱਖਣ ਲਈ ਆਨਲਾਈਨ ਡਾਂਸ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਡਾਂਸ ਟੀਚਰ ਧਨਸ਼੍ਰੀ ਵਰਮਾ ਨਾਲ ਹੋਈ। ਦੋਹਾਂ ਵਿਚਕਾਰ ਦੋਸਤੀ ਹੋਈ ਅਤੇ ਫਿਰ ਇਹ ਰਿਸ਼ਤਾ ਪਿਆਰ ਤੱਕ ਪਹੁੰਚ ਗਿਆ। ਚਾਹਲ ਨੇ ਦਸੰਬਰ 2020 ਵਿੱਚ ਧਨਸ਼੍ਰੀ ਨਾਲ ਵਿਆਹ ਕੀਤਾ ਸੀ। ਹੁਣ ਦੋਵੇਂ ਮਹਿਜ਼ 5 ਸਾਲ ਬਾਅਦ ਵੱਖ ਹੋ ਗਏ ਹਨ।